# ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 7 | Issue 37 | 12 September 2018 to 18 September 2018 | Ph.: (510) 240-5949 | For Advt.: (510) 677-2777 | Fax: (888) 323-6950 | Email: info@amritsartimes.com, asrtimes@gmail.com





03 ■ ਭਾਈਚਾਰਾ
ਸ਼ਹੀਦ ਭਾਈ ਜਸਵੰਤ ਸਿੰਘ ਖਾਲੜਾ ਤੇ ਸਹੀਦ ਭਾਈ ਦਿਲਾਵਰ ਸਿੰਘ ਦੀ ਯਾਦ ਨੂੰ ਸਮਰਪਿਤ ਸ਼ਹੀਦੀ ਸ਼ਮਾਗਮ





09 ■ ਖ਼ਬਰਸਾਰ
ਸ਼ਿਕਾਗੋ ਵਿਸ਼ਵ ਹਿੰਦੂ ਕਾਂਗਰਸ ਖਿਲਾਫ਼ ਜ਼ਬਰਦਸਤ ਰੋਸ-ਮੁਜ਼ਾਹਰੇ





11 ■ ਵਿਸ਼ੇਸ਼ ਰਿਪੋਰਟ
ਨਰਿੰਦਰ ਮੋਦੀ ਦੀਆਂ ਆਰਥਿਕ ਨੀਤੀਆਂ ਠੁੱਸ


# ਪੰਜਾਬ ਦੀ ਰਾਜਨੀਤੀ ਦਾ ਮਿਜਾਜ਼ ਗਰਮ ਪਰ ਸਰਕਾਰ ਦਾ ਕਰਮ ਠੰਡਾ

- ਅਕਾਲੀ ਦਲ (ਬਾਦਲ) ਦਾ ਸਿਆਸੀ ਸੰਕਟ ਗਹਿਰਾਇਆ
- ਬਾਦਲਾਂ ਵਿਰੁੱਧ ਕਾਰਵਾਈ ਦੇ ਸਵਾਲ 'ਤੇ ਵੰਡੀ ਗਈ ਕਾਂਗਰਸ
- ਵਾਅਦਿਆਂ ਤੇ ਦਾਅਵਿਆਂ ਦੀ ਨਾਕਾਮੀ ਵਿਚ ਘਿਰੀ ਸਰਕਾਰ
- ਪੰਥਕ ਜਥੇਬੰਦੀਆਂ ਵਲੋਂ ਪ੍ਰਦਰਸ਼ਨ ਜਾਰੀ
- 'ਆਪ' ਨੂੰ ਖਹਿਰਾ ਧੜੇ ਨੇ 'ਵਾਹਣੀ ਪਾਇਆ'



**ਚੰਡੀਗੜ੍ਹ/ਬਿਊਰੋ ਨਿਊਜ਼ :**
ਪੰਜਾਬ ਦੀ ਸਿਆਸਤ ਅਜਮਾਇਸ਼ੀ ਦੌਰ ਵਿਚੋਂ ਲੰਘ ਰਹੀ ਹੈ। ਸ਼੍ਰੋਮਣੀ ਅਕਾਲੀ ਦਲ (ਬਾਦਲ) ਬੇਅਦਬੀ ਦੇ ਦੋਸ਼ਾਂ ਅਤੇ ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀ ਰਿਪੋਰਟ ਕਾਰਨ ਬੁਰੀ ਤਰ੍ਹਾਂ ਘਿਰ ਗਿਆ ਹੈ। ਕਾਂਗਰਸ ਅਤੇ ਆਮ ਆਦਮੀ ਪਾਰਟੀ ਵੀ ਆਪਣੇ ਅੰਦਰੂਨੀ ਸੰਕਟ ਵਿਚ ਉਲਝੀ ਹੋਈ ਦਿਖਾਈ ਦੇ ਰਹੀ ਹੈ। ਸਭ ਤੋਂ ਵੱਡੇ ਸੰਕਟ ਵਿਚ ਸ਼੍ਰੋਮਣੀ ਅਕਾਲੀ ਦਲ ਹੈ, ਜਿਸ ਨੂੰ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਦੋਸ਼ਾਂ ਕਾਰਨ ਆਪਣੇ ਹੀ ਭਾਈਚਾਰੇ ਦੇ ਵਿਰੋਧ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ, ਕਿਸਾਨਾਂ-ਮਜ਼ਦੂਰਾਂ ਦੀਆਂ ਖ਼ੁਦਕੁਸ਼ੀਆਂ, ਨਸ਼ਾ, ਵਧ ਰਹੀ ਬੇਰੁਜ਼ਗਾਰੀ, ਡਰੱਗ ਮਾਫ਼ੀਆ ਤੇ ਪੰਜਾਬ ਦੀ ਨੌਜਵਾਨ ਪੀੜ੍ਹੀ ਦਾ ਪੰਜਾਬ ਵਿਚ ਰੁਜ਼ਗਾਰ ਨਾ ਮਿਲਣ ਕਾਰਨ ਵਿਦੇਸ਼ਾਂ ਵੱਲ ਪ੍ਰਵਾਸ ਇਸ ਸਮੇਂ ਰਾਜ ਲਈ ਗੰਭੀਰ ਸੰਕਟ ਬਣੇ ਹੋਏ ਹਨ। ਲੱਗਭੱਗ ਸਾਰੀਆਂ ਰਾਜਨੀਤਕ ਪਾਰਟੀਆਂ ਸਿਰਫ਼ ਬਿਆਨਬਾਜ਼ੀ ਤੱਕ ਸੀਮਤ ਹਨ ਜਾਂ ਮੁੱਦਿਆਂ ਉਤੇ ਆਪੋ ਆਪਣੀਆਂ ਸਿਆਸਤ ਦੀਆਂ ਰੋਟੀਆਂ ਸੇਕਣ ਦੇ ਆਹਰ ਵਿਚ ਜੁਟੀਆਂ ਹਨ। ਪੰਜਾਬ ਵਿਚ ਅੱਜਕੱਲ੍ਹ ਇਹ ਜੁਮਲਾ ਬਹੁਤ ਪ੍ਰਸਿੱਧ ਹੋ ਗਿਆ ਹੈ ਕਿ ਫਲਾਂ-ਫਲਾਂ ਘਟਨਾ ਪਿੱਛੇ ਆਈਐਸਆਈ ਦਾ ਹੱਥ ਹੈ ਜਾਂ ਉਹ-ਉਹ ਸਿਆਸੀ ਦਲ ਤੇ ਵਿਰੋਧੀ ਧਿਰ ਆਈਐਸਆਈ ਦੀ ਏਜੰਟ ਹੈ। ਇਹ ਜੁਮਲੇ ਹੋਰ ਕਿਸੇ ਵਲੋਂ ਨਹੀਂ ਪੰਜਾਬ ਦੇ ਵੱਡੇ ਸਿਆਸਤਦਾਨਾਂ ਵਲੋਂ ਘੜੇ ਜਾ ਰਹੇ ਹਨ।


ਬਾਕੀ ਸਫ਼ਾ 30 'ਤੇ


### ਸਿਆਸੀ ਆਗੂਆਂ ਦੇ ਭੜਕਾਊ ਬਿਆਨਾਂ ਕਾਰਨ ਸਹਿਮ ਦਾ ਮਾਹੌਲ

ਸਾਬਕਾ ਉਪ ਮੁੱਖ ਮੰਤਰੀ ਅਤੇ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਨੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਚਿਤਾਵਨੀ ਦਿੱਤੀ ਹੈ ਕਿ ਉਹ ਸੂਬੇ ਵਿਚ ਕੱਟੜਪੰਥੀਆਂ ਨੂੰ ਸਮਰਥਨ ਦੇ ਕੇ ਅੱਗ ਨਾਲ ਖੇਡਣ ਦਾ ਕੰਮ ਨਾ ਕਰਨ। ਕਾਂਗਰਸ ਵਲੋਂ 20 ਸਾਲ ਪਹਿਲਾਂ ਕੀਤੀਆਂ ਗਈਆਂ ਅਜਿਹੀਆਂ ਕੋਸ਼ਿਸ਼ਾਂ ਕਾਰਨ ਹੀ ਪੰਜਾਬ 15 ਸਾਲ ਤੱਕ ਅੱਗ ਦੀ ਭੱਠੀ ਵਿਚ ਸੜਦਾ ਰਿਹਾ ਸੀ। ਅਕਾਲੀ ਦਲ ਦੇ ਪ੍ਰਧਾਨ ਨੇ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ 'ਤੇ ਕਰਵਾਈ ਬਾਰੇ ਬੋਲਦਿਆਂ ਕਿਹਾ ਕਿ ਇਹ ਵੇਖੋ ਕਿ ਇਹ ਦੋਸ਼ ਕੌਣ ਲਗਾ ਰਿਹਾ ਹੈ। ਉਹ ਕਾਂਗਰਸ ਜਿਸ ਨੇ ਇੰਦਰਾ ਦੇ ਪ੍ਰਧਾਨ ਮੰਤਰੀ ਹੁੰਦਿਆਂ ਦਰਬਾਰ ਸਾਹਿਬ 'ਤੇ ਫ਼ੌਜੀ ਹਮਲਾ ਕਰਵਾਇਆ। ਇਹ ਪਾਰਟੀ ਅੱਜ ਉਸ ਅਕਾਲੀ ਦਲ 'ਤੇ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦਾ ਦੋਸ਼ ਲਗਾ ਰਹੀ ਹੈ, ਜਿਸ ਨੇ ਗੁਰਦੁਆਰਿਆਂ ਨੂੰ ਮਹੰਤਾਂ ਤੋਂ ਆਜ਼ਾਦ ਕਰਵਾਉਣ ਦੀ ਲੰਬੀ ਲੜਾਈ ਲੜੀ। ਪੰਜਾਬ ਦੇ ਹਿੱਤਾਂ ਦੀ ਰੱਖਿਆ ਲਈ ਉਨ੍ਹਾਂ ਦੀ ਪਾਰਟੀ ਖੜ੍ਹੀ ਰਹੀ। ਇਹ ਪਾਰਟੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀ ਗੱਲ ਕਿਵੇਂ ਸੋਚ ਸਕਦੀ ਹੈ। ਉਨ੍ਹਾਂ ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀ ਰਿਪੋਰਟ ਨੂੰ ਝੂਠ ਦਾ ਪੁਲੰਦਾ ਕਰਾਰ ਦਿੱਤਾ।

### ਸੀਸੀਟੀਵੀ. ਫੁਟੇਜ਼ ਨੇ ਕੀਤਾ ਬਾਦਲਾਂ ਦਾ ਝੂਠ ਨੰਗਾ

ਪੰਜਾਬ ਸਰਕਾਰ ਦੇ ਸਥਾਨਕ ਸਰਕਾਰਾਂ ਬਾਰੇ ਮੰਤਰੀ ਨਵਜੋਤ ਸਿੰਘ ਸਿੱਧੂ ਨੇ ਪੰਜਾਬ ਵਿਚ ਹੋਈਆਂ ਬੇਅਦਬੀ ਦੀਆਂ ਘਟਨਾਵਾਂ ਸਬੰਧੀ ਵੱਡੇ ਖੁਲਾਸੇ ਕੀਤੇ ਹਨ। ਨਵਜੋਤ ਸਿੱਧੂ ਨੇ ਮੀਡੀਆ ਸਾਹਮਣੇ ਕੋਟਕਪੂਰਾ ਚੌਂਕ ਵਿਚ ਸੀਸੀਟੀਵੀ. ਫੁਟੇਜ਼ ਜਾਰੀ ਕੀਤੀ ਹੈ, ਜਿਸ ਵਿਚ ਦੇਖਿਆ ਗਿਆ ਹੈ ਕਿ ਪੁਲਸ ਵਲੋਂ ਧਰਨੇ 'ਤੇ ਸ਼ਾਂਤੀ ਨਾਲ ਬੈਠੇ ਲੋਕਾਂ 'ਤੇ ਗੋਲੀ ਚਲਾਈ ਗਈ ਹੈ। ਇਸ ਫੁਟੇਜ਼ ਦਾ ਜ਼ਿਕਰ ਜਸਟਿਸ ਰਣਜੀਤ ਸਿੰਘ ਦੀ ਰਿਪੋਰਟ ਵਿਚ ਵੀ ਹੈ ਅਤੇ ਇਹ ਫੁਟੇਜ਼ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਕੋਲ ਵੀ ਮੌਜੂਦ ਹੈ। ਵੀਡੀਓ ਵਿਚ ਦਿਖ ਰਿਹਾ ਹੈ ਕਿ ਇਸ ਦੌਰਾਨ ਪੁਲਸ ਵਲੋਂ ਪ੍ਰਦਰਸ਼ਕਾਰੀਆਂ ਨੂੰ ਬੁਰੀ ਤਰ੍ਹਾਂ ਘਸੀਟਿਆ ਗਿਆ ਅਤੇ ਪੁਲਿਸ ਤਰਫੋਂ ਗੋਲੀ ਚੱਲਦੀ ਵੀ ਸਾਫ ਦਿਖਾਈ ਦੇ ਰਹੀ ਹੈ। ਕਮਿਸ਼ਨ ਦੀਆਂ ਰਿਪੋਰਟਾਂ ਮੁਤਾਬਕ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਉਸ ਸਮੇਂ ਦੇ ਡੀਜੀਪੀ. ਸੁਮੇਧ ਸਿੰਘ ਸੈਣੀ ਦੀ ਰਾਤ ਦੇ 3 ਵਜੇ ਗੱਲ ਹੋਈ ਸੀ, ਜਿਸ ਤੋਂ ਸਾਫ ਜ਼ਾਹਿਰ ਹੋ ਰਿਹਾ ਹੈ ਕਿ ਇਨ੍ਹਾਂ ਘਟਨਾਵਾਂ ਪਿੱਛੇ ਬਾਦਲ ਤੇ ਸੈਣੀ ਦਾ ਹੀ ਹੱਥ ਹੈ।

## ਸਿੱਖਾਂ ਦਾ ਰੋਸ ਠੰਡਾ ਕਰਨ ਲਈ ਅਕਾਲ ਤਖ਼ਤ ਦੇ ਜਥੇਦਾਰ ਨੂੰ ਬਦਲਣ ਦੀਆਂ ਤਿਆਰੀਆਂ

**ਚੰਡੀਗੜ੍ਹ/ਬਿਊਰੋ ਨਿਊਜ਼ :** ਬਾਦਲ ਪਰਿਵਾਰ ਨੂੰ ਸਿਆਸੀ ਸੰਕਟ ਵਿੱਚੋਂ ਕੱਢਣ ਲਈ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਦੀ ਬਲੀ ਦਿੱਤੇ ਜਾਣ ਦੀਆਂ ਸੰਭਾਵਨਾਵਾਂ ਵਧ ਰਹੀਆਂ ਹਨ। ਸੂਤਰਾਂ ਦਾ ਦੱਸਣਾ ਹੈ ਕਿ ਇਸ ਮੁੱਦੇ 'ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਅਤੇ ਹੋਰਨਾਂ ਸੀਨੀਅਰ ਆਗੂਆਂ ਨਾਲ ਵਿਚਾਰ ਚਰਚਾ ਕਰ ਲਈ ਹੈ। ਪੰਜਾਬ ਵਿਧਾਨ ਸਭਾ ਵਿੱਚ ਦੋ ਕੁ ਹਫ਼ਤੇ ਪਹਿਲਾਂ ਜਸਟਿਸ (ਸੇਵਾ ਮੁਕਤ) ਰਣਜੀਤ ਸਿੰਘ 'ਤੇ ਅਧਾਰਿਤ ਕਮਿਸ਼ਨ ਦੀ ਰਿਪੋਰਟ 'ਤੇ ਹੋਈ ਬਹਿਸ ਦੌਰਾਨ ਜਥੇਦਾਰ ਗਿਆਨੀ ਗੁਰਬਚਨ ਸਿੰਘ ਬਾਰੇ ਵੀ ਤਿੱਖੀਆਂ ਟਿੱਪਣੀਆਂ ਹੋਣ ਤੋਂ ਬਾਅਦ ਅਕਾਲੀ ਆਗੂ ਨਮੋਸ਼ੀ ਮਹਿਸੂਸ ਕਰ ਰਹੇ ਹਨ। ਜਥੇਦਾਰ ਗਿਆਨੀ ਗੁਰਬਚਨ ਸਿੰਘ ਵੀ ਦੋ ਹਫ਼ਤਿਆਂ ਬਾਅਦ ਹੀ ਲੋਕਾਂ ਦੇ ਸਾਹਮਣੇ ਆਏ ਹਨ। ਅਕਾਲੀ ਨੇਤਾਵਾਂ ਨੂੰ ਡੇਰਾ ਸਿਰਸਾ ਦੇ ਮੁਖੀ ਨੂੰ ਅਕਾਲ ਤਖ਼ਤ ਸਾਹਿਬ




ਬਾਕੀ ਸਫ਼ਾ 30 'ਤੇ


## ਪੰਥਕ ਧਿਰਾਂ ਵੱਲੋਂ ਬਰਗਾੜੀ ਮੋਰਚਾ ਖਤਮ ਕਰਨ ਦੇ ਸੰਕੇਤ

**ਬਠਿੰਡਾ/ਬਿਊਰੋ ਨਿਊਜ਼ :** ਬਰਗਾੜੀ ਇਨਸਾਫ਼ ਮੋਰਚਾ ਖਤਮ ਕਰ ਦੇਣ ਬਾਰੇ ਪੰਥਕ ਧਿਰਾਂ ਵਿਚ ਸਹਿਮਤੀ ਬਣਨ ਦੀਆਂ ਖ਼ਬਰਾਂ ਹਨ। ਪਹਿਲੀ ਜੂਨ 2018 ਤੋਂ ਸ਼ੁਰੂ ਹੋਇਆ ਇਨਸਾਫ਼ ਮੋਰਚਾ ਪੂਰੇ ਸੌ ਦਿਨਾਂ ਨੂੰ ਪਾਰ ਕਰ ਚੁੱਕਾ ਹੈ। ਸੂਤਰਾਂ ਮੁਤਾਬਕ ਹੁਣ ਪੰਥਕ ਆਗੂਆਂ ਨੇ ਇਸ ਨੂੰ ਸਮਾਪਤ ਕਰਨ ਦਾ ਫ਼ੈਸਲਾ ਕਰ ਲਿਆ ਹੈ। ਇਸ ਕਰਕੇ ਛੇਤੀ ਹੀ ਬਰਗਾੜੀ ਮੋਰਚੇ ਦੀ ਸਮਾਪਤੀ ਦਾ ਐਲਾਨ ਹੋ ਸਕਦਾ ਹੈ। ਇਸ ਸਬੰਧੀ ਪੰਥਕ ਆਗੂਆਂ ਨੇ ਬਰਗਾੜੀ ਵਿੱਚ ਮੋਰਚਾ ਸਮਾਪਤ ਕਰਨ ਲਈ ਮੁਤਵਾਜ਼ੀ ਜਥੇਦਾਰ ਧਿਆਨ ਸਿੰਘ ਮੰਡ ਨਾਲ ਲੰਮੀ ਮੁਲਾਕਾਤ ਕੀਤੀ ਦੱਸੀ ਜਾਂਦੀ ਹੈ।
ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ, ਮੁਤਵਾਜ਼ੀ ਜਥੇਦਾਰ ਅਮਰੀਕ ਸਿੰਘ ਅਜਨਾਲਾ, ਯੂਨਾਈਟਿਡ ਅਕਾਲੀ ਦਲ ਦੇ ਜਨਰਲ ਸਕੱਤਰ ਗੁਰਦੀਪ ਸਿੰਘ ਬਠਿੰਡਾ, ਦਲ ਖ਼ਾਲਸਾ ਦੇ ਪ੍ਰਧਾਨ ਹਰਪਾਲ ਸਿੰਘ ਚੀਮਾ, ਮਾਨ ਦਲ ਦੇ ਸੀਨੀਅਰ ਆਗੂ ਜਸਕਰਨ ਸਿੰਘ, ਗੁਰਸੇਵਕ ਸਿੰਘ ਜਵਾਹਰਕੇ, ਪਰਮਿੰਦਰ ਬਾਲਿਆਂ ਵਾਲੀ ਨੇ ਬਠਿੰਡਾ ਵਿੱਚ ਪ੍ਰੈਸ ਕਾਨਫਰੰਸ ਦੌਰਾਨ ਬਰਗਾੜੀ ਮੋਰਚੇ ਨੂੰ ਖਤਮ ਕਰਨ ਦੇ ਸੰਕੇਤ ਦਿੱਤੇ ਹਨ। ਸਿਮਰਨਜੀਤ



ਸਿੰਘ ਮਾਨ ਨੇ ਪ੍ਰੈੱਸ ਕਾਨਫ਼ਰੰਸ ਦੌਰਾਨ ਦੱਸਿਆ ਕਿ ਬਰਗਾੜੀ ਮੋਰਚਾ ਜਿਹੜੀਆਂ ਮੰਗਾਂ ਨੂੰ ਲੈ ਕੇ ਸ਼ੁਰੂ ਹੋਇਆ ਸੀ, ਉਹ ਤਕਰੀਬਨ ਪੂਰੀਆਂ ਹੋ ਗਈਆਂ ਹਨ,


ਬਾਕੀ ਸਫ਼ਾ 30 'ਤੇ



SINGH CPA PLLC
Making Businesses Tax Efficient
Tax Planning
Bookkeeping/ Payroll
Sales & Occupancy Taxes
Corporate & Individual Taxes
Barjinderjit Singh, CPA
Serving Clients in All 48 States
700 Central Expressway South, Suite 400 Allen, TX. 75013
(214) 210-9600
bill@mysinghcpa.com
www.mysinghcpa.com

JASPREET SINGH
Attorney-At-law
Loan Modification
Bankruptcy, Immigration,
Political Asylum, Deportation Defense,
Citizenship, L-1, H-1, Family Law, Divorce
FREMONT
44790 S. GRIMMER BLVD
# 204, FREMONT, CA 94538
Phone : 510-657-6444, Fax : 510-657-6443
SACRAMENTO
2945 W. CATPITOL AVENUE
W. SACRAMENTO, CA 95691
Phone : 916-372-4448, Fax : 916-372-4440

FLEET ONE OVER THE ROAD
FACTORING PROGRAM TO MEET YOUR NEEDS
WITH RATES STARTING AS LOW AS 1%
• A program custom-built to match your fleet's needs – backed by a FDIC-Insured financial partner in WEX Bank.
• Free same day funding
• Free collection management services
• Real-time credit check service
95% Advance in 24 Hours For Trucking Companies
Call for a Quote
(855)641-6955

TRANS-ALLIANCE TOGETHER WE SAVE
SAVE UPTO 24¢ PER GALLON ON DIESEL
FUEL CARD
Our Over The Road (OTR) Fuel Card replaces cash and credit cards for fuel and maintenance - with low transaction fees - at over 6,600 truck stops across the country. We offer line of credit - $10,000 to $100,000.
FACTORING
Fleet One introduces aggressive factoring program for Trans-Alliance members. We can beat any price to get your piece of business.
ਪੰਜਾਬੀ ਵਿਚ ਜਾਣਕਾਰੀ ਲਈ 1.855.641.6955
888.795.7035
sales@trans-alliance.com
www.trans-alliance.com
PETRO Stopping Centers
TA TravelCenters of America
Loves

ਵਰਕਰਾਂ ਦੀ ਲੋੜ
ਯੂਰੇਕਾ, (Eureka) ਕੈਲੀਫੋਰਨੀਆ ਵਿਖੇ ਰੈਸਟੋਰੈਂਟ ਵਿਚ ਕੰਮ ਕਰਨ ਵਾਲੇ ਵਰਕਰਾਂ ਦੀ ਲੋੜ ਹੈ।
ਰਿਹਾਇਸ਼ ਅਤੇ ਖਾਣਾ ਮੁਫ਼ਤ ਦਿੱਤਾ ਜਾਵੇਗਾ।
ਸੰਪਰਕ ਕਰੋ:
Gurpreet Singh Sohal :
707-498-9325
Email : redwoodpetroleum@gmail.com


ਉਡੀਕਾਂ ਖ਼ਤਮ
ਹੁਣ ਘਰ ਬੈਠੇ ਅਪਣੇ ਪਰਿਵਾਰ ਤੇ
ਦੋਸਤਾਂ ਮਿੱਤਰਾਂ ਨਾਲ ਵੇਖੋ ਅਪਣੀ
ਪਸੰਦੀਦਾ ਹਾਲੀਵੁੱਡ ਫਿਲਮ
No More Wait
You can watch your favorite
Historical Hollywood Movie
Now at Home
The Black
Prince
(ਸਿੱਖ ਰਾਜ ਦੇ ਆਖ਼ਰੀ ਮਹਾਰਾਜਾ ਦੀ ਦਿਲ ਟੁੰਭਵੀਂ
ਜੀਵਨ ਕਹਾਣੀ ਉੱਤੇ ਆਧਾਰਿਤ)
ਡਿਜੀਟਲ ਤੇ ਡੀਵੀਡੀ ਪ੍ਰਾਪਤ ਕਰਨ ਲਈ
Digital and DVD Available on
www.theblackprince.com
Digital platforms;
put logos of Amazon , iTunes, Google Play, Sony PSX, Microsoft Xbox, Fandango now
amazon
iTunes
Google play
XBOX
FANDANGONOW

# ਸ਼ਹੀਦ ਭਾਈ ਜਸਵੰਤ ਸਿੰਘ ਖਾਲੜਾ ਤੇ ਸਹੀਦ ਭਾਈ ਦਿਲਾਵਰ ਸਿੰਘ ਦੀ ਯਾਦ ਨੂੰ ਸਮਰਪਿਤ ਸ਼ਹੀਦੀ ਸ਼ਮਾਗਮ





**ਫਰੀਮਾਂਟ/ਬਲਵਿੰਦਰਪਾਲ ਸਿੰਘ ਖਾਲਸਾ :** ਜ਼ਾਲਮਾਂ ਨੂੰ ਜ਼ੁਲਮ ਕਰਨ ਤੋਂ ਰੋਕਣ ਲਈ ਸਿੱਖ ਕੌਮ ਦੇ ਮਹਾਨ ਸ਼ਹੀਦਾਂ ਨੇ ਆਪਣੀ ਜਾਨ ਦੇ ਕੇ ਉਹ ਕਾਰਜ ਕਰ ਵਿਖਾਏ ਹਨ, ਜੋ ਸੰਸਾਰ ਨੂੰ ਹੈਰਾਨ ਕਰਨ ਵਾਲੇ ਹਨ। ਗੁਰਦੁਆਰਾ ਸਹਿਬ ਫਰੀਮਾਂਟ ਵਿਚ ਐਤਵਾਰ ਨੂੰ ਖਾਲਿਸਤਾਨ ਦੇ ਸ਼ਹੀਦਾਂ ਨੂੰ ਸਮਰਪਿਤ ਸਿੱਖ ਕੌਮ ਦੇ ਮਹਾਨ ਸ਼ਹੀਦਾਂ ਸ਼ਹੀਦ ਭਾਈ ਜਸਵੰਤ ਸਿੰਘ ਖਾਲੜਾ ਤੇ ਸਹੀਦ ਭਾਈ ਦਿਲਾਵਰ ਸਿੰਘ ਦੀ ਯਾਦ ਵਿਚ ਸ਼ਹੀਦੀ ਸਮਾਗਮ ਕਰਵਾਇਆ ਗਿਆ। ਸ਼ਹੀਦੀ ਸਮਾਗਮ ਦੀ ਸ਼ੁਰੂਆਤ ਸਹਿਜ ਪਾਠ ਦੀ ਅਰੰਭਤਾ ਨਾਲ ਕੀਤੀ ਗਈ ਤੇ ਕਈ ਦਿਨ ਗੁਰਬਾਣੀ ਦੇ ਪ੍ਰਵਾਹ ਚੱਲੇ।

ਐਤਵਾਰ ਦੇ ਮੁੱਖ ਦੀਵਾਨ ਵਿਚ ਗੁਰਬਾਣੀ ਪਾਠ ਦੀ ਸੰਪੂਰਨਤਾ ਤੋਂ ਬਾਅਦ ਕਥਾਕਾਰ ਭਾਈ ਸਾਹਿਬ ਸਿੰਘ ਨੇ ਸ਼ਹੀਦਾਂ ਦੇ ਬਿਰਤਾਂਤ ਸੰਗਤਾਂ ਨੂੰ ਸੁਣਾਏ। ਕੀਰਤਨੀ ਜਥਾ ਭਾਈ ਹਜ਼ਾਰਾ ਸਿੰਘ ਦੇ ਜਥੇ ਨੇ ਗੁਰਬਾਣੀ ਕੀਰਤਨ ਨਾਲ ਸੰਗਤਾਂ ਨੂੰ ਨਿਹਾਲ ਕੀਤਾ। ਪੰਥਕ






ਬੁਲਾਰਿਆਂ ਵਿਚ ਸਭ ਤੋਂ ਪਹਿਲਾਂ ਮਨੁੱਖੀ ਅਧਿਕਾਰਾਂ ਦੇ ਮਸੀਹਾ ਸ਼ਹੀਦ ਭਾਈ ਜਸਵੰਤ ਸਿੰਘ ਖਾਲੜਾ ਦੀ ਬੇਟੀ ਬੀਬੀ ਨਵਕਿਰਨ ਕੌਰ ਨੇ ਆਪਣੇ ਮਹਾਨ ਪਿਤਾ ਤੇ ਭਾਈ ਦਿਲਾਵਰ ਸਿੰਘ ਦੀਆਂ ਕੁਰਬਾਨੀਆਂ ਦੇ ਵੱਖੋ ਵੱਖਰੇ ਪਹਿਲੂਆਂ ਬਾਰੇ ਦੱਸਦਿਆਂ ਉਨ੍ਹਾਂ ਦੇ ਬੇਮਿਸਾਲ ਕਾਰਨਾਮਿਆਂ ਬਾਰੇ ਵਿਸਥਾਰ ਨਾਲ ਚਾਨਣਾ ਪਾਇਆ ਤੇ ਪੁਲੀਸ ਦੇ ਬੁੱਚੜਾਂ ਵਾਲੇ ਕਾਰਨਾਮਿਆਂ ਦੀ ਵਾਰਤਾ ਦੱਸੀ, ਜਿਨਾਂ ਤਹਿਤ ਭਾਈ ਖਾਲੜਾ ਨੂੰ ਸਹੀਦ ਕੀਤਾ ਤੇ ਕਰਵਾਇਆ। ਉਨ੍ਹਾਂ ਦੱਸਿਆਂ ਕਿ ਇਸ ਵਿਚ ਮੁੱਖ ਦੋਸ਼ੀ ਪੰਜਾਬ ਸਰਕਾਰ, ਭਾਰਤ ਸਰਕਾਰ, ਕੇਪੀਐਸ ਗਿੱਲ ਤੇ ਅਜੀਤ ਸਿੰਘ ਸੰਧੂ ਸੀ। ਭਾਈ ਖਾਲੜਾ ਦੀ ਸਭ ਤੋਂ ਵਡੀ ਮਹਾਨਤਾ ਇਸ ਗੱਲ ਵਿਚ ਵੀ ਸੀ ਕਿ ਉਨਾਂ ਕੈਨੇਡਾ, ਇੰਗਲੈਂਡ ਤੇ ਯੂਰਪ ਵਿਚ ਰਾਜਨੀਤਕ ਸ਼ਰਨ ਹਾਸਲ ਕਰਨ ਤੋਂ ਇਨਕਾਰ ਕਰਕੇ ਸ਼ਹਾਦਤ ਨੂੰ ਪਹਿਲ ਦਿੱਤੀ ਕਿਉਂਕਿ ਉਨ੍ਹਾਂ ਅਨੁਸਾਰ ਸ਼ਹਾਦਤ ਦੀ ਦਾਤ ਗੁਰੂ ਸਾਹਿਬ ਵੱਲੋਂ ਹੁੰਦੀ ਹੈ। ਬੇਟੀ ਖਾਲੜਾ ਨੇ ਵਿਸ਼ੇਸ਼ ਤੌਰ ਤੇ ਸਾਰੀ ਕੌਮ ਨੂੰ ਸੰਬੋਧਨ ਹੁੰਦਿਆਂ ਕਿਹਾ ਕਿ ਹੁਣ ਇਹ ਕੌਮ ਨੇ ਸੋਚਣਾ ਹੈ ਕਿ ਉਸ ਨੇ ਭਾਈ ਖਾਲੜਾ ਦੀ ਮਹਾਨ ਵਿਰਾਸਤ ਨੂੰ ਕਿਵੇਂ ਸੰਭਾਲਣਾ ਹੈ ਤੇ ਉਨਾਂ ਦੀ ਕੁਰਬਾਨੀ ਤੋਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਕਿਵੇਂ ਜਾਣੂੰ ਕਰਵਾਉਣਾ ਹੈ। ਉਨ੍ਹਾਂ ਗੁਰੂ ਸਾਹਿਬ ਦੀ ਬੇਅਦਬੀ ਕਰਨ ਵਾਲੇ ਬਾਦਲਾਂ ਦਾ ਮੁਕੰਮਲ ਬਾਈਕਾਟ ਕਰਨ ਦੀ ਅਪੀਲ ਵੀ ਕੀਤੀ।

ਉਪਰੰਤ ਸੁਪਰੀਮ ਕੌਂਸਲ ਦੇ ਮੈਂਬਰ ਭਾਈ ਜਸਵਿੰਦਰ ਸਿੰਘ ਜੰਡੀ ਨੇ ਵਿਸ਼ੇਸ ਤੌਰ 'ਤੇ ਪਹੁੰਚੇ ਸ਼ਹੀਦੀ ਪਰਿਵਾਰਾਂ ਦਾ ਧੰਨਵਾਦ ਕੀਤਾ। ਸਟੇਜ ਸਕੱਤਰ ਕਵੰਲਜੀਤ ਸਿੰਘ ਨੇ ਕਾਂਗਰਸੀ ਮੁੱਖ ਮੰਤਰੀ ਬੇਅੰਤ ਸਿਹੁੰ ਦੇ ਜ਼ੁਲਮਾਂ ਬਾਰੇ ਦੱਸਦਿਆਂ ਸ਼ਹੀਦ ਭਾਈ ਦਿਲਾਵਰ ਸਿੰਘ ਦੀ ਕੁਰਬਾਨੀ ਦੀ ਮਹਾਨਤਾ ਦੇ ਕੇਂਦਰ ਬਿੰਦੂ ਤੋਂ ਸੰਗਤਾਂ ਨੂੰ ਜਾਣੂੰ ਕਰਵਾਇਆ। ਉਨ੍ਹਾਂ ਕਿਹਾ ਕਿ ਭਾਈ ਦਿਲਵਾਰ ਸਿੰਘ ਨੇ ਆਪਣੀ ਕੁਰਬਾਨੀ ਦੇ ਕੇ ਹਜ਼ਾਰਾਂ ਹੋਰ ਸਿੱਖ ਨੌਜਵਾਨਾਂ ਦੀ ਜਾਨ ਬਚਾਈ ਜਿਨਾਂ ਨੂੰ ਹਕੂਮਤ ਮਾਰ ਮੁਕਾਉਣਾ ਚਾਹੁੰਦੀ ਸੀ। ਉਨਾਂ ਭਾਈ ਖਾਲੜਾ ਦੀ ਕੁਰਬਾਨੀ ਨੂੰ ਸਿਜਦਾ ਕਰਦਿਆਂ ਕਿਹਾ ਕਿ ਭੈਣ ਜੀ ਖਾਲੜਾ ਆਪਣੇ ਪਿਤਾ ਦੇ ਸ਼ਾਨਦਾਰ ਵਿਰਸੇ ਦਾ ਝੰਡਾ ਝੁਲਾ ਕੇ ਉਨਾਂ ਦੀ ਕੁਰਬਾਨੀ ਦੇ ਗਿਆਨ ਦਾ ਚਾਨਣ ਵੰਡ ਰਹੇ ਹਨ। ਉਪਰੰਤ ਗੁਰਦੁਆਰਾ ਸਾਹਿਬ ਦੇ ਸਾਬਕਾ ਸਕੱਤਰ ਭਾਈ ਸਤਨਾਮ ਸਿੰਘ ਖਾਲਸਾ ਨੇ ਕਵਿਤਾ ਸੰਗਤਾਂ ਨੂੰ ਸੁਣਾਈ ਤੇ ਖਾਲਿਸਤਾਨ ਦੇ ਜੈਕਾਰੇ ਗਜਾਏ, ਜਿਸ ਦਾ ਸੰਗਤਾਂ ਨੇ ਪੂਰੇ ਜੋਸ਼ ਨਾਲ ਜਵਾਬ ਦਿੱਤਾ। ਮਨਟੀਕਾ ਤੋਂ ਵਿਸ਼ੇਸ਼ ਤੌਰ 'ਤੇ ਪਹੁੰਚੇ ਭਾਈ ਅਮਰੀਕ ਸਿੰਘ ਨੇ ਵੀ ਸ਼ਹੀਦਾਂ ਨੂੰ ਸ਼ਰਧਾਂਜਲੀ ਅਰਪਨ ਕੀਤੀ। ਮਹਾਨ ਸ਼ਹੀਦ ਭਾਈ ਦਿਲਾਵਰ ਸਿੰਘ ਦੇ ਮਾਤਾ ਜੀ ਸੁਰਜੀਤ ਕੌਰ ਨੂੰ ਗੁਰਦੁਆਰਾ ਸਾਹਿਬ ਵੱਲੋਂ ਸਿਰੋਪਾਉ ਤੇ ਯਾਦਗਾਰੀ ਚਿੰਨ ਨਾਲ ਸਨਮਾਨਿਤ ਕੀਤਾ ਗਿਆ ਜੋ ਵਿਸ਼ੇਸ਼ ਤੌਰ ਤੇ ਕੈਨੇਡਾ ਤੋਂ ਅਮਰੀਕਾ, ਇਸ ਸਮਾਗਮ ਵਿਚ ਹਾਜ਼ਰੀ ਭਰਨ ਪਹੁੰਚੇ ਸਨ। ਭਾਈ ਬਲਜਿੰਦਰ ਸਿੰਘ ਜੋ ਮਾਤਾ ਜੀ ਨੂੰ ਖਾਸ ਤੌਰ ਤੇ ਕੈਨੇਡਾ ਤੋਂ ਲੈ ਕੇ ਆਏ ਸਨ ਅਤੇ ਬੀਬੀ ਨਵਕਿਰਨ ਕੌਰ ਖਾਲੜਾ ਦਾ ਵੀ ਸੰਗਤ ਵੱਲੋਂ ਸਨਮਾਨ ਕੀਤਾ ਗਿਆ। ਸੁਪਰੀਮ ਕੌਂਸਲ ਤੇ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ ਕਰਵਾਏ ਗਏ ਇਸ ਸ਼ਹੀਦੀ ਸਮਾਗਮ ਵਿਚ ਪੰਥਕ ਜਥੇਬੰਦੀਆਂ ਤੇ ਸੰਗਤਾਂ ਨੇ ਭਰਪੂਰ ਸਹਿਯੋਗ ਦਿੱਤਾ।


Travel for Less Inc.
SPECIALIZED IN DISCOUNT FARES WORLDWIDE
INDIA | PAKISTAN | EUROPE
ਅਗਰ ਤੁਸੀ ਇੰਡਿਆਂ ਜਾਣ ਲਈ ਸਸਤੀਆਂ ਟਿਕਟਾ ਲਭ ਰਹੇ ਹੋ ਜਾਂ ਫਿਰ ਤੁਹਾਨੂੰ ਸੀਟ ਮਿਲਣ ਵਿਚ ਦਿਕਤ ਆ ਰਹੀ ਹੈ ਤਾਂ ਸਾਨੂੰ ਇੱਕ ਵਾਰ ਕਾਲ ਜਰੂਰ ਕਰੋ ਅਸੀ ਹਰੇਕ ਵੱਡੀ ਏਅਰਲਾਈਨ ਦੀਆਂ ਟਿਕਟਾ ਬਹੁਤ ਵਧੀਆ ਰੇਟਾਂ ਤੇ ਵੇਚਦੇ ਹਾਂ।
ASIANA AIRLINES
A STAR ALLIANCE MEMBER
Asiana Airlines Daily Flight To New Delhi
Best deals on major airlines like
ASIANA AIRLINES
CHINA AIRLINES
BRITISH AIRWAYS
CATHAY PACIFIC
virgin atlantic
SINGAPORE AIRLINES
Emirates
ETIHAD AIRWAYS
Lufthansa
QATAR AIRWAYS
BBB
IATAN
8th time in a row
2016 Best of Fremont Award
CALL US TO GET BEST RATES FOR YOUR AIR TICKETS TO INDIA AND WORLDWIDE.
Best of 2016 Fremont
CST NO : 2031914-40
We have moved to
Serving the Bay Area Since 1996
32116-Alvarado Blvd. Union City, CA-94587
Email: info@travelforlessinc.com
CALL 510-791-3300 Book online 24x7 @ www.Letsflyhome.com



GP
THE GOLD PROGRAM
TRANSPORTATION'S PREMIER BUYING PROGRAM

TRANS-ALLIANCE
TOGETHER WE SAVE

## NATIONAL ACCOUNT TIRE SAVINGS AND BENEFITS

As a Trans-Alliance customer, you have access to our national accounts with most major tire brands.

The Gold Program allows you to purchase premium tires at **deep discounts**. In addition to stock purchases, you also have access to your pricing over-the-road. **Save an average of $40/tire.**

**Consistent Nationwide Pricing**
Pay the same low price whether you buy over-the-road or at your local dealer.

**24/7/365 Coverage**
Call us around the clock, and get access to our emergency roadside service program.

**No Minimum Purchases**
Buy only the number of tires you want at any given time.

**Retain Your Local Service**
Buy and receive service from your local dealer, and receive our national account service pricing.

— Save on top brands, like —

MICHELIN, Continental, GOODYEAR, BFGoodrich, GENERAL TIRE, DUNLOP, YOKOHAMA, KUMHO TIRES, ROADMASTER TIRES

## Trans-Alliance knows that every dollar counts.

That's why they want to help you save on your tire purchases. Trans-Alliance customers receive nationwide discounts and benefits with most major tire brands.

Don't overpay for your tires. Contact Trans-Alliance today to learn more and request a free quote.

sales@trans-alliance.com

(855) 641-6955

## 'ਅਮਰੀਕਾ ਵਿਚ ਸਿੱਖ' ਵਿਸ਼ੇ 'ਤੇ ਪ੍ਰੋਗਰਾਮ 15 ਸਤੰਬਰ ਤੋਂ

**ਬੇਕਰਸਫੀਲਡ/ਬਿਊਰੋ ਨਿਊਜ਼ :** ਅਮਰੀਕਾ ਦੇ ਸ਼ਹਿਰ ਬੇਕਰਸਫੀਲਡ ਵਿਚ 'ਅਮਰੀਕਾ ਵਿਚ ਸਿੱਖ' ਵਿਸ਼ੇ 'ਤੇ ਪ੍ਰੋਗਰਾਮ ਕਰਵਾਇਆ ਜਾ ਰਿਹਾ ਹੈ। 15 ਸਤੰਬਰ ਦਿਨ ਸ਼ਨੀਵਾਰ ਤੋਂ ਸ਼ੁਰੂ ਹੋਣ ਵਾਲਾ ਇਹ ਦੋ-ਦਿਨਾ ਪ੍ਰੋਗਰਾਮ ਗੁਰਦੁਆਰਾ ਬੇਕਰਸਫੀਲਡ, 2400 ਐਸ ਪੀ ਸਟਰੀਟ, ਬੇਕਰਸਫ਼ੀਲਡ (ਸੀਏ) ਵਿਖੇ ਸਵੇਰੇ 11.00 ਵਜੇ ਤੋਂ ਬਾਅਦ ਦੁਪਹਿਰ 12.30 ਵਜੇ ਤੱਕ ਹੋਵੇਗਾ। ਇਸ ਵਿਚ ਗੁਰੂ ਅਰਜਨ ਸਾਹਿਬ ਦੀ ਸ਼ਹਾਦਤ ਤੇ ਜੀਵਨ ਉਤੇ 'ਆਰਚਰ' ਐਮਬੌਡੀਜ਼ 'ਸੈਲਫ਼ ਸੈਕਰੀਫਾਈਸ' ਵਿਸ਼ੇ ਦੇ ਪ੍ਰੋਗਰਾਮ ਸ਼ਾਮਲ ਹਨ।

ਇਸੇ ਤਰਾਂ 16 ਸਤੰਬਰ ਦਿਨ ਐਤਵਾਰ ਨੂੰ ਗੁਰਦੁਆਰਾ ਗੁਰੂ ਅੰਗਦ ਦਰਬਾਰ 8100, Stine Rd ਬੇਕਰਸਫ਼ੀਲਡ (ਸੀਏ) ਵਿਖੇ ਗੁਰੂ ਅੰਗਦ ਸਾਹਿਬ, 'ਫਾਈਨੈਂਸ਼ੀਅਲ ਗੇਨ' ਟੂ 'ਬੌਡੀਜ਼ ਓਰਨਾਮੈਂਟ' 'ਤੇ ਪ੍ਰੋਗਰਾਮ ਕਰਵਾਇਆ ਜਾ ਰਿਹਾ ਹੈ। ਅੰਤ ਵਿਚ ਗੁਰੂ ਕਾ ਲੰਗਰ ਵੀ ਅਤੁੱਟ ਵਰਤੇਗਾ।

ਇਹ ਪ੍ਰੋਗਰਾਮ ਲੇਖਿਕਾ ਤੇ ਸ਼ਾਇਰਾ ਇੰਨੀ ਕੌਰ ਅਤੇ ਸਿੱਖਿਆ ਸ਼ਾਸਤਰੀ ਤੇ ਵਿਦਵਾਨ ਹਰਿੰਦਰ ਸਿੰਘ ਦੀ ਵਿਸ਼ੇਸ਼ ਰਹਿਨੁਮਾਈ ਵਿਚ ਹੋਵੇਗਾ। ਇਸ ਸਬੰਧੀ ਹੋਰ ਜਾਣਕਾਰੀ ਡਾ. ਮਨਬੀਰ ਸਿੰਘ, ਬਲਮੀਤ ਸਿੰਘ ਤੋਂ ਫੋਨ ਨੰ. 661-717-8383 'ਤੇ ਕਾਲ ਕਰਕੇ ਪ੍ਰਾਪਤ ਕੀਤੀ ਜਾ ਸਕਦੀ ਹੈ।

# ਪਾਕਿ ਦੇ ਸਾਬਕਾ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ਼ ਦੀ ਪਤਨੀ ਬੇਗਮ ਕੁਲਸੂਮ ਦੀ ਮੌਤ

**ਲੰਡਨ/ਬਿਊਰੋ ਨਿਊਜ਼ :** ਪਾਕਿਸਤਾਨ ਦੇ ਸਾਬਕਾ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ਼ ਦੀ ਪਤਨੀ ਬੇਗਮ ਕੁਲਸੂਮ ਦਾ ਲੰਡਨ ਵਿੱਚ ਦੇਹਾਂਤ ਹੋ ਗਿਆ। ਉਹ ਲੰਬੇ ਸਮੇਂ ਤੋਂ ਕੈਂਸਰ ਨਾਲ ਪੀੜਤ ਸਨ। ਇਹ ਜਾਣਕਾਰੀ ਉਨ੍ਹਾਂ ਦੇ ਪਰਿਵਾਰ ਨੇ ਦਿੱਤੀ। ਜੀਓ ਟੀਵੀ ਦੀ ਰਿਪੋਰਟ ਅਨੁਸਾਰ ਲੰਡਨ ਦੇ ਹਾਰਲੇ ਸਟਰੀਟ ਕਲੀਨਿਕ ਤੋਂ 2014 ਤੋਂ ਇਲਾਜ ਕਰਵਾ ਰਹੀ ਬੇਗਮ ਕੁਲਸੂਮ ਨੂੰ ਦੇਹਾਂਤ ਤੋਂ ਪਹਿਲਾਂ ਹਾਲਤ ਵਿਗੜ ਜਾਣ ਕਾਰਨ ਜੀਵਨ ਰੱਖਿਅਕ ਮਸ਼ੀਨਾਂ ਦਾ ਸਹਾਰਾ ਦਿੱਤਾ ਗਿਆ। ਨਵਾਜ਼ ਸ਼ਰੀਫ਼ ਦੇ ਭਰਾ ਅਤੇ ਪਾਕਿਸਤਾਨ ਮੁਸਲਿਮ ਲੀਗ-ਐਨ ਦੇ ਪ੍ਰਧਾਨ ਸ਼ਾਹਬਾਜ਼ ਸ਼ਰੀਫ਼ ਨੇ ਟਵੀਟ ਕਰਕੇ ਇਸ ਖ਼ਬਰ ਦੀ ਪੁਸ਼ਟੀ ਕੀਤੀ ਹੈ। ਜ਼ਿਕਰਯੋਗ ਹੈ ਕਿ ਖ਼ੁਦ



ਨਵਾਜ਼ ਸ਼ਰੀਫ, ਬੇਟੀ ਮਰੀਅਮ ਅਤੇ ਉਨ੍ਹਾਂ ਦੇ ਜਵਾਈ ਕੈਪਟਨ (ਸੇਵਾਮੁਕਤ) ਮੁਹੰਮਦ ਸਫਦਰ ਭ੍ਰਿਸ਼ਟਾਚਾਰ ਦੇ ਮਾਮਲੇ ਵਿਚ ਰਾਵਲਪਿੰਡੀ ਦੀ ਅਦਿਆਲਾ ਜੇਲ੍ਹ ਵਿਚ ਸਜ਼ਾ ਕੱਟ ਰਹੇ ਹਨ। ਪ੍ਰਧਾਨ ਮੰਤਰੀ ਇਮਰਾਨ ਖ਼ਾਨ ਨੇ ਕੁਲਸੂਮ ਦੀ ਮੌਤ 'ਤੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ ਅਤੇ ਸ਼ਰੀਫ਼ ਦੇ ਪਰਿਵਾਰ ਨੂੰ ਇਸ ਦੁੱਖ ਦੀ ਘੜੀ ਮੌਕੇ ਸਾਰੀਆਂ ਸਹੂਲਤਾਂ ਮੁਹੱਈਆ ਕਰਾਉਣ ਦੇ ਹੁਕਮ ਦਿੱਤੇ ਹਨ।

**ਸ਼ਰੀਫ਼, ਮਰੀਅਮ ਤੇ ਸਫ਼ਦਰ ਨੂੰ ਮਿਲੀ ਪੈਰੋਲ :** ਮੀਡੀਆ ਰਿਪੋਰਟ ਮੁਤਾਬਕ ਪਾਕਿਸਤਾਨ ਦੀ ਜੇਲ੍ਹ ਵਿੱਚ ਬੰਦ ਨਵਾਜ਼ ਸ਼ਰੀਫ਼, ਉਨ੍ਹਾਂ ਦੀ ਧੀ ਮਰੀਅਮ ਅਤੇ ਜਵਾਈ ਕੈਪਟਨ (ਸੇਵਾਮੁਕਤ) ਮੁਹੰਮਦ ਸਫਦਰ ਨੂੰ ਬੇਗਮ ਕੁਲਸੂਮ ਦੀਆਂ ਆਖ਼ਰੀ ਰਸਮਾਂ ਪੂਰੀਆਂ ਕਰਨ ਲਈ 12 ਘੰਟੇ ਦੀ ਪੈਰੋਲ 'ਤੇ ਛੱਡਿਆ ਜਾ ਰਿਹਾ ਹੈ। ਸਾਰਿਆਂ ਨੂੰ ਕੁਲਸੂਮ ਨਵਾਜ਼ ਦੇ ਅੰਤਿਮ ਸਸਕਾਰ 'ਚ ਸ਼ਾਮਲ ਹੋਣ ਦਿੱਤਾ ਜਾਵੇਗਾ। ਸੂਤਰਾਂ ਅਨੁਸਾਰ ਸ਼ਰੀਫ਼ ਦੇ ਪਰਿਵਾਰ ਨੇ ਕੁਲਸੂਮ ਦੀ ਦੇਹ ਨੂੰ ਪਾਕਿਸਤਾਨ ਲਿਆ ਕੇ ਸਪੁਰਦ-ਏ ਖ਼ਾਕ ਕਰਨ ਦਾ ਫੈਸਲਾ ਕੀਤਾ ਹੈ। ਕੁਲਸੂਮ ਨੂੰ ਲਾਹੌਰ 'ਚ ਦਫ਼ਨਾਇਆ ਜਾਵੇਗਾ।

# 'ਮਹਾਨ ਕੋਸ਼' 'ਚ ਗਲਤੀਆਂ ਕਾਰਨ ਪੰਜਾਬੀ ਯੂਨੀਵਰਸਿਟੀ ਦੀ ਕਿਰਕਿਰੀ

**ਪਟਿਆਲਾ/ਬਿਊਰੋ ਨਿਊਜ਼ :** ਭਾਈ ਕਾਨ੍ਹ ਸਿੰਘ ਨਾਭਾ ਦੇ ਮਹਾਨ ਕੋਸ਼ ਵਿਚ ਗਲਤੀਆਂ ਸਬੰਧੀ ਮਾਮਲਾ ਹਾਈ ਕੋਰਟ ਵਿੱਚ ਪੁੱਜਣ ਦੇ ਨਾਲ-ਨਾਲ ਮਾਮਲਾ ਅਕਾਦਮਿਕ ਪੱਧਰ ਉਤੇ ਕਾਫੀ ਵਿਵਾਦਪੂਰਨ ਬਣਦਾ ਜਾ ਰਿਹਾ ਹੈ। 'ਮਹਾਨ ਕੋਸ਼' ਦੇ ਪੰਜਾਬੀ ਯੂਨੀਵਰਸਿਟੀ ਦੁਆਰਾ ਛਪੇ ਅਨੁਵਾਦ ਉਤੇ ਵਿਵਾਦ ਪੈਦਾ ਹੋ ਗਿਆ ਹੈ। ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਇਸ ਪ੍ਰਾਜੈਕਟ ਨੂੰ ਸਿਰੇ ਲਾਉਣ ਲਈ






ਯੂਨੀਵਰਸਿਟੀ ਤੋਂ ਬਾਹਰਲੇ ਸੇਵਾਮੁਕਤ ਪ੍ਰੋਫੈਸਰਾਂ ਤੇ ਮਾਹਿਰਾਂ ਦਾ ਸਹਿਯੋਗ ਲਿਆ ਗਿਆ ਸੀ। ਮਹਾਨ ਕੋਸ਼ ਦੇ ਪੰਜਾਬੀ, ਹਿੰਦੀ ਤੇ ਅੰਗਰੇਜ਼ੀ ਦੇ ਸਮੁੱਚੇ ਪ੍ਰਾਜੈਕਟ 'ਤੇ ਗ਼ਲਤੀਆਂ ਦੀ ਭਰਮਾਰ ਸਾਹਮਣੇ ਆਉਣ ਮਗਰੋਂ ਪੰਜਾਬੀ ਯੂਨੀਵਰਸਿਟੀ ਨੂੰ ਆਖ਼ਰ ਮਹਾਨ ਕੋਸ਼ ਦੀ ਵਿਕਰੀ 'ਤੇ ਪਾਬੰਦੀ ਲਾਉਣ ਲਈ ਮਜਬੂਰ ਹੋਣਾ ਪਿਆ ਸੀ।

ਦੱਸਣਯੋਗ ਹੈ ਕਿ ਭਾਈ ਕਾਨ੍ਹ ਸਿੰਘ ਨਾਭਾ ਦੇ ਮਹਾਨ ਕੋਸ਼ ਨੂੰ ਪਹਿਲੀ ਵਾਰ ਪਟਿਆਲਾ ਰਿਆਸਤ ਦੀ ਸਰਪ੍ਰਸਤੀ ਹੇਠ ਸੰਨ 1930 ਵਿੱਚ ਛਾਪਿਆ ਗਿਆ ਸੀ। ਸੂਤਰਾਂ ਦਾ ਕਹਿਣਾ ਹੈ ਕਿ ਪੰਜਾਬੀ ਯੂਨੀਵਰਸਿਟੀ ਨੇ ਇਸ ਪ੍ਰਾਜੈਕਟ ਨੂੰ ਹਲਕੇ ਵਿਚ ਲਿਆ, ਲਿਹਾਜ਼ਾ ਜਿਥੇ ਅਨੁਵਾਦ ਦੌਰਾਨ ਤੱਥ ਤੋੜ ਮਰੋੜ ਕੇ ਪੇਸ਼ ਕੀਤੇ ਗਏ ਉਥੇ ਬੇਸ਼ੁਮਾਰ ਗ਼ਲਤੀਆਂ ਵੀ ਸਾਹਮਣੇ ਆਈਆਂ। ਸੂਤਰਾਂ ਦਾ ਕਹਿਣਾ ਹੈ ਕਿ ਕਈ ਗਲਤੀਆਂ ਕਾਰਨ ਯੂਨੀਵਰਸਿਟੀ ਕਸੂਤੀ ਫਸਦੀ ਨਜ਼ਰ ਆ ਰਹੀ ਹੈ। ਉਧਰ 'ਮਹਾਨ ਕੋਸ਼' ਦਾ ਅਨੁਵਾਦ ਕਰਨ ਵਾਲੇ ਤਿੰਨ ਵਿਦਵਾਨਾਂ ਵਿਚ ਸ਼ਾਮਲ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਪ੍ਰੋਫੈਸਰ ਤੇਜਵੰਤ ਸਿੰਘ ਗਿੱਲ ਨੇ ਆਖਿਆ ਕਿ ਉਨ੍ਹਾਂ ਨੇ ਕੋਸ਼ 'ਚੋਂ ਪੰਨੇ ਇਸ ਕਰਕੇ ਕੱਢੇ ਸਨ, ਤਾਂ ਜੋ ਉਹ ਉਕਤ ਸ਼ਬਦਾਂ ਵਿਚਲੀਆਂ ਗ਼ਲਤੀਆਂ ਤੇ ਅਰਥਾਂ ਦੀ ਘੋਖ ਕਰ ਸਕਣ।

# ਕੇਰਲਾ ਦੇ ਮੁਸੀਬਤ ਮਾਰੇ ਲੋਕਾਂ ਦੀ ਸਿੱਖ ਸੰਗਤਾਂ ਵੱਲੋਂ ਕੀਤੀ ਜਾ ਰਹੀ ਮਦਦ ਦੀ ਹਰ ਪਾਸੇ ਚਰਚਾ

**ਚੰਡੀਗੜ/ਬਿਊਰੋ ਨਿਊਜ਼ :** ਭਾਰਤ ਦੇ ਦੱਖਣੀ ਰਾਜ ਕੇਰਲਾ ਵਿਚ ਆਏ ਭਿਆਨਕ ਹੜ ਨਾਲ ਜੁੜੀਆਂ ਬਹੁਤ ਸਾਰੀਆਂ ਤਸਵੀਰਾਂ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਰਹੀਆਂ ਹਨ। ਇਨਾਂ ਵਿਚ ਖਾਲਸਾ ਏਡ ਸਮੇਤ ਹੋਰ ਸਿੱਖ ਸੰਗਤਾਂ ਵੱਲੋਂ ਬਿਨਾ ਕਿਸੇ ਭੇਦਭਾਵ ਦੇ ਮੁਸੀਬਤ ਵਿਚ ਫਸੇ ਲੋਕਾਂ ਦੀ ਮਦਦ ਕੀਤੇ ਜਾਣ ਦੀਆਂ ਤਸਵੀਰਾਂ ਵੀ ਹਨ। ਦੂਜੇ ਪਾਸੇ ਸੋਸ਼ਲ ਮੀਡੀਆ ਵਿਚ ਹੀ ਕੱਟੜ ਹਿੰਦੂਵਾਦੀ ਲੋਕਾਂ ਅਤੇ ਸੰਗਠਨਾਂ ਵੱਲੋਂ ਕੇਰਲਾ ਦੇ ਹੜ ਮਾਰੇ ਲੋਕਾਂ ਲਈ ਹਿੰਦੂਵਾਦ ਦਾ ਸਾਥ ਨਾ ਦੇਣ ਕਰਕੇ ਘਟੀਆ ਕਿਸਮ ਦੀਆਂ ਟਿੱਪਣੀਆਂ ਵੀ ਮਿਲ ਰਹੀਆਂ ਹਨ ਜੋ ਇਨਸਾਨੀਅਤ ਨੂੰ ਸ਼ਰਮਸ਼ਾਰ ਕਰਨ ਵਾਲੀਆਂ



ਹਨ। ਦਿੱਲੀ ਤੋਂ 35 ਸਿੱਖ ਸੇਵਾਦਾਰਾਂ ਦੀ ਟੀਮ ਕੇਰਲ ਨੂੰ ਦੁਬਾਰਾ ਖੜਾ ਕਰਨ ਲਈ ਨਿਕਲੀ ਹੈ। ਇਹ ਜਥੇਦਾਰ ਬੜੂ ਸਾਹਿਬ ਦੇ ਸੇਵਾਦਾਰ ਹਨ। ਰਾਜੌਰੀ ਗਾਰਡਨ ਤੋਂ ਬੜੂ ਸਾਹਿਬ ਟਰੱਸਟ ਨੇ ਕਾਰਪੇਂਟਰ, ਪਲੰਬਰ ਤੇ ਇਲੈਕਟ੍ਰੀਸ਼ੀਅਨ ਸਣੇ 35 ਸੇਵਾਦਾਰਾਂ ਦੀ ਟੀਮ ਨਵੀਂ ਦਿੱਲੀ ਤੋਂ ਕੇਰਲ ਲਈ ਭੇਜੀ ਹੈ। ਸੰਸਥਾ ਦੇ ਟਰੱਸਟੀ ਰਵਿੰਦਰਪਾਲ ਸਿੰਘ ਕੋਹਲੀ ਨੇ ਦੱਸਿਆ ਕਿ ਬੜੂ ਸਾਹਿਬ ਗੁਰਦੁਆਰਾ ਨੇ ਬੁਰੀ ਤਰਾਂ ਪ੍ਰਭਾਵਿਤ ਪਿੰਡ ਰਮਨਗਿਰੀ ਨੂੰ ਗੋਦ ਵੀ ਲਿਆ ਹੈ। ਇਹਨਾਂ ਸੇਵਾਦਾਰਾਂ ਦੀ ਕੋਸ਼ਿਸ਼ ਹੋਵੇਗੀ ਕਿ ਕਿਸੇ ਤਰਾਂ ਇਹ ਲੋਕ ਭਾਰੀ ਬਾਰਸ਼ ਬਾਅਦ ਟੁੱਟ ਚੁੱਕੇ ਮਕਾਨ ਤੇ ਸੜਕਾਂ ਦੀ ਮੁਰੰਮਤ ਕਰ ਸਕਣ।

CIS CALIFORNIA IMMIGRATION SERVICES
(Registered & Bonded)
➤ FAMILY IMMIGRATION
➤ GREEN CARD PETITION
➤ CITIZENSHIP
➤ OCI CARD / INDIAN PASSPORT
➤ BUSINESS / VISITOR VISA
➤ STUDENT VISA
➤ RELIGIOUS VISA
➤ U.K. VISA
➤ CANADA VISA & P.R.






Rosy (Kanwal) Kaur
Immigration Consultant / LDA
CALL FOR FREE INITIAL CONSULTATION !
Ph: 510-573-3666, 408-422-8585
Fremont Office: 4127 Bay Street, Suite 5 | Tracy Office: 68 E 11th St., Suite 103
Yuba City Office: 1650 Sierra Ave. Suite 206, CA 95993
www.caials.com rosy@caials.com

When tired of all treatments for any disease at any age Try
HOMEOPATHIC
Experienced Consultant Physician since 1973
American Red Cross



ਹੋਰ ਇਲਾਜਾਂ ਤੋਂ ਥਕ ਗਏ ਹੋ ਤਾਂ ਹੋਮੀਓਪੈਥੀ ਅਜਮਾਓ
We sell homeopathic medicines
ਅਰਥਰਾਈਟਸ, ਦਮਾ, ਸ਼ੂਗਰ, ਬਲੱਡ ਪ੍ਰੈਸ਼ਰ, ਪੱਥਰੀ, ਖਾਰਿਸ਼, ਮੁਹਾਸੇ,
ਵਜ਼ਨ ਦਾ ਘਟਣਾ ਜਾਂ ਵਧਣਾ, ਜਨਾਨਾ ਤੇ ਮਰਦਾਨਾ ਕਮਜ਼ੋਰੀ ਦਾ ਪੱਕਾ ਇਲਾਜ
7021 Village Parkway Dublin CA 94568
GURDIP SINGH SANDHU
DHMS-Gold Medalist, BAMS, MDEH. - INDIA
Ex Principal, Prof., Chief Medical Officer,
Ex Member NCH and CA Homeomedical Society
Working under act SB 577 state of CA
Office: 408.729.6691
Cell: 408.687.1899
email: homeomedicine@yahoo.com
www.homeopathyatoz.com
ਡਾ. ਸੰਧੂ ਦੇ ਸਿਹਤ ਵਿਗਿਆਨ ਸਬੰਧੀ ਲੈਕਚਰ Listen live on Radio 1170
'Jus Punjabi TV' & Face Book Every Saturday 09:00 AM, Live on 'Jus Punjabi TV' Sunday 4:00 A.M.

BSons Travel & Tax Services, Inc.
* All Airlines * International And Domestic
* Wholesale Fares Around the World
We Will Beat or Match any Fare!




Office Hours
Mon-Fri
9am-6pm
Saturday
9am-5pm
CST. REG #2092042-40
We Also Have Special Vacation Packages
President : Avtar Singh
Contact any time from anywhere
Tel 707.302.0512, 916.340.8100 • Fax 707.425.4260
Email: bsonstravel@yahoo.com
1652 West Texas St. Suite 139, Fairfield, CA 94533
4200 North Boulevard Street No. 1B, Sacramento, CA, 95834

# ਮਮੇਰੇ ਭਰਾ ਨੂੰ ਇਰਾਦਾ ਕਤਲ ਦੇ ਮਾਮਲੇ ਵਿਚ 12 ਸਾਲ ਦੀ ਕੈਦ

**ਟਰਲੱਕ (ਕੈਲੀਫੋਰਨੀਆ)/ਹੁਸਨ ਲੜੋਆ ਬੰਗਾ :** ਦੋ ਸਾਲ ਪਹਿਲਾਂ 21 ਜੂਨ 2016 ਨੂੰ ਵਾਪਰੀ ਇਕ ਕਤਲ ਕਰਨ ਦੀ ਕੋਸ਼ਿਸ਼ ਵਾਲੀ ਘਟਨਾ ਵਿਚ ਪੰਜਾਬੀ ਮਮੇਰੇ ਭਰਾ ਨੂੰ ਅਦਾਲਤ ਨੇ 12 ਸਾਲ ਦੀ ਕੈਦ ਕਰ ਦਿੱਤੀ ਹੈ। ਜਾਣਕਾਰੀ ਅਨੁਸਾਰ ਜੇਲ੍ਹ ਗਿਆ ਬਿਕਰਮਬੀਰ ਸਿੰਘ (34 ਸਾਲ) ਪੁੱਤਰ ਹਰਚਰਨਜੀਤ ਸਿੰਘ ਪਿੱਛੋਂ ਪੰਜਾਬ ਦੇ ਅੰਮ੍ਰਿਤਸਰ ਜ਼ਿਲ੍ਹੇ ਨਾਲ ਸਬੰਧਤ ਪਿੰਡ



ਮਾਨਾਂਵਾਲਾ ਖੁਰਦ ਦਾ ਰਹਿਣ ਵਾਲਾ ਹੈ। ਉਹ ਆਪਣੇ ਨਜ਼ਦੀਕੀ ਰਿਸ਼ਤੇਦਾਰ ਕੰਵਲਜੀਤ ਸਿੰਘ (46 ਸਾਲ) ਪਾਸ ਕੈਲੀਫੋਰਨੀਆ ਦੇ ਟਰਲੱਕ ਸ਼ਹਿਰ ਦੇ 1100 ਬਲਾਕ ਪੈਡਰਸ ਰੋਡ ਉਤੇ ਅਪਾਰਟਮੈਂਟ ਵਿਚ ਰਹਿ ਰਿਹਾ ਸੀ। ਪੀੜਤ ਕੰਵਲਜੀਤ ਸਿੰਘ ਦੇ ਦੱਸਣ ਮੁਤਾਬਕ ਉਸ ਦਿਨ ਸਵੇਰੇ ਉਸ ਦੇ ਨਾਲ ਹੀ ਰਹਿ ਰਹੇ ਸਕੇ ਮਾਮੇ ਦੇ ਲੜਕੇ ਬਿਕਰਮਬੀਰ ਨੇ ਚਾਕੂ ਨਾਲ ਉਸ ਉਤੇ ਉਸ ਵਕਤ ਹਮਲਾ ਕਰ ਦਿੱਤਾ ਜਦੋਂ ਉਹ ਕੰਮ 'ਤੇ ਜਾਣ ਲਈ ਬਾਥਰੂਮ ਵਿਚ ਤਿਆਰ ਹੋ ਰਿਹਾ ਸੀ। ਇਸ ਹਮਲੇ ਵਿਚ ਕੰਵਲਜੀਤ ਸਿੰਘ ਗੰਭੀਰ ਜ਼ਖਮੀ ਹੋ ਗਿਆ ਪਰ 4-5 ਘੰਟੇ ਦੀ ਲੰਮੀ ਜੱਦੋ ਜਹਿਦ ਤੋ ਬਾਅਦ ਦੋਸ਼ੀ ਤੋਂ ਚਾਕੂ ਖੋਹ ਕੇ ਸੁੱਟ ਦਿੱਤਾ ਤੇ ਆਪਣੀ ਜਾਨ ਬਚਾ ਕੇ ਘਰ ਤੋਂ ਬਾਹਰ ਭੱਜਣ ਵਿਚ ਸਫਲ ਹੋ ਗਿਆ। ਬਾਅਦ ਵਿਚ ਟਰਲੱਕ ਪੁਲਿਸ ਨੇ ਮੌਕੇ ਤੇ ਪਹੁੰਚ ਕੇ ਦੋਸ਼ੀ ਬਿਕਰਮਬੀਰ ਨੂੰ ਗ੍ਰਿਫਤਾਰ ਕਰਕੇ ਧਾਰਾ 664/187 (ਏ) 245 (ਏ) ਤੇਜ਼ਧਾਰ ਹਥਿਆਰ ਨਾਲ ਹਮਲਾ ਕਰਨ 'ਤੇ ਇਰਾਦਾ ਕਤਲ ਦਾ ਮੁਕੱਦਮਾ ਦਰਜ ਕਰਕੇ ਜੇਲ੍ਹ ਭੇਜ ਦਿਤਾ। ਜ਼ਿਲ੍ਹਾ ਅਟਾਰਨੀ ਬਿਰਗਿਟ ਫਲਾਗਰ ਨੇ ਸਟਾਨੀਸਲਾਉਸ ਕਾਉਂਟੀ ਸੁਪੀਰੀਅਰ ਕੋਰਟ ਵਿਚ ਦੋਸ਼ੀ ਖਿਲਾਫ ਰਿਪੋਰਟ ਪੇਸ਼ ਕਰਕੇ 25 ਸਾਲ ਦੀ ਸਜ਼ਾ ਦੀ ਮੰਗ ਕੀਤੀ। ਬਿਕਰਮਬੀਰ ਨੇ ਆਪਣਾ ਜੁਰਮ ਕਬੂਲ ਕਰਕੇ, ਬਿਨਾ ਟਰਾਇਲ 12 ਸਾਲ ਦੀ ਸਜ਼ਾ ਮਨਜ਼ੂਰ ਕਰ ਲਈ। ਮਾਨਯੋਗ ਜੱਜ ਨੈਨਸ਼ੀ ਨੇ ਅਦਾਲਤੀ ਫੈਸਲਾ ਸੁਣਾ ਕੇ 12 ਸਾਲ ਦੀ ਸਜ਼ਾ ਤਹਿਤ ਜੇਲ੍ਹ ਭੇਜ ਦਿੱਤਾ ਹੈ।

ਕੰਵਲਜੀਤ ਸਿੰਘ ਨੇ ਖੁਲਾਸਾ ਕਰਦਿਆਂ ਦੱਸਿਆ ਕਿ ਉਸ ਨੇ ਆਪਣੇ ਇਸ ਮਮੇਰੇ ਭਰਾ ਲਈ ਬਹੁਤ ਕੁਝ ਕੀਤਾ। ਉਸ ਉਪਰ ਕਾਫੀ ਪੈਸੇ ਖਰਚ ਕੀਤੇ ਤੇ ਉਸ ਨੂੰ ਕੰਮ ਵੀ ਲੱਭ ਕੇ ਦਿੱਤਾ ਪਰ ਉਹੀ ਮੇਰਾ ਦੁਸ਼ਮਣ ਬਣੇਗਾ ਕਦੀ ਸੋਚਿਆ ਨਹੀਂ ਸੀ । ਸਮਾਂ ਇਸ ਕਦਰ ਕਰਵਟ ਲੈ ਚੁੱਕਾ ਹੈ ਕਿ ਹੁਣ ਖ਼ੂਨ ਦੇ ਰਿਸ਼ਤੇ ਉਤੇ ਵੀ ਯਕੀਨ ਨਹੀਂ ਰਿਹਾ। ਉਸ ਨੇ ਇਹ ਵੀ ਕਿਹਾ ਕਿ ਬਿਕਰਮਬੀਰ ਵੱਲੋਂ ਮੈਨੂੰ ਮਾਰ ਦੇਣ ਦੀ ਸਾਜਿਸ਼ ਪਿੱਛੇ ਕਿਸੇ ਹੋਰ ਦੀ ਸੋਚ ਕੰਮ ਕਰਦੀ ਸੀ, ਉਹ ਇਸ ਦਾ ਪਤਾ ਲਗਾ ਕੇ ਛੱਡਣਗੇ।

# ਫਰਿਜਨੋ 'ਚ ਪਤੀ-ਪਤਨੀ ਦੀ ਹੱਤਿਆ ਕਰਨ ਵਾਲਾ ਪੰਜਾਬੀ ਗ੍ਰਿਫਤਾਰ

**ਫਰਿਜਨੋ/ਹੁਸਨ ਲੜੋਆ ਬੰਗਾ :** ਦੱਖਣੀ ਪੂਰਬੀ ਫਰਿਜਨੋ ਵਿਚ ਗੋਲੀਬਾਰੀ ਦੌਰਾਨ ਦੋ ਲੋਕਾਂ ਦੀ ਮੌਤ ਹੋ ਗਈ ਜਿਨਾਂ ਦੀ ਸ਼ਨਾਖਤ ਰਵਿੰਦਰਪਾਲ ਸਿੰਘ (59 ਸਾਲ) ਅਤੇ ਉਸ ਦੀ ਪਤਨੀ ਰਾਜਬੀਰ ਕੌਰ (59 ਸਾਲ) ਵਜੋਂ ਹੋਈ ਹੈ। ਪੁਲੀਸ ਮੁਤਾਬਕ ਉਨ੍ਹਾਂ ਦੀ ਧੀ ਘਰ ਦੇ ਉਪਰਲੇ ਹਿੱਸੇ ਚ ਸੌਂ ਰਹੀ ਸੀ। ਮਾਂ-ਬਾਪ ਥੱਲੇ ਟੀਵੀ ਦੇਖ ਰਹੇ ਸਨ। ਜਦੋਂ ਉਸ ਨੇ ਹੇਠਾਂ ਗੋਲੀ ਦੀ ਅਵਾਜ਼ ਸੁਣੀ ਤਾਂ ਪੁਲੀਸ ਨੂੰ ਸੂਚਿਤ ਕੀਤਾ ਤੇ ਪੁਲਿਸ ਦੀ ਮਦਦ ਨਾਲ ਸ਼ੱਕੀ ਦੋਸ਼ੀ ਨੂੰ ਕੁਝ ਸਮੇਂ ਬਾਅਦ ਹੀ ਫੜ ਲਿਆ ਗਿਆ । ਪੁਲਿਸ ਦਾ ਕਹਿਣਾ ਹੈ ਕਿ 65 ਸਾਲਾ ਦਰਸ਼ਨ ਧੰਜਨ ਨੂੰ, ਆਪਣੀ ਨੂੰਹ ਦੇ ਮਾਪਿਆਂ ਨੂੰ ਉਨ੍ਹਾਂ ਦੇ ਘਰ ਵਿਚ ਮਾਰਨ ਦੇ ਸ਼ੱਕ ਹੇਠ ਹਿਰਾਸਤ ਵਿਚ ਲੈ ਲਿਆ ਗਿਆ ਹੈ। ਚੀਫ ਪੁਲੀਸ ਮੁਖੀ ਡੇਅਰ ਨੇ ਦੱਸਿਆ ਕਿ ਇਹ ਪਰਿਵਾਰਕ ਝਗੜੇ ਦਾ ਮਾਮਲਾ ਲਗਦਾ



ਹੈ ਪਰ ਉਹ ਸਹੀ ਕਾਰਨ ਲੱਭਣ ਦੀ ਕੋਸ਼ਿਸ਼ ਕਰ ਰਹੇ ਹਨ। ਪੁਲੀਸ ਨੇ ਕਿਹਾ, ਕਿ ਪਤੀ- ਪਤਨੀ ਦੋਵਾਂ ਨੂੰ ਉਸ ਸਮੇਂ ਗੋਲੀਆਂ ਮਾਰੀਆਂ ਜਦੋਂ ਉਹ ਸੋਫੇ ਉਤੇ ਬੈਠੇ ਟੀ ਵੀ ਦੇਖ ਰਹੇ ਸਨ। ਇਹ ਘਟਨਾ ਐਤਵਾਰ ਦੁਪਹਿਰ 11:30 ਵਜੇ ਵਾਪਰੀ। ਪੁਲੀਸ ਮੁਖੀ ਡਾਇਰ ਨੇ ਕਿਹਾ ਕਿ 911 ਉਤੇ ਕਾਲ ਕਰਨ ਤੋਂ ਪਹਿਲਾਂ ਘਰ ਦੀ ਨੂੰਹ ਨੇ ਗੋਲੀਆਂ ਦੀ ਆਵਾਜ਼ ਸੁਣੀ। ਉਹ ਤੁਰੰਤ ਹੇਠਾਂ ਆ ਗਈ ਅਤੇ ਉਸ ਨੇ ਆਪਣੇ ਪਤੀ ਦੇ ਪਿਤਾ ਨੂੰ ਹੱਥ ਵਿਚ ਬੰਦੂਕ ਲਈ ਖੜ੍ਹਾ ਦੇਖਿਆ। ਦਰਸ਼ਨ ਸਿੰਘ ਧੰਜਨ ਨੂੰ ਗੋਲੀ ਚਲਾ ਕੇ ਘਰੋਂ ਭੱਜ ਜਾਣ ਤੋਂ ਬਾਅਦ ਟੈਂਪਰਾਂਸ ਐਂਡ ਸੈਂਟਰਲ ਐਵੇਨਿਊ 'ਤੇ ਟ੍ਰੈਫਿਕ ਸਟੌਪ ਦੌਰਾਨ ਗ੍ਰਿਫਤਾਰ ਕੀਤਾ ਗਿਆ। ਪੁਲੀਸ ਮੁਤਾਬਕ ਜਦੋਂ ਉਸ ਨੂੰ ਗ੍ਰਿਫਤਾਰ ਕੀਤਾ ਤਾਂ ਉਸਦੇ ਹੱਥਾਂ ਉਤੇ ਖ਼ੂਨ ਲੱਗਾ ਹੋਇਆ ਸੀ ਅਤੇ ਉਸ ਦੇ ਕਬਜ਼ੇ ਵਿਚੋਂ ਸੈੱਲ ਫੋਨ ਤੇ ਗੰਨ ਵੀ ਪੁਲੀਸ ਨੇ ਕਬਜ਼ੇ 'ਚ ਲੈ ਲਈ। ਇਹ ਘਟਨਾ ਘਰ ਵਿਚ ਲੱਗੇ ਕੈਮਰਿਆਂ ਵਿਚ ਵੀ ਰਿਕਾਰਡ ਹੋ ਗਈ, ਜਿਸ ਨੂੰ ਪੁਲੀਸ ਨੇ ਆਪਣੇ ਕਬਜ਼ੇ ਵਿੱਚ ਲੈ ਲਿਆ। ਧੰਜਨ ਨੂੰ ਫਰਿਜਨੋ ਕਾਉਂਟੀ ਜੇਲ੍ਹ ਵਿਚ ਲਿਆਉਣ ਦੀ ਉਮੀਦ ਹੈ, ਜਿਸ ਉਪਰ ਹੱਤਿਆ ਦੇ ਦੋ ਮਾਮਲੇ ਦਰਜ ਕੀਤੇ ਗਏ ਹਨ। ਇਸ ਘਟਨਾ ਨੇ ਸਥਾਨਕ ਪੰਜਾਬੀ ਭਾਈਚਾਰੇ ਨੂੰ ਹਿਲਾ ਕੇ ਰੱਖ ਦਿੱਤਾ ਹੈ।

# ਇੰਡੀਅਨ-ਅਮਰੀਕਨ ਸਟੂਡੈਂਟ ਨੂੰ ਸੈਂਟਾ ਕਰੂਜ਼ ਪੁਲਿਸ ਦੁਆਰਾ ਗਲਤ ਤਰੀਕੇ ਨਾਲ ਗ੍ਰਿਫਤਾਰ ਕਰਨ ਦਾ ਦੋਸ਼

**ਸੈਂਟਾ ਕਰੂਜ਼/ਹੁਸਨ ਲੜੋਆ ਬੰਗਾ :**
ਇਕ ਭਾਰਤੀ-ਅਮਰੀਕੀ ਵਿਦਿਆਰਥੀ ਨਿਤਿਨ ਕੁਮਾਰ ਰਾਚਾ, ਜੋ ਸੈਂਟਾ ਕਰੂਜ਼, ਕੈਲੀਫੋਰਨੀਆ ਵਿਚ ਇਕ ਗੈਸ ਸਟੇਸ਼ਨ ਉਤੇ ਕੰਮ ਕਰਦਾ ਸੀ, ਦਾ ਦਾਅਵਾ ਹੈ ਕਿ ਪੁਲਿਸ ਨੇ ਉਸ ਨੂੰ ਗਲਤ ਢੰਗ ਨਾਲ ਗ੍ਰਿਫਤਾਰ ਕੀਤਾ ਸੀ। ਉਸ ਨੇ ਬੇਘਰੇ ਲੋਕਾਂ ਦੇ ਇਕ ਗਰੁੱਪ ਤੋਂ ਆਪਣਾ ਆਪ ਬਚਾਉਣ ਦੀ ਕੋਸ਼ਿਸ਼ ਕੀਤੀ ਸੀ ਜਿਨ੍ਹਾਂ ਨੇ ਪ੍ਰਾਪਰਟੀ ਛੱਡਣ ਤੋਂ ਇਨਕਾਰ ਕਰ ਦਿੱਤਾ ਸੀ।



ਨਿਤਿਨ ਕੁਮਾਰ ਰਾਚਾ ਹੈਦਰਾਬਾਦ ਦਾ 26 ਸਾਲਾ ਨੌਜਵਾਨ ਹੈ, ਜੋ ਸਿਲੀਕਾਨ ਵੈਲੀ ਯੂਨੀਵਰਸਿਟੀ ਵਿਖੇ ਸੂਚਨਾ ਤਕਨਾਲੋਜੀ ਵਿਚ ਮਾਸਟਰ ਡਿਗਰੀ ਦੀ ਪੜ੍ਹਾਈ ਕਰ ਰਿਹਾ ਹੈ। ਉਸ ਨੂੰ ਸ਼ਹਿਰ ਦੇ 76-ਗੈਸ ਸਟੇਸ਼ਨ ਤੋਂ ਗ੍ਰਿਫਤਾਰ ਕੀਤਾ ਗਿਆ ਸੀ ਜਿੱਥੇ ਉਹ ਰਾਤ ਦੀ ਸ਼ਿਫਟ ਕਰਦਾ ਸੀ। ਕਾਫੀ ਦਿਨ ਜੇਲ੍ਹ ਵਿਚ ਬਿਤਾਉਣ ਤੋਂ ਬਾਅਦ ਦੋਸਤਾਂ ਨੇ ਉਨ੍ਹਾਂ ਦੀ ਜ਼ਮਾਨਤ 25 ਹਜ਼ਾਰ ਦੇ ਬੌਂਡ 'ਤੇ ਕਰਵਾਈ। ਨਿਤਿਨ ਕੁਮਾਰ ਰਾਚਾ ਨੂੰ ਇਕ ਘਾਤਕ ਹਥਿਆਰ ਸਮੇਤ ਹਮਲੇ ਦਾ ਦੋਸ਼ੀ ਪਾਇਆ ਗਿਆ ਸੀ, ਜਿਸ ਦੌਰਾਨ ਜੇਲ੍ਹ ਵਿਚ ਤਿੰਨ ਸਾਲ ਦੀ ਵੱਧ ਤੋਂ ਵੱਧ ਸਜ਼ਾ ਦਿੱਤੀ ਜਾ ਸਕਦੀ ਹੈ।

ਨਿਤਿਨ ਕੁਮਾਰ ਰਾਚਾ ਨੇ ਦੱਸਿਆ ਕਿ ਰਾਤ ਨੂੰ ਜਦੋਂ ਉਸ ਨੂੰ ਗ੍ਰਿਫਤਾਰ ਕੀਤਾ ਗਿਆ ਸੀ, ਉਸ ਸਮੇਂ ਚਾਰ ਬੇਘਰਿਆਂ ਦਾ ਇਕ ਗਰੁੱਪ ਗੈਸ ਸਟੇਸ਼ਨ ਦੇ ਬਾਹਰ ਦੇਖਿਆ ਗਿਆ ਸੀ। ਉਹ ਸੈਂਟਾ ਕਰੂਜ਼ ਦੇ 1506-ਸਕੇਲ 'ਤੇ ਗ੍ਰਾਹਕਾਂ ਲਈ ਪਰੇਸ਼ਾਨੀ ਪੈਦਾ ਕਰ ਰਹੇ ਸਨ।

ਉਸ ਨੇ ਉਨ੍ਹਾਂ ਨੂੰ ਜਾਣ ਲਈ ਕਿਹਾ ਪਰ ਉਨਾਂ ਵਿਚੋਂ ਇਕ ਨੇ ਉਸ 'ਤੇ ਹਮਲਾ ਕੀਤਾ ਤੇ ਧਮਕੀ ਵੀ ਦਿੱਤੀ। ਉਸ ਨੇ ਕਿਹਾ ਕਿ ਉਹ ਬੇਸਬਾਲ ਦਾ ਬੱਲਾ ਲੈਣ ਲਈ ਅੰਦਰ ਵਾਪਸ ਚਲਾ ਗਿਆ। ਜਦੋਂ ਉਹ ਇਸ ਗਰੁੱਪ ਕੋਲ ਆਇਆ ਤਾਂ ਇਕ ਬੰਦੇ ਨੇ ਮੇਰੇ 'ਤੇ ਹਮਲਾ ਕੀਤਾ। ਉਸ ਨੇ ਮੇਰਾ ਬੱਲਾ ਅਤੇ ਸੈੱਲ ਫੋਨ ਨੂੰ ਖੋਹ ਲਿਆ ਕਿਉਂਕਿ ਮੈਂ ਪੁਲਿਸ ਨੂੰ ਫੋਨ ਕਰਨ ਦੀ ਕੋਸ਼ਿਸ਼ ਕੀਤੀ ਸੀ। ਉਸ ਨੇ ਭਾਵੁਕ ਹੁੰਦਿਆਂ ਕਿਹਾ ਕਿ ਉਸ ਦੇ ਚਿਹਰੇ 'ਤੇ ਝਰੀਟਾਂ ਦਾ ਹਮਲਾ ਸਾਫ ਦਿਖਾਈ ਦਿੰਦਾ ਸੀ।

ਜਦੋਂ ਪੁਲਿਸ ਪਹੁੰਚੀ ਤਾਂ ਉਨ੍ਹਾਂ ਨੇ ਝਗੜੇ ਲਈ ਨਿਤਿਨ ਕੁਮਾਰ ਰਾਚਾ ਨੂੰ ਦੋਸ਼ੀ ਠਹਿਰਾਇਆ ਅਤੇ ਹਿਰਾਸਤ ਵਿਚ ਲੈ ਲਿਆ। ਪੁਲਿਸ ਨੇ ਉਨ੍ਹਾਂ ਨੂੰ ਹਿਰਾਸਤ ਵਿਚ ਲੈਣ ਤੋਂ ਪਹਿਲਾਂ ਬੋਲਣ ਦੀ ਆਗਿਆ ਵੀ ਨਹੀਂ ਦਿੱਤੀ। ਉਸ ਨੇ ਕਿਹਾ ਕਿ, ਮੈਂ ਸਮਝਾਉਣ ਦੀ ਕੋਸ਼ਿਸ਼ ਕੀਤੀ ਪਰ ਪੁਲਿਸ ਨੇ ਧਿਆਨ ਨਹੀਂ ਦਿੱਤਾ।

ਉਧਰ ਪੁਲੀਸ ਅਨੁਸਾਰ ਉਸ ਨੇ ਨਿਗਰਾਨੀ ਕੈਮਰਾ ਦੀ ਫੁਟੇਜ਼ ਅਪਣੇ ਕਬਜ਼ੇ 'ਚ ਲੈ ਲਈ ਸੀ ਅਤੇ ਤਫਤੀਸ਼ ਕੀਤੀ। ਸੈਂਟਾ ਕਰੂਜ਼ ਪੁਲਿਸ ਡਿਪਾਰਟਮੈਂਟ ਦੇ ਇਕ ਬੁਲਾਰੇ ਜੋਇਸ ਬਲੇਸ਼ਕੇ ਨੇ ਕਿਹਾ ਕਿ ਲੰਬੇ ਸਮੇਂ ਦੀ ਜਾਂਚ ਤੋਂ ਬਾਅਦ, ਇਹ ਨਤੀਜਾ ਨਿਕਲਿਆ ਹੈ ਕਿ ਨਿਤਿਨ ਰਾਚਾ ਨੇ ਉਨ੍ਹਾਂ ਨੂੰ ਬੇਸਬਾਲ ਬੱਲੇ ਨਾਲ ਮਾਰਿਆ ਸੀ ਜਿਸ ਕਰਕੇ ਉਸ ਨੂੰ ਕਾਨੂੰਨ ਦਾ ਸਾਹਮਣਾ ਕਰਨਾ ਪਵੇਗਾ।



# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਮਹਾਨ ਨਗਰ ਕੀਰਤਨ ਸਜਾਇਆ

**ਨਿਊਯਾਰਕ/ਬਿਊਰੋ ਨਿਊਜ਼ :** ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ, ਜੋ ਈਸਟ ਕੋਸਟ ਦੇ ਸਮੂਹ ਗੁਰਦੁਆਰਾ ਸਾਹਿਬਾਨ ਦੀ ਅਗਵਾਈ ਕਰਦਾ ਹੈ, ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਪੁਰਬ ਨੂੰ ਸਮਰਪਿਤ 8ਵਾਂ ਮਹਾਨ ਨਗਰ ਕੀਰਤਨ ਸਤੰਬਰ 9, 2018 ਦਿਨ ਐਤਵਾਰ ਨੂੰ ਸਜਾਇਆ ਗਿਆ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਜ ਨਿਸ਼ਾਨਚੀ ਸਾਹਿਬਾਨ ਤੇ ਪੰਜ ਪਿਆਰੇ ਸਾਹਿਬਾਨ ਦੀ ਅਗਵਾਈ ਵਿਚ ਠੀਕ 12:30 ਵਜੇ ਹੈੱਡ ਗ੍ਰੰਥੀ ਗਿਆਨੀ ਭੁਪਿੰਦਰ ਸਿੰਘ ਜੀ ਦੇ ਅਰਦਾਸ ਕਰਨ ਉਪਰੰਤ ਨਗਰ ਕੀਰਤਨ ਦੀ ਆਰੰਭਤਾ ਹੋਈ। ਨਗਰ ਕੀਰਤਨ ਵਿਚ ਸਭ ਤੋਂ ਅੱਗੇ ਗੁਰਦੁਆਰਾ ਸਾਹਿਬ ਦੇ ਬੱਚਿਆਂ ਦਾ ਬਾਬਾ ਜੁਝਾਰ ਸਿੰਘ ਮਾਰਚਿੰਗ ਬੈਂਡ ਚੱਲ ਰਿਹਾ ਸੀ। ਉਸ ਤੋਂ ਬਾਅਦ ਦਸਮੇਸ਼ ਨਗਾਰਾ ਜਥੇ ਦੇ ਸਿੰਘ ਵੀ ਨਗਾਰੇ ਵਜਾਉਂਦੇ ਹੋਏ ਜੈਕਾਰਿਆਂ ਦੀ ਗੂੰਜ ਨਾਲ ਇਸ ਨਗਰ ਕੀਰਤਨ ਨੂੰ ਹੋਰ ਵੀ ਅਲੌਕਿਕ ਬਣਾ ਰਹੇ ਸਨ। ਉਨ੍ਹਾਂ ਤੋਂ ਬਾਅਦ ਸਿੱਖ ਸੰਗਤਾਂ ਗੁਰੂ ਗ੍ਰੰਥ ਸਾਹਿਬ ਜੀ ਦੇ ਰਸਤੇ ਦੀ ਝਾੜੂਆਂ ਨਾਲ ਸਫ਼ਾਈ ਕਰ ਰਹੀਆਂ ਸਨ ਅਤੇ ਨਾਲ ਹੀ ਦੋ ਸਿੰਘ ਕੇਸਰੀ ਨਿਸ਼ਾਨ ਸਾਹਿਬ ਤੇ ਅਮਰੀਕਨ ਫਲੈਗ ਫੜ ਕੇ ਚੱਲ ਰਹੇ ਸਨ। ਉਨ੍ਹਾਂ ਤੋਂ ਬਾਅਦ ਪੰਜ ਨਿਸ਼ਾਨਚੀ ਸਾਹਿਬਾਨ ਦੇ ਅੱਗੇ-ਅੱਗੇ ਸੰਗਤਾਂ ਜਲ ਛਿੜਕਾ ਰਹੀਆਂ ਸਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਨਾਲ-ਨਾਲ ਸੰਗਤਾਂ ਸਤਿਨਾਮ-ਵਾਹਿਗੁਰੂ ਦਾ ਸਿਮਰਨ ਕਰਦੀਆਂ ਚੱਲ ਰਹੀਆਂ ਸਨ। ਮੌਸਮ ਖ਼ਰਾਬ ਹੋਣ ਦੇ ਬਾਵਜੂਦ ਸਿੱਖ ਸੰਗਤਾਂ ਨੇ ਵੱਧ ਚੜ੍ਹ ਕੇ ਇਸ ਨਗਰ ਕੀਰਤਨ ਵਿਚ ਸ਼ਮੂਲੀਅਤ ਕੀਤੀ। ਸੱਚਖੰਡ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਸਾਹਿਬ ਦੇ ਸਾਬਕਾ ਹੈਡ ਗ੍ਰੰਥੀ ਸਿੰਘ ਸਾਹਿਬ ਗਿਆਨੀ ਜਸਵਿੰਦਰ ਸਿੰਘ ਜੀ ਅਤੇ ਸਾਬਕਾ ਹਜ਼ੂਰੀ ਅਰਦਾਸੀ ਸਿੰਘ ਭਾਈ ਧਰਮ ਸਿੰਘ ਜੀ ਨੇ ਨਗਰ ਕੀਰਤਨ ਵਿਚ ਵਿਸ਼ੇਸ਼ ਤੌਰ ਹਾਜ਼ਰੀ ਭਰੀ। ਨਗਰ ਕੀਰਤਨ ਵਿੱਚ Queens Borough President Ms. Melinda KATZ, Assemblyman David Veprin, 102 Precinct commanding officer captian coutney B NILAN, NYPD Queens South Assistant Chief- David Barrere ਨੇ ਵੀ ਹਾਜ਼ਰੀ ਭਰੀ ਅਤੇ ਸਮੂਹ ਸਿੱਖ ਜਗਤ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਪੁਰਬ ਦੀਆਂ ਵਧਾਈਆਂ ਦਿੱਤੀਆਂ। ਨਗਰ ਕੀਰਤਨ ਦੌਰਾਨ ਸਿੱਖ ਪੰਥ ਦੇ ਨਾਮਵਰ ਕੀਰਤਨੀ ਜਥੇ ਭਾਈ ਗਗਨਦੀਪ ਸਿੰਘ ਅਲਵਰ ਵਾਲੇ ਤੇ ਭਾਈ ਬਲਜਿੰਦਰ ਸਿੰਘ ਜੀ ਪਿਹੋਵੇ ਵਾਲਿਆਂ ਨੇ ਸੰਗਤਾਂ ਨੂੰ ਕੀਰਤਨ ਨਾਲ ਜੋੜਿਆ ਅਤੇ ਗੁਰੂਜਸ ਸਰਵਣ ਕਰਵਾਇਆ। ਕਿਤੇ ਢਾਡੀ ਜਥਾ ਭਾਈ ਲਖਵੀਰ ਸਿੰਘ ਕੋਮਲ ਅਤੇ ਕਵੀਸ਼ਰੀ ਜਥਾ ਭਾਈ ਸੁੱਚਾ ਸਿੰਘ ਡੇਰਾ ਪਠਾਣਾਂ, ਗੁਰਦਾਸਪੁਰ ਵਾਲੇ ਸੰਗਤਾਂ ਨੂੰ ਗੁਰ ਇਤਿਹਾਸ ਸੁਣਾ ਕੇ ਨਿਹਾਲ ਕਰ ਰਹੇ ਸਨ ਤੇ ਅੱਗੇ ਸਿੱਖਸ ਫਾਰ ਜਸਟਿਸ, ਸਿੱਖ ਯੂਥ ਆਫ ਅਮਰੀਕਾ, ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਬੁਲਾਰੇ ਸੰਗਤਾਂ ਨੂੰ ਸੰਬੋਧਨ ਕਰ ਰਹੇ ਸਨ। ਨਗਰ ਕੀਰਤਨ ਵਿਚ ਬੱਚਿਆਂ ਵਲੋਂ ਗੱਤਕੇ ਦੇ ਜੌਹਰ ਵੀ ਦਿਖਾਏ ਗਏ। ਗੁਰਦੁਆਰਾ ਸਾਹਿਬ ਤੋਂ ਨਗਰ ਕੀਰਤਨ 101 ਐਵੀਨਿਊ ਸਥਿਤ ਗੁਰਦੁਆਰਾ ਬਾਬਾ ਮੱਖਣ ਸ਼ਾਹ ਲੁਬਾਣਾ ਵਿਖੇ ਪਹੁੰਚਿਆ, ਜਿੱਥੇ ਸਮੂਹ ਪ੍ਰਬੰਧਕ ਕਮੇਟੀ ਤੇ ਸੰਗਤਾਂ ਨੇ ਨਗਰ ਕੀਰਤਨ ਨੂੰ ਜੀ ਆਇਆਂ ਕੀਤਾ ਅਤੇ ਫੁੱਲਾਂ ਦੀ ਵਰਖਾ ਕਰਦਿਆਂ ਰੁਮਾਲਾ ਸਾਹਿਬ ਭੇਟਾ ਕੀਤਾ। ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ ਵਲੋਂ ਗੁਰਦੁਆਰਾ ਬਾਬਾ ਮੱਖਣ ਸ਼ਾਹ ਲੁਬਾਣਾ ਦੀ ਪ੍ਰਬੰਧਕ ਕਮੇਟੀ ਤੋਂ ਸਮੂਹ ਸੰਗਤਾਂ ਦਾ ਧੰਨਵਾਦ ਕੀਤਾ ਗਿਆ। ਪੂਰੇ ਰਸਤੇ ਵਿਚ ਸੰਗਤਾਂ ਲਈ ਥਾਂ-ਥਾਂ ਉਤੇ ਲੰਗਰਾਂ ਦਾ ਪ੍ਰਬੰਧ ਕੀਤਾ ਗਿਆ ਸੀ। ਸੰਗਤਾਂ ਨੇ ਲੰਗਰਾਂ ਦਾ ਖ਼ੂਬ ਆਨੰਦ ਮਾਣਿਆ। ਨਗਰ ਕੀਰਤਨ ਦੇ ਪੂਰੇ ਰਸਤੇ ਵਿਚ ਜੈਕਾਰਿਆਂ ਦੀ ਗੂੰਜ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੇ ਫੁੱਲਾਂ ਦੀ ਵਰਖਾ ਕੀਤੀ ਗਈ। ਇਹ ਇਕ ਬਹੁਤ ਹੀ ਅਲੌਕਿਕ ਨਜ਼ਾਰਾ ਸੀ। ਸੰਗਤਾਂ ਦੇ ਹੱਥ ਵਿਚ ਫੜੀਆਂ ਕੇਸਰੀ ਝੰਡੀਆਂ ਇਸ ਤਰ੍ਹਾਂ ਅਹਿਸਾਸ ਕਰਵਾ ਰਹੀਆਂ ਸਨ ਜਿਵੇਂ ਹਰ ਪਾਸੇ ਖਾਲਸੇ ਦਾ ਰਾਜ ਹੋ ਗਿਆ ਹੋਵੇ। ਗੁਰਦੁਆਰਾ ਸਾਹਿਬ ਵਲੋਂ ਸਮੂਹ ਸੇਵਾਦਾਰਾਂ ਦਾ ਧੰਨਵਾਦ ਕੀਤਾ ਗਿਆ, ਜਿਨ੍ਹਾਂ ਵਿਚੋਂ ਸ. ਕੁਲਵਿੰਦਰ ਸਿੰਘ ਸੁਖ-ਆਸਣਾਂ ਤੇ ਬਿਰਾਜਮਾਨ ਕੀਤਾ ਗਿਆ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਕ੍ਰਿਪਾ ਸਦਕਾ ਜੈਕਾਰਿਆਂ ਦੀ ਗੂੰਜ ਵਿਚ ਇਹ ਨਗਰ ਕੀਰਤਨ ਸੰਪੰਨ ਹੋਇਆ। ਜਨਰਲ ਸੈਕਟਰੀ ਸ. ਭੁਪਿੰਦਰ ਸਿੰਘ ਅਟਵਾਲ, ਸ. ਕੁਲਦੀਪ ਸਿੰਘ ਵੜੈਚ ਨੇ ਨਗਰ ਕੀਰਤਨ ਦੌਰਾਨ ਸਟੇਜ ਦੀ ਕਾਰਵਾਈ ਬਹੁਤ ਸੁਚੱਜੇ ਢੰਗ ਨਾਲ ਨਿਭਾਈ। ਕੋਆਰਡੀਨੇਟਰ ਸ .ਗੁਰਦੇਵ ਸਿੰਘ ਕੰਗ, ਚੇਅਰਮੈਨ ਸ. ਸੁਰਜੀਤ ਸਿੰਘ ਮੂਧਲ ਨੇ ਇਸ ਨਗਰ ਕੀਰਤਨ ਨੂੰ ਸੁਚੱਜੇ ਢੰਗ ਨਾਲ ਨੇਪਰੇ ਚਾੜ੍ਹਨ ਵਿਚ ਪੂਰਾ ਯੋਗਦਾਨ ਪਾਇਆ। ਮੁੱਖ ਸੇਵਾਦਾਰ ਸ. ਕੁਲਦੀਪ ਸਿੰਘ ਢਿੱਲੋਂ ਨੇ ਸਾਰੀਆਂ ਸੰਗਤਾਂ ਤੇ ਪਤਵੰਤੇ ਸੱਜਣਾਂ ਦਾ ਨਗਰ ਕੀਰਤਨ ਦੇ ਪਹੁੰਚਣ ਤੇ ਧੰਨਵਾਦ ਕੀਤਾ ਅਤੇ ਸਮੂਹ ਜਗਤ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਪੁਰਬ ਦੀਆਂ ਵਧਾਈਆਂ ਦਿੱਤੀਆਂ।

## ਬਾਬਾ ਨੰਦ ਸਿੰਘ ਜੀ ਨਾਨਕਸਰ ਵਾਲਿਆਂ ਦੀ ਬਰਸੀ 'ਤੇ ਵਿਸ਼ੇਸ਼ ਸਮਾਗਮ



**ਫਰਿਜ਼ਨੋ/ਕੁਲਵੰਤ ਧਾਲੀਆਂ/ਨੀਟਾ ਮਾਛੀਕੇ :** ਨਾਨਕਸਰ ਸੰਪਰਦਾ ਦੇ ਮੋਢੀ ਧੰਨ-ਧੰਨ ਬਾਬਾ ਨੰਦ ਸਿੰਘ ਜੀ ਨਾਨਕਸਰ ਕਲੇਰਾਂ, ਨਜ਼ਦੀਕ ਜਗਰਾਉ ਦੀ ਸਲਾਨਾ ਬਰਸੀਂ ਫਰਿਜ਼ਨੋ ਦੇ ਚੈਰੀ ਐਵਨਿਊ ਸਥਿਤ 'ਗੁਰਦੁਆਰਾ ਨਾਨਕਸਰ' ਵਿਖੇ ਮਨਾਈ ਗਈ। ਇਸ ਮੌਕੇ ਲਗਾਤਾਰ ਸ੍ਰੀ ਆਖੰਡ ਪਾਠਾਂ ਦੀ ਲੜੀ ਦੀ ਸਮਾਪਤੀ ਉਪਰੰਤ ਵਿਸ਼ੇਸ਼ ਸਮਾਗਮ ਹੋਏ, ਜਿਨ੍ਹਾਂ ਵਿੱਚ ਗੁਰੂ ਘਰ ਦੇ ਹਜ਼ੂਰੀ ਜਥੇ ਤੋਂ ਇਲਾਵਾ ਭਾਈ ਹਰਭਜਨ ਸਿੰਘ ਜੀ ਦੇ ਜਥੇ ਨੇ ਕੀਰਤਨ ਕੀਤਾ। ਹਮੇਸ਼ਾ ਵਾਂਗ ਇਸ ਵਾਰ ਵੀ ਸਿੱਖ ਸੰਗਤਾਂ ਨੇ ਭਾਰੀ ਗਿਣਤੀ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਨਤਮਸਤਕ ਹੋ ਕੇ ਹਾਜ਼ਰੀ ਭਰੀ। ਇਸ ਸਮਾਗਮ ਲਈ ਭਾਰਤ ਤੋਂ ਪਹੁੰਚੇ ਸੰਤ ਬਾਬਾ ਅਮਰੀਕ ਸਿੰਘ ਜੀ ਪੰਜ ਭੈਣੀਆਂ ਵਾਲਿਆਂ ਨੇ ਪਾਠਾਂ ਦੀ ਲੜੀ ਦੇ ਸ਼ੁਰੂ ਤੋਂ ਅੰਤ ਤੱਕ ਦੀਵਾਨ ਲਾ ਕੇ ਸੰਗਤਾਂ ਨੂੰ ਗੁਰਬਾਣੀ ਅਤੇ ਗੁਰਇਤਿਹਾਸ ਨਾਲ ਜੋੜਿਆ। ਸਮਾਗਮ ਦੌਰਾਨ ਗੁਰੂ ਘਰ ਦੇ ਸੇਵਾਦਾਰ ਡਾ. ਸੁਖਜੀਤ ਸਿੰਘ ਚਾਹਲ ਨੇ ਬਾਬਾ ਨੰਦ ਸਿੰਘ ਜੀ ਦੀ ਜੀਵਨੀ ਬਾਰੇ ਦੱਸਦੇ ਹੋਏ ਗੁਰਮਤਿ ਵਿਚਾਰਾਂ ਦੀ ਸਾਂਝ ਪਾਈ। ਮੁੱਖ ਸੇਵਾਦਾਰ ਬਾਬਾ ਕਰਤਾਰ ਸਿੰਘ ਅਤੇ ਗੁਰਦੇਵ ਸਿੰਘ ਮੁਹਾਰ ਨੇ ਬਾਬਾ ਅਮਰੀਕ ਸਿੰਘ ਪੰਜ ਭੈਣੀਆਂ ਅਤੇ ਭਾਈ ਕੁਲਦੀਪ ਸਿੰਘ ਨੂੰ ਸਨਮਾਨਿਤ ਕੀਤਾ। ਭਾਈ ਹਰਭਜਨ ਸਿੰਘ ਨੇ ਸਮੁੱਚੇ ਮੀਡੀਏ, ਸੰਗਤਾਂ ਅਤੇ ਸੇਵਾਦਾਰਾਂ ਦਾ ਧੰਨਵਾਦ ਕੀਤਾ। ਅੰਤ ਵਿਚ ਗੁਰੂ ਦਾ ਲੰਗਰ ਅਤੁੱਟ ਵਰਤਾਇਆ ਗਿਆ। ਇਸ ਤਰ੍ਹਾਂ ਇਹ ਸਮਾਗਮ ਬਾਬਾ ਨੰਦ ਸਿੰਘ ਜੀ ਦੇ ਉੱਚੇ-ਸੁੱਚੇ ਜੀਵਨ, ਭਗਤੀ, ਸੇਵਾ, ਸਿਮਰਨ ਅਤੇ ਸਾਦੇ ਜੀਵਨ ਵਿਚ ਰਹਿ ਕੇ ਸਰਬੱਤ ਦੇ ਭਲੇ ਦੀ ਅਰਦਾਸ ਦਾ ਸੁਨੇਹਾ ਦਿੰਦਾ ਹੋਇਆ ਯਾਦਗਾਰੀ ਹੋ ਨਿਬੜਿਆ।

## ਸਿਮਰਨਜੀਤ ਸਿੰਘ ਮਾਨ ਦੇਸ਼ ਧ੍ਰੋਹ ਦੇ ਮੁਕੱਦਮੇ 'ਚੋਂ ਬਰੀ

**ਫਤਹਿਗੜ੍ਹ ਸਾਹਿਬ/ਬਿਊਰੋ ਨਿਊਜ਼ :** ਅਕਾਲੀ ਦਲ (ਅੰਮ੍ਰਿਤਸਰ) ਦੇ ਕੌਮੀ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੂੰ ਜ਼ਿਲ੍ਹਾ ਸੈਸ਼ਨ ਕੋਰਟ ਦੇ ਐਡੀਸ਼ਨਲ ਸੈਸ਼ਨ ਜੱਜ ਆਰਕੇ ਵਸ਼ਿਸ਼ਟ ਨੇ ਦੇਸ਼ ਧ੍ਰੋਹ ਤੇ ਬਗਾਵਤ ਦੇ ਕੇਸ ਵਿਚੋਂ ਬਾਇੱਜ਼ਤ ਬਰੀ ਕਰਨ ਦੇ ਹੁਕਮ ਦਿੱਤੇ ਹਨ। ਸ. ਮਾਨ ਖ਼ਿਲਾਫ਼ ਤਹਿਸੀਲ ਬਸੀ ਪਠਾਣਾਂ ਵਿੱਚ 8 ਮਾਰਚ 2006 ਨੂੰ ਮੁਕੱਦਮਾ ਦਰਜ ਕੀਤਾ ਗਿਆ ਸੀ। ਇਸ ਤੋਂ ਪਹਿਲਾਂ ਵੀ ਸ. ਮਾਨ ਪੰਜਾਬ ਅਤੇ ਹੋਰਨਾਂ ਸਥਾਨਾਂ ਉੱਪਰ ਦੇਸ਼ ਧ੍ਰੋਹ ਅਤੇ ਬਗ਼ਾਵਤ ਦੇ ਲਗਪਗ 74 ਕੇਸਾਂ ਵਿਚੋਂ ਬਰੀ ਹੋ ਚੁੱਕੇ ਹਨ। ਸ. ਮਾਨ ਖ਼ਿਲਾਫ਼ ਬਸੀ ਪਠਾਣਾਂ ਵਿੱਚ ਚੱਲ ਰਹੇ ਆਖ਼ਰੀ ਮੁਕੱਦਮੇ ਵਿਚੋਂ ਬਰੀ ਹੋਣ ਉਪਰੰਤ ਸਮੁੱਚੀ ਸਿੱਖ ਕੌਮ, ਸਿੱਖ ਸੰਗਠਨਾਂ, ਜਥੇਬੰਦੀਆਂ ਅਤੇ ਪਾਰਟੀ ਵਰਕਰਾਂ ਨੇ ਉਨ੍ਹਾਂ ਨੂੰ ਮੁਬਾਰਕਾਂ ਦਿੱਤੀਆਂ। ਦੱਸਿਆ ਜਾਂਦਾ ਹੈ ਕਿ ਮਾਨ ਖ਼ਿਲਾਫ਼ ਸੰਨ 2006 ਵਿੱਚ ਇੱਕ ਸੀਡੀ ਨੂੰ ਆਧਾਰ ਬਣਾ ਕੇ ਇਹ ਮੁਕੱਦਮਾ ਦਰਜ ਕੀਤਾ ਗਿਆ ਸੀ, ਜਿਸ ਵਿਚ ਖ਼ਾਲਿਸਤਾਨ ਦੀ ਗੱਲ ਕਰਨ 'ਤੇ ਦੇਸ਼ ਧ੍ਰੋਹ ਦਾ ਦੋਸ਼ ਲਾਇਆ ਗਿਆ ਸੀ। ਉਸ ਸਮੇਂ ਕਾਂਗਰਸ ਦਾ ਰਾਜ ਸੀ। ਮੁਕੱਦਮੇ ਦੀ ਮਨਜ਼ੂਰੀ ਲੈਣ ਲਈ ਜਦੋਂ ਗ੍ਰਹਿ ਵਿਭਾਗ ਕੋਲ ਭੇਜਿਆ ਗਿਆ ਤਾਂ ਗ੍ਰਹਿ ਵਿਭਾਗ ਨੇ ਮਨਜ਼ੂਰੀ ਨਹੀਂ ਦਿੱਤੀ। ਛੇ ਸਾਲ ਬਾਅਦ ਜਦੋਂ ਪ੍ਰਕਾਸ਼ ਸਿੰਘ ਬਾਦਲ ਜਦੋਂ ਪੰਜਾਬ ਦੇ ਮੁੱਖ ਮੰਤਰੀ ਸਨ ਤਾਂ ਉਸ ਸਮੇਂ ਇਸ ਨੂੰ ਮਨਜ਼ੂਰੀ ਦੇ ਦਿੱਤੀ ਗਈ ਅਤੇ ਸੰਨ 20 12 ਵਿੱਚ ਚਲਾਨ ਪੇਸ਼ ਕੀਤਾ ਗਿਆ। ਪੰਜਾਬ ਦੇ ਹੁਕਮਰਾਨਾਂ ਨੇ ਆਪਣੇ ਸਿਆਸੀ ਮੁਫ਼ਾਦਾਂ ਦੀ ਪੂਰਤੀ ਲਈ ਇਹ ਚਲਾਨ ਪੇਸ਼ ਕਰਵਾਇਆ। ਮਿਲੀ ਜਾਣਕਾਰੀ ਮੁਤਾਬਕ ਸ. ਮਾਨ ਉੱਤੇ ਹੁਣ ਤੱਕ 75 ਕੇਸ ਬਣਾਏ ਗਏ ਅਤੇ ਇਹ 75ਵਾਂ ਕੇਸ ਸੀ, ਜਿਸ ਵਿੱਚੋਂ ਉਹ ਬਰੀ ਹੋਏ ਹਨ।










# 14ਵੇਂ ਵਿਸ਼ਵ ਕਬੱਡੀ ਕੱਪ ਦੇ ਸਾਰੇ ਪ੍ਰਬੰਧ ਮੁਕੰਮਲ

## *16 ਸਤੰਬਰ ਨੂੰ ਮਾਂ-ਖੇਡ ਕਬੱਡੀ ਦੇ ਰੰਗ ਵੇਖਣ ਲਈ ਯੂਨੀਅਨ ਸਿਟੀ ਪਹੁੰਚਣ ਦਾ ਖੁੱਲਾ ਸੱਦਾ : ਗਾਖਲ*

**ਯੂਨੀਅਨ ਸਿਟੀ/ਬਿਊਰੋ ਨਿਊਜ਼ :** ਉੱਤਰੀ ਅਮਰੀਕਾ ਹੀ ਨਹੀਂ ਸਗੋਂ ਵਿਸ਼ਵ ਕਬੱਡੀ ਖੇਡ ਜਗਤ ਵਿੱਚ ਵਿਸ਼ੇਸ਼ ਥਾਂ ਰੱਖਣ ਵਾਲੇ ਯੁਨਾਈਟਡ ਸਪੋਰਟਸ ਕਲੱਬ ਕੈਲੀਫੋਰਨੀਆ ਦਾ 14ਵਾਂ ਵਿਸ਼ਵ ਕਬੱਡੀ ਕੱਪ 16 ਸਤੰਬਰ ਦਿਨ ਐਤਵਾਰ ਨੂੰ ਲੋਗਨ ਹਾਈ ਸਕੂਲ ਯੂਨੀਅਨ ਸਿਟੀ ਵਿਖੇ ਸਵੇਰੇ 9 ਵਜੇ ਤੋਂ ਦੇਰ ਸ਼ਾਮ ਤੱਕ ਕਰਵਾਇਆ ਜਾ ਰਿਹਾ ਹੈ। ਇੱਥੇ ਰਾਜਾ ਸਵੀਟਸ ਵਿਖੇ ਇਸ ਖੇਡ ਮੇਲੇ ਦੇ ਅਹਿਮ ਪ੍ਰਬੰਧਾਂ ਦੇ ਨਿਰੀਖਣ ਲਈ ਹੋਈ ਮੀਟਿੰਗ ਵਿੱਚ ਚੇਅਰਮੈਨ ਸ. ਮੱਖਣ ਸਿੰਘ ਬੈਂਸ, ਉੱਪ ਚੇਅਰਮੈਨ ਇਕਬਾਲ ਸਿੰਘ ਗਾਖਲ, ਪ੍ਰਧਾਨ ਬਲਬੀਰ ਭਾਟੀਆ, ਪਲਵਿੰਦਰ ਸਿੰਘ ਗਾਖਲ, ਇੰਦਰਜੀਤ ਥਿੰਦ, ਸਾਧੂ ਸਿੰਘ ਖਲੌਰ, ਜੁਗਰਾਜ ਸਿੰਘ ਸਹੋਤਾ, ਨਰਿੰਦਰ ਸਿੰਘ ਸਹੋਤਾ, ਐੱਸ ਅਸ਼ੋਕ ਭੌਰਾ ਨੇ ਹਾਜ਼ਰੀ ਭਰੀ। ਇਸ ਖੇਡ ਮੇਲੇ ਦੇ ਮੁੱਖ ਸਰਪ੍ਰਸਤ ਤੇ ਰੂਹੇ-ਰਵਾਂ ਸ. ਅਮੋਲਕ ਸਿੰਘ ਗਾਖਲ ਨੇ ਕਿਹਾ ਕਿ ਸਾਰੇ ਪ੍ਰਬੰਧ ਮੁਕੰਮਲ ਕਰ ਲਏ ਗਏ ਹਨ ਅਤੇ ਇਸ ਵੇਲੇ ਕੈਲੀਫੋਰਨੀਆ ਦੀ ਧਰਤੀ 'ਤੇ ਚੋਟੀ ਦੇ ਵਿਸ਼ਵ ਪ੍ਰਸਿੱਧ ਕਬੱਡੀ ਖਿਡਾਰੀ ਪਹੁੰਚ ਚੁੱਕੇ ਹਨ। ਉਨ੍ਹਾਂ ਕਿਹਾ ਕਿ ਕਬੱਡੀ ਦੇ ਇਸ ਕੁੰਭ ਵਿੱਚ ਉਹ ਸਾਰੇ ਖਿਡਾਰੀ ਸ਼ਿਰਕਤ ਕਰਨਗੇ, ਜਿਨ੍ਹਾਂ ਨੂੰ ਵੇਖਣ ਲਈ ਪੰਜਾਬੀ ਦਰਸ਼ਕਾਂ ਵਿੱਚ ਹਮੇਸ਼ਾ ਉਤਸੁਕਤਾ ਬਣੀ ਰਹੀ ਹੈ। ਸ. ਗਾਖਲ ਨੇ ਕਿਹਾ ਕਿ ਇਸ ਵਾਰ ਪਹਿਲਾਂ ਨਾਲੋਂ ਵੀ ਵਧੇਰੇ ਦਰਸ਼ਕਾਂ ਦੀ ਆਮਦ ਹੋਣ ਦੀ ਆਸ ਬੱਝੀ ਹੋਈ ਹੈ। ਇਸੇ ਕਰਕੇ ਪਾਰਕਿੰਗ, ਗੁਰੂ ਕੇ ਲੰਗਰ, ਚਾਹ-ਪਾਣੀ, ਮੁਫਤ ਦਾਖਲਾ ਅਤੇ ਸਕਿਓਰਿਟੀ ਪੱਖੋਂ ਹਰ ਤਰ੍ਹਾਂ ਦੀ ਸਹੂਲਤ ਦਾ ਪ੍ਰਬੰਧ ਕੀਤਾ ਗਿਆ ਹੈ। ਕਬੱਡੀ ਦੇ ਖੁੱਲ੍ਹੇ ਮੁਕਾਬਲਿਆਂ ਵਿੱਚ ਸ਼ੇਰੇ-ਪੰਜਾਬ ਸਪੋਰਟਸ ਕਲੱਬ ਲਾਸ ਵੈਨਸ (ਲੱਛਰ ਭਰਾ), ਬੇ-ਏਰੀਆ ਸਪੋਰਟਸ ਕਲੱਬ (ਬਲਜੀਤ ਸੰਧੂ), ਰਾਇਲ ਕਿੰਗ ਯੂ. ਐੱਸ. ਏ. (ਸ਼ੱਬਾ ਥਿਆੜਾ), ਮਿਡ ਵੈਸਟ ਕਲੱਬ (ਵਿੱਕੀ ਅਤੇ ਤਾਰੀ), ਕਨੇਡਾ ਕਲੱਬ (ਸੇਵਾ ਸਿੰਘ ਰੰਧਾਵਾ ਤੇ ਪੰਮਾ ਦਿਓਲ) ਦੀਆਂ ਟੀਮਾਂ ਭਾਗ ਲੈ ਰਹੀਆਂ ਹਨ, ਜਦੋਂਕਿ ਅੰਡਰ-20 ਫਾਈਵ ਵਿੱਚ ਯੂਬਾ ਬ੍ਰਦਰਜ਼, ਖਾਲਸਾ ਸਪੋਰਟਸ ਕਲੱਬ ਯੂਬਾ ਸਿਟੀ, ਸ਼ਹੀਦ ਬਾਬਾ ਦੀਪ ਸਿੰਘ ਸਪੋਰਟਸ ਕਲੱਬ ਸੈਕਰਾਮੈਂਟੋ ਦੇ ਕਬੱਡੀ ਖਿਡਾਰੀ ਦਰਸ਼ਨਾਂ ਨੂੰ ਕਬੱਡੀ ਦੇ ਰੰਗ ਦਿਖਾਉਣ ਲਈ ਮੈਦਾਨ ਵਿਚ ਨਿੱਤਰਨਗੇ। ਉਨ੍ਹਾਂ ਇਹ ਵੀ ਕਿਹਾ ਕਿ ਅਸੀਂ ਇਹ ਯਕੀਨੀ ਬਣਾਉਣ ਦੀ ਕੋਸ਼ਿਸ਼ ਕਰਾਂਗੇ ਕਿ ਇਸ ਖੇਡ ਮੇਲੇ ਦਾ ਇਕ-ਇਕ ਪਲ ਦਰਸ਼ਕਾਂ ਦੇ ਚੇਤੇ 'ਚੋਂ ਕਦੇ ਨਾ ਵਿਸਰੇ। ਤਕਰੀਬਨ ਇੱਕ ਦਰਜਨ ਤੋਂ ਵੱਧ ਪੁਲਿਸ ਅਫਸਰ ਅਤੇ 30 ਦੇ ਕਰੀਬ ਸਕਿਓਰਿਟੀ ਅਫਸਰ ਇਸ ਖੇਡ ਮੇਲੇ ਦੀ ਦੇਖ-ਰੇਖ ਕਰਦੇ ਰਹਿਣਗੇ। ਟੂਰਨਾਮੈਂਟ ਦਾ ਉਦਘਾਟਨ ਸ. ਸੁਰਜੀਤ ਸਿੰਘ ਟੁੱਟ, ਮਾਈਕ ਬੋਪਾਰਾਏ, ਜਸਪ੍ਰੀਤ ਸਿੰਘ ਅਟਾਰਨੀ, ਮੇਜਰ ਸਿੰਘ ਬੈਂਸ ਅਤੇ ਹਰਦੁੰਮਣ ਸਿੰਘ ਬਿੱਲਾ ਸੰਘੇੜਾ ਕਰਨਗੇ। ਖਡੂਰ ਸਾਹਿਬ ਵਾਲੇ ਸੰਤ ਬਾਬਾ ਸੇਵਾ ਸਿੰਘ ਖਿਡਾਰੀਆਂ ਨੂੰ ਅਸ਼ੀਰਵਾਦ ਦੇਣ ਲਈ ਮੁੱਖ ਮਹਿਮਾਨ ਵਜੋਂ ਹਾਜ਼ਰ ਹੋਣਗੇ।



ਸ. ਮੱਖਣ ਸਿੰਘ ਬੈਂਸ ਨੇ ਦੱਸਿਆ ਕਿ ਰਾਜਾ ਸਵੀਟਸ ਵਲੋਂ ਚਾਹ-ਪਕੌੜਿਆਂ ਦੀ ਸੇਵਾ ਮੁਫਤ ਕੀਤੀ ਜਾਵੇਗੀ। ਗੁਰੂ ਕਾ ਲੰਗਰ ਗੁਰਦੁਆਰਾ ਸਾਹਿਬ ਸੈਨਹੋਜ਼ੇ, ਫਰੀਮਾਂਟ, ਮਿਲਪੀਟਸ ਅਤੇ ਸਟਾਕਟਨ ਵਲੋਂ ਵਰਤਾਇਆ ਜਾਵੇਗਾ। ਸ. ਗਾਖਲ ਨੇ ਸਮੂਹ ਸਪਾਂਸਰਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਹ ਕਬੱਡੀ ਦਾ ਵੱਡਾ ਖੇਡ ਮੇਲਾ ਉਨ੍ਹਾਂ ਦੇ ਸਹਿਯੋਗ ਨਾਲ ਹੀ ਦੁਨੀਆ ਭਰ ਦੇ ਕਬੱਡੀ ਪ੍ਰੇਮੀਆਂ ਵਿੱਚ ਹਰਮਨ ਪਿਆਰਾ ਹੋ ਸਕਿਆ ਹੈ। ਉਨ੍ਹਾਂ ਸਮੂਹ ਕਬੱਡੀ ਪ੍ਰੇਮੀਆਂ ਨੂੰ ਪਰਿਵਾਰਾਂ ਸਮੇਤ ਹੁੰਮ ਹੁੰਮਾ ਕੇ ਪਹੁੰਚਣ ਦੀ ਸਨਿਮਰ ਬੇਨਤੀ ਕੀਤੀ ਹੈ। ਹੋਰ ਜਾਣਕਾਰੀ ਲਈ ਕਲੱਬ ਦੇ ਜਨਰਲ ਸਕੱਤਰ ਐੱਸ ਅਸ਼ੋਕ ਭੌਰਾ ਨਾਲ 510-415-3315 ਨੰਬਰ 'ਤੇ ਸੰਪਰਕ ਕੀਤਾ ਜਾ ਸਕਦਾ ਹੈ।

# 14ਵੇਂ ਵਿਸ਼ਵ ਕਬੱਡੀ ਕੱਪ ਲਈ ਤਕਨੀਕੀ ਕਮੇਟੀ ਦਾ ਗਠਨ

**ਯੂਨੀਅਨ ਸਿਟੀ/ਬਿਊਰੋ ਨਿਊਜ਼ :** ਯੂਨਾਈਟਡ ਸਪੋਰਟਸ ਕੈਲੀਫੋਰਨੀਆ, ਅਮਰੀਕਾ ਵਲੋਂ ਲੋਗਨ ਹਾਈ ਸਕੂਲ, ਯੂਨੀਅਨ ਸਿਟੀ ਵਿਖੇ ਮਿਤੀ 16 ਸਤੰਬਰ ਦਿਨ ਐਤਵਾਰ ਨੂੰ ਸਵੇਰੇ 9 ਵਜੇ ਤੋਂ ਦੇਰ ਸ਼ਾਮ ਤੱਕ ਕਰਵਾਏ ਜਾ ਰਹੇ 14ਵੇਂ ਵਿਸ਼ਵ ਕਬੱਡੀ ਕੱਪ ਲਈ ਤਕਨੀਕੀ ਕਮੇਟੀ ਦਾ ਗਠਨ ਕਰ ਦਿੱਤਾ ਗਿਆ ਹੈ। ਇੱਥੇ ਰਾਜਾ ਸਵੀਟਸ ਵਿਖੇ ਚੇਅਰਮੈਨ ਸ. ਮੱਖਣ ਸਿੰਘ ਬੈਂਸ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਵਿਚ ਫੈਸਲਾ ਲਿਆ ਗਿਆ ਕਿ ਇਕਬਾਲ ਸਿੰਘ ਗਾਖਲ, ਤੀਰਥ ਸਿੰਘ ਗਾਖਲ, ਸਰਦੂਲ ਸਿੰਘ ਰੰਧਾਵਾ, ਅਜੀਤ ਸਿੰਘ ਬੱਲ ਅਤੇ ਜਗੀਰ ਸਿੰਘ ਸਾਰੇ ਕਬੱਡੀ ਕੱਪ ਦੌਰਾਨ ਮੈਚਾਂ ਦੇ ਤਕਨੀਕੀ ਪ੍ਰਬੰਧਾਂ ਦੀ ਜ਼ੁੰਮੇਵਾਰੀ ਸੰਭਾਲਣਗੇ। ਸ. ਬੈਂਸ ਨੇ ਕਿਹਾ ਕਿ ਇਹ ਖੇਡਾਂ ਜ਼ਰੀਏ ਭਾਈਚਾਰਕ ਸਾਂਝ ਮਜ਼ਬੂਤ ਕਰਨ ਲਈ ਇਕ ਸਾਂਝਾ ਪੰਚ ਹੈ ਤੇ ਇਸ ਨੂੰ ਸਫਲ ਬਣਾਉਣ ਵਿਚ ਸਾਰਿਆਂ ਦਾ ਪੂਰਨ ਸਹਿਯੋਗ ਹੈ ਅਤੇ ਉਹ ਆਸ ਵੀ ਕਰਦੇ ਹਨ ਕਿ ਇਵੇਂ ਹੀ ਇਹ ਸਾਂਝ ਦਿਨੋ ਦਿਨ ਹੋਰ ਵੀ ਗੂੜੀ ਹੁੰਦੀ ਜਾਵੇਗੀ। ਤਕਨੀਕੀ ਕਮੇਟੀ ਦਾ ਗਠਨ ਇਸ ਲਈ ਵੀ ਜ਼ਰੂਰੀ ਹੈ ਕਿਉਂਕਿ ਕਿਸੇ ਵੇਲੇ ਪੁਆਇੰਟ ਏਧਰ ਓਧਰ ਹੋਣ ਕਾਰਨ ਨਰਾਜ਼ਗੀਆਂ ਜਾਂ ਰੋਸ ਪੈਦਾ ਹੋ ਜਾਂਦਾ ਹੈ। ਅਜਿਹਾ ਵੱਡੇ ਵੱਡੇ ਖੇਡ ਮੇਲਿਆਂ ਵਿਚ ਅਕਸਰ ਹੁੰਦਾ ਵੀ ਹੈ। ਇਹ ਤਕਨੀਕੀ ਕਮੇਟੀ ਇਨ੍ਹਾਂ ਸਾਰੀਆਂ ਸਮੱਸਿਆਵਾਂ ਦਾ ਹੱਲ ਕਰੇਗੀ। ਕਮੇਟੀ ਦੇ ਤਿੰਨ ਮੈਂਬਰਾਂ ਦੀ ਸਹਿਮਤੀ ਵਾਲਾ ਫੈਸਲਾ ਹੀ ਲਾਗੂ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਹਾਲੇ ਤੱਕ ਯੂਨਾਈਡ ਸਪੋਰਟਸ ਕਲੱਬ ਦੇ ਕਿਸੇ ਵੀ ਵਿਸ਼ਵ ਕੱਪ ਵਿਚ ਅਜਿਹੀ ਸਮੱਸਿਆ ਨਹੀਂ ਆਈ ਅਤੇ ਅੱਗੋਂ ਤੋਂ ਵੀ ਨਾ ਆਵੇ ਇਸੇ ਲਈ ਤਕਨੀਕੀ ਕਮੇਟੀ ਦਾ ਗਠਨ ਕੀਤਾ ਗਿਆ ਹੈ। ਇਸ ਕਮੇਟੀ ਵਿਚ ਸਾਰੇ ਹੀ ਜ਼ੁੰਮੇਵਾਰ ਅਤੇ ਤਜ਼ਰਬੇਕਾਰ ਸਖਸ਼ੀਅਤਾਂ ਨੂੰ ਸ਼ਾਮਿਲ ਕੀਤਾ ਗਿਆ ਹੈ। ਇਸ ਮੀਟਿੰਗ ਵਿਚ ਵੱਖ ਵੱਖ ਖੇਡ ਕਲੱਬਾਂ ਦੇ ਨੁਮਾਇੰਦੇ ਅਤੇ ਚੋਣਵੇਂ ਖਿਡਾਰੀ ਵੀ ਹਾਜ਼ਰ ਸਨ।







# ਕੈਨੇਡਾ 'ਚ ਬੇਰੁਜ਼ਗਾਰੀ ਵਧੀ, ਅਗਸਤ ਮਹੀਨੇ ਗਈਆਂ 51,600 ਨੌਕਰੀਆਂ

**ਓਨਟਾਰੀਓ/ਬਿਊਰੋ ਨਿਊਜ਼ :** ਲੰਘੇ ਅਗਸਤ ਮਹੀਨੇ ਵਿਚ ਕੈਨੇਡਾ ਦੀ ਆਥਿਕਤਾ ਨੂੰ ਵੱਡਾ ਝਟਕਾ ਲੱਗਿਆ ਹੈ। ਇਸ ਮਹੀਨੇ ਕੈਨੇਡਾ ਵਿਚ 51600 ਨੌਕਰੀਆਂ ਖਤਮ ਹੋ ਗਈਆਂ। ਅਗਸਤ ਮਹੀਨੇ ਖਤਮ ਹੋਈਆਂ ਇਨ੍ਹਾਂ ਨੌਕਰੀਆਂ ਕਾਰਨ ਬੇਰੁਜ਼ਗਾਰੀ ਦਰ ਜੁਲਾਈ ਮਹੀਨੇ ਦੇ ਮੁਕਾਬਲੇ ਕਾਫੀ ਵਧ ਗਈ। ਸਟੈਟਿਸਟਿਕਸ ਕੈਨੇਡਾ ਦੇ ਸਰਵੇ ਤੋਂ ਬਾਅਦ ਇਹ ਜਾਣਕਾਰੀ ਦਿੱਤੀ ਗਈ ਹੈ। ਸਟੈਟਿਸਟਿਕਸ ਕੈਨੇਡਾ ਦੇ ਲੇਬਰ ਫੋਰਸ ਸਰਵੇ ਦਾ ਕਹਿਣਾ ਹੈ ਕਿ ਕੈਨੇਡਾ ਵਿਚ ਬੇਰੁਜ਼ਗਾਰੀ ਦਰ ਅਗਸਤ ਮਹੀਨੇ 6 ਫੀਸਦੀ 'ਤੇ ਪਹੁੰਚ ਗਈ ਜੋ ਕਿ ਜੁਲਾਈ ਵਿਚ 5.8 ਫੀਸਦੀ ਸੀ। ਮਾਹਿਰਾਂ ਨੂੰ ਉਮੀਦ ਸੀ ਕਿ ਇਸ ਮਹੀਨੇ 5 ਹਜ਼ਾਰ ਨਵੀਂਆਂ ਨੌਕਰੀਆਂ ਪੈਦਾ ਹੋਣਗੀਆਂ ਅਤੇ ਬੇਰੁਜ਼ਗਾਰੀ ਦਰ 5.9 ਫੀਸਦੀ ਤੱਕ ਰਹੇਗੀ ਪਰ ਬੀਤੇ ਮਹੀਨੇ 92,000 ਪਾਰਟ-ਟਾਈਮ ਨੌਕਰੀਆਂ ਖਤਮ ਹੋ ਗਈਆਂ ਤੇ ਫੁਲ-ਟਾਈਮ ਨੌਕਰੀਆਂ ਦੀ ਗਿਣਤੀ 40,400 ਤੱਕ ਹੀ ਵਧ ਸਕੀ। ਇਸ ਤਰ੍ਹਾਂ ਜੁਲਾਈ ਦੇ ਮੁਕਾਬਲੇ ਅਗਸਤ ਮਹੀਨੇ ਵਿਚ 51,600 ਦੇ ਕਰੀਬ ਨੌਕਰੀਆਂ ਦਾ ਨੁਕਸਾਨ ਹੋਇਆ। ਇਸ ਦੌਰਾਨ ਓਨਟਾਰੀਓ ਸੂਬੇ ਵਿਚ ਸਭ ਤੋਂ ਜ਼ਿਆਦਾ 80,100 ਨੌਕਰੀਆਂ ਖਤਮ ਹੋਈਆਂ ਜੋ ਕਿ ਲਗਭਗ ਸਾਰੀਆਂ ਪਾਰਟ-ਟਾਈਮ ਸਨ।


HOTHI FREIGHTLINES

HOTHI FREIGHTLINES

ਸਾਨੂੰ ਓਨਰ ਅਪਰੇਟਰ ਅਤੇ ਡਰਾਈਵਰਾਂ ਦੀ ਲੋੜ ਹੈ।

- California to Michigan, New Jersey Florida & Texas
- Dedicated Load (ਪੱਕੇ ਲੋਡ)




ਹੋਰ ਜਾਣਕਾਰੀ ਲਈ ਸੰਪਰਕ ਕਰੋ ਜੀ

ਗੁਰਜੀਤ ਸਿੰਘ ਹੋਠੀ (408) 332-9355

248 South Hillview Dr Milpitas CA 95035



ਅੰਮ੍ਰਿਤਸਰ ਟਾਈਮਜ਼ Weekly Punjabi Newspaper

Corporate Office
4127 Bay Street, Suite 8
Fremont, CA 94538
Email: asrtimes@gmail.com

ਵਧੇਰੇ ਜਾਣਕਾਰੀ ਤੇ ਖ਼ਬਰਾਂ ਲਈ ਸੰਪਰਕ
Tel: (510) 240-5949 • Fax: (888) 323-6950
ਐਡਵਰਟਾਈਜ਼ਮੈਂਟ ਲਈ ਸੰਪਰਕ
(408) 457-6157 • (510) 677-2777 Jai Singh



ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ 'ਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।
*The opinions expressed in this newspaper donot necessarily represent the views or opinions of the staff or employees of Quomantry Amritsar times. *All Disputes must be Handled in Santa Clara Superior Court.

# ਸ਼ਿਕਾਗੋ ਵਿਸ਼ਵ ਹਿੰਦੂ ਕਾਂਗਰਸ ਖਿਲਾਫ਼ ਜ਼ਬਰਦਸਤ ਰੋਸ-ਮੁਜ਼ਾਹਰੇ

- ਮੋਹਨ ਭਾਗਵਤ ਦੇ ਬਿਆਨ 'ਤੇ ਵਿਵਾਦ ਮਚਿਆ
- ਸ਼ਿਕਾਗੋ ਵਿਖੇ ਆਰਐਸਐਸ ਮੁਖੀ ਅਤੇ ਭਾਰਤ ਦੇ ਉੱਪ ਰਾਸ਼ਟਰਪਤੀ ਖਿਲਾਫ ਤਿੰਨੇ ਦਿਨ ਗੂੰਜੇ ਖਾਲਿਸਤਾਨ ਜ਼ਿੰਦਾਬਾਦ ਦੇ ਨਾਹਰੇ
- ਦਲਿਤਾਂ, ਈਸਾਈਆਂ ਅਤੇ ਮੁਸਲਮਾਨਾਂ ਨੇ ਵੀ ਸਿੱਖਾਂ ਨਾਲ ਰੋਸ ਵਿਖਾਵੇ ਵਿੱਚ ਕੀਤੀ ਸ਼ਮੂਲੀਅਤ





ਸ਼ਿਕਾਗੋ ਵਿਖੇ ਵਿਸ਼ਵ ਹਿੰਦੂ ਕਾਂਗਰਸ ਦਾ ਵਿਰੋਧ ਕਰਦੇ ਹੋਏ ਵੱਖ ਵੱਖ ਸਿੱਖ ਜਥੇਬੰਦੀਆਂ ਅਤੇ ਘੱਟ ਗਿਣਤੀਆਂ ਦੇ ਆਗੂ।

**ਸ਼ਿਕਾਗੋ/ਹੁਸਨ ਲੜੋਆ ਬੰਗਾ, ਮੱਖਣ ਸਿੰਘ ਕਲੇਰ:** ਅਮਰੀਕਾ ਦੀ ਧਰਤੀ ਤੇ ਪਹੁੰਚੇ ਆਰਐਸਐਸ. ਮੁਖੀ ਮੋਹਨ ਭਾਗਵਤ ਅਤੇ ਭਾਰਤ ਦੇ ਉੱਪ ਰਾਸ਼ਟਰਪਤੀ ਵੈਂਕਈਆ ਨਾਇਡੂ ਦਾ ਤਿੰਨ ਦਿਨਾ 'ਵਿਸ਼ਵ ਹਿੰਦੂ ਕਾਂਗਰਸ' ਦੌਰਾਨ ਸਖਤ ਵਿਰੋਧ ਹੋਇਆ। ਜ਼ਿਕਰਯੋਗ ਹੈ ਕਿ ਸੁਆਮੀ ਵਿਵੇਕਾਨੰਦ ਵੱਲੋਂ 1893 ਵਿੱਚ 'ਪਾਰਲੀਮੈਂਟ ਆਫ ਵਰਲਡ ਰਿਲਿਜਨਜ਼' ਵਿੱਚ ਦਿੱਤੀ ਗਈ ਤਕਰੀਰ ਦੀ 125ਵੀਂ ਯਾਦਗਾਰ ਮਨਾਉਣ ਦੀ ਆੜ ਵਿੱਚ ਆਰ.ਐਸ.ਐਸ ਵੱਲੋਂ ਸਥਾਨਕ ਵੈਸਟਿਨ ਹੋਟਲ ਵਿੱਚ 3 ਦਿਨਾ 'ਵਿਸ਼ਵ ਹਿੰਦੂ ਕਾਂਗਰਸ' ਕਰਵਾਈ ਗਈ ਜਿਸ ਵਿੱਚ ਭਾਰਤ ਦੇ ਉੱਪ ਰਾਸ਼ਟਰਪਤੀ ਅਤੇ ਆਰ.ਐਸ.ਐਸ ਮੁਖੀ ਸਮੇਤ ਹੋਰ ਹਿੰਦੂਤਵਾ ਵਿਚਾਰਧਾਰਾ ਨਾਲ ਸਬੰਧਿਤ ਆਗੂਆਂ ਨੇ ਸ਼ਮੂਲੀਅਤ ਕੀਤੀ। ਸਿੱਖ ਕੋਆਰਡੀਨੇਸ਼ਨ ਕਮੇਟੀ ਈਸਟ ਕੋਸਟ (ਯੂਐਸਏ) ਦੀ ਅਗਵਾਈ ਵਿੱਚ ਸਿੱਖਾਂ, ਦਲਿਤਾਂ ਤੇ ਘੱਟ ਗਿਣਤੀਆਂ,

ਅਮਰੀਕਾ ਦੀਆਂ ਸਿੱਖ ਜਥੇਬੰਦੀਆਂ ਅਤੇ ਗੁਰਦਵਾਰਾ ਕਮੇਟੀਆਂ ਨੇ ਆਰਐਸਐਸ ਦੇ ਹਿੰਦੂਤਵੀ ਏਜੰਡੇ ਖਿਲਾਫ ਵੈਸਟਿਨ ਹੋਟਲ ਬਾਹਰ ਤਿੰਨੇਂ ਦਿਨ ਜ਼ੋਰਦਾਰ ਰੋਸ ਵਿਖਾਵਾ ਕੀਤਾ।

ਕੋਆਰਡੀਨੇਸ਼ਨ ਕਮੇਟੀ ਦੇ ਕੋਆਰਡੀਨੇਟਰ ਹਿੰਮਤ ਸਿੰਘ ਨੇ ਦਸਿਆ ਕਿ ਇਸ ਵਿਰੋਧ ਪ੍ਰਦਰਸ਼ਨ ਵਿੱਚ ਦਲਿਤਾਂ, ਮੁਸਲਮਾਨਾਂ, ਈਸਾਈਆਂ ਤੇ ਹੋਰ ਘੱਟਗਿਣਤੀਆਂ ਸਮੇਤ ਇੰਡੀਆਨਾ, ਓਹਾਇਓ, ਇਲੀਨੋਇਸ, ਵਰਜੀਨੀਆ, ਕੈਲੀਫੋਰਨੀਆ, ਨਿਊ ਜਰਸੀ, ਨਿਊਯਾਰਕ ਤੋਂ ਸਿੱਖ ਸੰਗਤਾਂ ਨੇ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕੀਤੀ। ਸਿੱਖ ਜਥੇਬੰਦੀਆਂ ਇਸ ਗੱਲ ਤੇ ਖਾਸਾ ਨਰਾਜ਼ ਸਨ ਕਿ ਆਰ.ਐਸ.ਐਸ ਵੱਲੋਂ ਐਲਾਨੀਆ ਤੌਰ ਤੇ ਸਮੂਹ ਘੱਟਗਿਣਤੀਆਂ ਨੂੰ ਹਿੰਦੂ ਬਣਾਉਣ ਦੇ ਏਜੰਡੇ ਤੇ ਕੰਮ ਕੀਤਾ ਜਾ ਰਿਹਾ ਹੈ। ਹਿੰਦੂਤਵੀ ਆਗੂਆਂ ਵੱਲੋਂ ਸਿੱਖ ਗੁਰੂ ਸਾਹਿਬਾਨਾਂ ਨੂੰ ਭਾਰਤ ਦੇ ਨਾਇਕ ਵਜੋਂ ਪੇਸ਼ ਕਰਨ, ਸਿੱਖ ਇਤਿਹਾਸ ਨੂੰ ਤੋੜ ਮਰੋੜ ਕੇ ਨਵੀਆਂ ਕਿਤਾਬਾਂ ਛਾਪਣ ਤੇ ਸਿੱਖ ਸਿਧਾਂਤਾਂ ਤੇ ਸਿੱਧੇ ਅਸਿੱਧੇ ਢੰਗ ਨਾਲ ਹਮਲੇ ਕਰਨ ਦੀਆਂ ਕੋਝੀਆਂ ਚਾਲਾਂ ਚੱਲੀਆਂ ਜਾ ਰਹੀਆਂ ਹਨ ।

ਸੈਂਕੜਿਆਂ ਦੀ ਤਾਦਾਦ ਵਿੱਚ ਇਕੱਠੇ ਹੋਏ ਵਿਖਾਵਾਕਾਰੀਆਂ ਨੇ ਇੱਕ ਆਵਾਜ਼ ਵਿੱਚ, 'ਮੋਹਨ ਭਾਗਵਤ ਗੋ ਬੈਕ', 'ਘੱਟਗਿਣਤੀ ਵਿਰੋਧੀ ਹੈ ਆਰ.ਐਸ.ਐਸ', 'ਸਿੱਖ ਕੀ ਚਾਹੁੰਦੇ – ਆਜ਼ਾਦੀ', 'ਖਾਲਿਸਤਾਨ ਜ਼ਿੰਦਾਬਾਦ' ਦੇ ਨਾਹਰੇ ਮਾਰੇ। ਵਿਖਾਵਾਕਾਰੀਆਂ ਨੂੰ ਸੰਬੋਧਨ ਕਰਦਿਆਂ ਸਿੱਖ ਕੋਆਰਡੀਨੇਸ਼ਨ ਕਮੇਟੀ ਈਸਟ ਕੋਸਟ ਦੇ ਕੋਆਰਡੀਨੇਟਰ ਹਿੰਮਤ ਸਿੰਘ ਨੇ ਕਿਹਾ ਕਿ ਭਾਗਵਤ ਵੱਲੋਂ ਸ਼ਰੇਆਮ ਕਿਹਾ ਹੈ ਕਿ ਉਹ 2023 ਤੱਕ ਭਾਰਤ ਵਿੱਚ ਸਭ ਨੂੰ ਹਿੰਦੂ ਬਣਾ ਦੇਣਗੇ ਅਤੇ ਮੋਦੀ ਸਰਕਾਰ ਵੱਲੋਂ ਇਸੇ ਨੀਤੀ ਤੇ ਕੰਮ ਕੀਤਾ ਜਾ ਰਿਹਾ ਹੈ।

ਇਸਾਈ ਆਗੂ ਪੀਟਰ ਨੇ ਕਿਹਾ ਕਿ ਜਿਵੇਂ ਅਮਰੀਕਾ ਵਿੱਚ ਕੇ.ਕੇ.ਕੇ ਫਿਰਕੂ ਨਫਰਤ ਫੈਲਾ ਰਹੀ ਹੈ ਓਵੇਂ ਹੀ ਆਰ.ਐਸ.ਐਸ ਭਾਰਤ ਵਿੱਚ ਨਫਰਤ ਫੈਲਾ ਰਹੀ ਹੈ, ਇਹਨਾਂ ਇਨਸਾਨੀਅਤ ਵਿਰੋਧੀ ਲੋਕਾਂ ਦਾ ਅਸੀਂ ਅਮਰੀਕਾ ਵਿੱਚ ਐਵੇਂ ਹੀ ਵਿਰੋਧ ਕਰਕੇ ਸੁਆਗਤ ਕਰਾਂਗੇ।

ਮੁਸਲਮਾਨ ਆਗੂਆਂ ਨੇ ਕਿਹਾ ਕਿ ਉਹ ਕਸ਼ਮੀਰ ਦੇ ਨਾਲ ਨਾਲ ਸਿੱਖਾਂ ਦੀ ਆਜ਼ਾਦੀ ਦੀ ਪੂਰਨ ਹਮਾਇਤ ਕਰਦੇ ਹਨ। ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਐਗਜ਼ੈਕਟਿਵ ਮੈਂਬਰ ਨਰਿੰਦਰ ਸਿੰਘ ਨੇ ਕਿਹਾ ਕਿ ਹਿਟਲਰ ਦੀ ਤਰਜ ਤੇ ਚੱਲ ਰਹੀ ਮੋਦੀ ਹਕੂਮਤ ਜਿਸ ਨੂੰ ਜਨਮ ਦੇਣ ਵਾਲੀ ਆਰ.ਐਸ.ਐਸ ਹੈ, ਇਸ ਦਾ ਹਰ ਕਦਮ ਤੇ ਸਿਖਾਂ ਵੱਲੋਂ ਵਿਰੋਧ ਕੀਤਾ ਜਾਵੇਗਾ। ਹਰਜਿੰਦਰ ਸਿੰਘ ਪਾਇਨਹਿੱਲ ਅਤੇ ਕੌਂਸਲ ਆਫ ਖਾਲਿਸਤਾਨ ਦੇ ਪ੍ਰਧਾਨ ਡਾ.ਬਖਸ਼ੀਸ਼ ਸਿੰਘ ਸੰਧੂ ਨੇ ਕਿਹਾ ਕਿ ਜਦੋਂ ਤੱਕ ਸਿੱਖ ਕੌਮ ਆਜ਼ਾਦ ਨਹੀਂ ਹੁੰਦੀ ਓਦੋਂ ਤੱਕ ਸਿੱਖ ਤੇ ਪੰਜਾਬ ਦੇ ਮਸਲਿਆਂ ਦਾ ਹੱਲ ਨਹੀਂ ਹੋ ਸਕਦਾ। ਸੰਬੋਧਨ ਕਰਨ ਵਾਲਿਆਂ ਵਿੱਚ ਆਰਗੇਨਾਈਜੇਸ਼ਨਜ਼ ਫ਼ਾਰ ਮਾਈਨੋਰਿਟੀਜ਼ ਆਫ ਇੰਡੀਆ, ਅਲਾਇੰਸ ਫ਼ਾਰ ਜਸਟਿਸ ਐਂਡ ਅਕਾਊਂਟੀਬਿਲਿਟੀ, ਸ਼ਕਾਗੋ ਦੇਸੀ ਯੂਥ ਰਾਈਜ਼ਿੰਗ, ਸ਼ਿਕਾਗੋ ਸਾਊਥ ਏਸ਼ੀਅਨਜ਼ ਫ਼ਾਰ ਜਸਟਿਸ, ਇੰਡੀਅਨ ਅਮਰੀਕਨ ਮੁਸਲਿਮ ਕੌਂਸਿਲ, ਸਿੱਖ ਇੰਫੋਰਮਤੀਓਂ ਸੈਂਟਰ (ਸਟੌਕਟਨ) ਸਿੱਖ ਯੂਥ ਆਫ ਅਮਰੀਕਾ, ਗੁਰਦੁਆਰਾ ਸਿੱਖ ਸੋਸਾਇਟੀ (ਪੈਲਿਨਟਾਈਨ), ਗੁਰਦੁਆਰਾ ਸਿੱਖ ਸੋਸਾਇਟੀ ਆਫ ਇੰਡੀਆਨਾ, ਗੁਰਦੁਆਰਾ ਗਰੀਨਵੁੱਡ ਇੰਡੀਆਨਾ, ਸਿਖਸ ਫ਼ਾਰ ਜਸਟਿਸ ਦੇ ਨੁਮਾਇੰਦਿਆਂ ਦੇ ਨਾਮ ਵੀ ਸ਼ਾਮਿਲ ਸਨ।

## "ਜੰਗਲੀ ਕੁੱਤੇ ਇਕੱਲੇ ਸ਼ੇਰ ਦਾ ਸ਼ਿਕਾਰ ਕਰ ਸਕਦੇ ਹਨ"




ਸ਼ਿਕਾਗੋ ਵਿਖੇ ਆਰਐਸਐਸ ਮੁਖੀ ਮੋਹਨ ਭਾਗਵਤ ਨੇ ਹਜ਼ਾਰਾਂ ਸਾਲਾਂ ਤੋਂ ਹਿੰਦੂਆਂ ਤੇ ਜ਼ੁਲਮ ਕਰਨ 'ਤੇ ਦੁੱਖ ਪ੍ਰਗਟਾਉਂਦੇ ਹੋਏ ਹਿੰਦੂਆਂ ਨੂੰ ਇਕ ਹੋਣ ਦੀ ਅਪੀਲ ਕਰਦਿਆਂ ਕਿਹਾ ਕਿ ਜੇਕਰ ਕੋਈ ਸ਼ੇਰ ਇਕੱਲਾ ਹੁੰਦਾ ਹੈ ਤਾਂ ਜੰਗਲੀ ਕੁੱਤੇ ਵੀ ਉਸ 'ਤੇ ਹਮਲਾ ਕਰਕੇ ਆਪਣਾ ਸ਼ਿਕਾਰ ਬਣਾ ਸਕਦੇ ਹਨ। ਅਸੀਂ ਦੁਨੀਆ ਨੂੰ ਬਿਹਤਰ ਬਣਾਉਣਾ ਚਾਹੁੰਦੇ ਹਾਂ। ਭਾਗਵਤ ਨੇ ਕਿਹਾ ਕਿ ਹਿੰਦੂਆਂ ਦੀ ਦਾਬੇ ਦੀ ਕੋਈ ਖਾਹਿਸ਼ ਨਹੀਂ ਹੈ ਅਤੇ ਭਾਈਚਾਰਾ ਤਦ ਹੀ ਵਧ ਫੁੱਲ ਸਕੇਗਾ ਜਦੋਂ ਇਹ ਇਕ ਸਮਾਜ ਦੀ ਤਰ੍ਹਾਂ ਕੰਮ ਕਰੇਗਾ। ਉਨ੍ਹਾਂ ਹਿੰਦੂ ਭਾਈਚਾਰੇ ਦੇ ਆਗੂਆਂ ਨੂੰ ਏਕਾ ਕਾਇਮ ਕਰਨ ਤੇ ਭਾਈਚਾਰੇ ਦੀ ਭਲਾਈ ਲਈ ਕੰਮ ਕਰਨ ਦਾ ਸੱਦਾ ਦਿੱਤਾ।

ਉਨ੍ਹਾਂ ਕਿਹਾ "ਹਿੰਦੂ ਸਮਾਜ ਉਦੋਂ ਵਧੇ ਫੁੱਲੇਗਾ ਜਦੋਂ ਇਹ ਸਮਾਜ ਦੀ ਤਰ੍ਹਾਂ ਕੰਮ ਕਰੇਗਾ। ਸਮੁੱਚੀ ਦੁਨੀਆ ਨੂੰ ਇਕ ਟੀਮ ਬਣਾਉਣ ਲਈ ਹੰਕਾਰ ਨੂੰ ਕਾਬੂ ਕਰਨਾ ਪਵੇਗਾ ਤੇ ਆਮ ਸਹਿਮਤੀ ਨਾਲ ਚੱਲਣਾ ਪਵੇਗਾ। ਮਿਸਾਲ ਦੇ ਤੌਰ 'ਤੇ ਭਗਵਾਨ ਕ੍ਰਿਸ਼ਨ ਤੇ ਯੁਧਿਸ਼ਟਰ ਦਰਮਿਆਨ ਕਦੇ ਕੋਈ ਤਕਰਾਰ ਨਹੀਂ ਹੋਇਆ।" ਮਹਾਭਾਰਤ ਦੇ ਸੰਦਰਭ ਵਿੱਚ ਜੰਗ ਤੇ ਰਾਜਨੀਤੀ ਦਾ ਜ਼ਿਕਰ ਕਰਦਿਆਂ ਉਨ੍ਹਾਂ ਕਿਹਾ ਕਿ ਰਾਜਨੀਤੀ ਯੋਗ ਅਭਿਆਸ ਕਰ ਕੇ ਨਹੀਂ ਕੀਤੀ ਜਾ ਸਕਦੀ। ਉਨ੍ਹਾਂ ਕਿਹਾ ਕਿ ਹਜ਼ਾਰਾਂ ਸਾਲਾਂ ਤੋਂ ਹਿੰਦੂ ਇਸ ਕਰ ਕੇ ਸੰਤਾਪ ਹੰਢਾਅ ਰਹੇ ਹਨ, ਕਿਉਂਕਿ ਉਹ ਮੂਲ ਸਿਧਾਂਤਾਂ ਤੇ ਅਧਿਆਤਮ ਦਾ ਰਾਹ ਭੁੱਲ ਗਏ ਹਨ। ਉਨ੍ਹਾਂ ਕਿਹਾ "ਹਿੰਦੂ ਕਿਸੇ ਦਾ ਵਿਰੋਧ ਨਹੀਂ ਕਰਦੇ। ਅਸੀਂ ਤਾਂ ਕੀਟਾਂ ਨੂੰ ਵੀ ਨਹੀਂ ਮਾਰਨ ਦਿੰਦੇ।"

ਇਹ ਕਾਨਫਰੰਸ 1893 ਵਿੱਚ ਸ਼ਿਕਾਗੋ ਵਿੱਚ ਵਿਸ਼ਵ ਧਰਮ ਸੰਸਦ ਵਿੱਚ ਦਿੱਤੇ ਸਵਾਮੀ ਵਿਵੇਕਾਨੰਦ ਦੇ ਭਾਸ਼ਣ ਦੀ 125ਵੀ ਵਰ੍ਹੇਗੰਢ ਮੌਕੇ ਕਰਵਾਈ ਗਈ ਸੀ।

**ਮੁਸਲਮਾਨਾਂ ਵਲੋਂ ਨਿੰਦਾ :** ਮੋਹਨ ਭਾਗਵਤ ਦੇ ਸ਼ੇਰ ਤੇ ਕੁੱਤਿਆਂ ਵਾਲੇ ਬਿਆਨ 'ਤੇ ਵਿਵਾਦ ਖੜਾ ਹੋ ਗਿਆ ਹੈ। ਆਲ ਇੰਡੀਆ ਮਜਲਿਸ ਏ ਇਤੇ ਹਾਦੁਲ ਮੁਸਲਮੀਨ ਦੇ ਮੁਖੀ ਤੇ ਹੈਦਰਾਬਾਦ ਦੇ ਸਾਂਸਦ ਅਸਦੁਦੀਨ ਔਵੈਸੀ ਨੇ ਆਰ ਐਸ ਐਸ ਮੁਖੀ ਮੋਹਨ ਭਾਗਵਤ ਦੇ ਬਿਆਨ 'ਤੇ ਜਵਾਬੀ ਹਮਲਾ ਕੀਤਾ ਹੈ। ਉਨ੍ਹਾਂ ਨੇ ਆਰ ਐਸ ਐਸ ਮੁਖੀ ਤੋਂ ਪੁੱਛਿਆ ਕਿ ਉਹ ਦੱਸਣ ਕਿ ਸ਼ੇਰ ਕੌਣ ਹੈ ਤੇ ਕੁੱਤਾ ਕੌਣ ਹੈ? ਭਾਰਤ ਦਾ ਸੰਵਿਧਾਨ ਤਾਂ ਸਾਰਿਆਂ ਨੂੰ ਮਨੁੱਖ ਦੇ ਰੂਪ ਵਿਚ ਪ੍ਰਭਾਸ਼ਿਤ ਕਰਦਾ ਹੈ, ਉਸ ਵਿਚ ਸ਼ੇਰ ਤੇ ਕੁੱਤਿਆਂ ਦੀ ਗੱਲ ਨਹੀਂ ਕੀਤੀ। ਉਨ੍ਹਾਂ ਕਿਹਾ ਕਿ ਆਰ ਐਸ ਐਸ ਦੀ ਪਰੇਸ਼ਾਨੀ ਇਹ ਹੈ ਕਿ ਉਹ ਭਾਰਤੀ ਸੰਵਿਧਾਨ ਨੂੰ ਨਹੀਂ ਮੰਨਦਾ।

ਭਾਰਤ ਰਤਨ ਬਾਬਾ ਸਾਹਿਬ ਅੰਬੇਡਕਰ ਦੇ ਪੋਤਰੇ ਤੇ ਸਾਬਕਾ ਸਾਂਸਦ ਪ੍ਰਕਾਸ਼ ਅੰਬੇਡਕਰ ਨੇ ਕਿਹਾ ਕਿ ਦਰਅਸਲ ਆਰ ਐਸ ਐਸ ਪ੍ਰਮੁੱਖ ਨੇ ਕੁੱਤੇ ਸ਼ਬਦ ਦਾ ਇਸਤੇਮਾਲ ਦੇਸ ਦੀਆਂ ਭਾਜਪਾ ਵਿਰੋਧੀ ਪਾਰਟੀਆਂ ਲਈ ਕੀਤਾ ਹੈ। ਮੈਂ ਭਾਗਵਤ ਦੀ ਇਸ ਮਾਨਸਿਕਤਾ ਦੀ ਨਿੰਦਾ ਕਰਦਾ ਹਾਂ।

### ਹਿੰਦੂ ਲਈ ਹਰ ਅਕੀਦਾ ਸਵੀਕਾਰਯੋਗ : ਕ੍ਰਿਸ਼ਨਾਮੂਰਤੀ

ਭਾਰਤੀ-ਅਮਰੀਕੀ ਕਾਂਗਰਸਮੈਨ ਰਾਜਾ ਕ੍ਰਿਸ਼ਨਾਮੂਰਤੀ ਨੇ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸਹਿਣਸ਼ੀਲਤਾ, ਪਿਆਰ, ਵੰਨ-ਸਵੰਨਤਾ ਤੇ ਸਾਂਝੀਵਾਲਤਾ ਹਿੰਦੂਮੱਤ ਦੀ ਪਛਾਣ ਹਨ ਜੋ ਹਰ ਅਕੀਦੇ ਦੇ ਲੋਕਾਂ ਨੂੰ ਬਾਹਾਂ ਫੈਲਾ ਕੇ ਸਵੀਕਾਰਦਾ ਹੈ। ਉਨ੍ਹਾਂ ਕਿਹਾ ਕਿ ਸਾਨੂੰ ਆਪਣੇ ਬੱਚਿਆਂ ਨੂੰ ਇਹ ਚੰਗਿਆਈਆਂ ਸਿਖਾਉਣੀਆਂ ਚਾਹੀਦੀਆਂ ਹਨ ਤੇ ਆਪਣੇ ਆਪ ਨੂੰ ਹਿੰਦੂਮੱਤ ਦੇ ਇਸ ਆਲ੍ਹਾ ਸਰੂਪ ਦੇ ਲੇਖੇ ਲਾਉਣਾ ਚਾਹੀਦਾ ਹੈ।

### ਨਾਮਧਾਰੀ ਮੁਖੀ ਪਹੁੰਚਿਆ



ਇਸ ਸੰਮੇਲਨ ਵਿਚ ਨਾਮਧਾਰੀ ਸੰਪਰਦਾ ਦੇ ਇਕ ਧੜੇ ਦੇ ਮੁਖੀ ਦਲੀਪ ਸਿੰਘ ਵੀ ਪਹੁੰਚੇ ਸਨ। ਉਨ੍ਹਾਂ ਨੇ ਹਿੰਦੂਆਂ ਨੂੰ ਅੰਗਰੇਜ਼ੀ ਭਾਸ਼ਾ ਦੀ ਵਰਤੋਂ ਕਰਨ ਤੋਂ ਪਰਹੇਜ਼ ਕਰਨ ਦੀ ਹਾਸੋਹੀਣੀ ਨਸੀਹਤ ਦਿੱਤੀ। ਦਲੀਪ ਸਿੰਘ ਨੇ ਕਿਹਾ,"ਸਾਰੇ ਲੋਕਾਂ ਨੂੰ ਦੇਸ਼ ਦਾ ਨਾਮ ਇੰਡੀਆ ਦੀ ਜਗ੍ਹਾ ਭਾਰਤ ਬੋਲਣਾ ਚਾਹੀਦਾ ਹੈ।"

ਨਾਮਧਾਰੀ ਸੰਸਥਾ ਦੇ ਮੁਖੀ ਦਲੀਪ ਸਿੰਘ ਜੋ ਕਿ ਆਪਣੇ ਆਪ ਨੂੰ ਹਿੰਦੂਆਂ ਦੀ ਸੰਤਾਨ ਦੱਸਦੇ ਹਨ, ਵਿਸ਼ੇਸ਼ ਤੌਰ 'ਤੇ ਇਸ ਕਾਨਫਰੰਸ ਵਿਚ ਪਹੁੰਚੇ ਸਨ। ਇਸ ਕਾਨਫਰੰਸ ਵਿਚ ਜਿੱਥੇ ਹਿੰਦੂ ਧਰਮ ਨਾਲ ਸਬੰਧਤ ਕੱਟੜ-ਪੰਥੀ ਸੰਸਥਾਵਾਂ ਦੇ ਲੋਕ ਪਹੁੰਚੇ ਹੋਏ ਸਨ ਉਥੇ ਹੀ ਕੁਝ ਸਿੱਖੀ ਦਾ ਮੁਖੌਟਾ ਪਹਿਨਿਆ ਹੋਇਆ ਚਿਹਰੇ ਵੀ ਪਹੁੰਚੇ। ਇਨਾਂ ਦੀ ਡਿਊਟੀ ਆਰਐਸਐਸ ਲਈ ਕੰਮ ਕਰਨਾ ਹੈ, ਜਿਸ ਦੇ ਬਦਲੇ ਉਹ ਭਾਰਤੀ ਸਫਾਰਤਖਾਨਿਆਂ ਤੋਂ ਮੋਟੀਆਂ ਰਕਮਾਂ ਲੈਂਦੇ ਹਨ।

# ਬਰੈਂਪਟਨ : ਹਰਪ੍ਰੀਤ ਸਿੰਘ ਹੰਸਰਾ ਨੇ ਸਿਟੀ ਕੌਂਸਲਰ ਦੀ ਪੁਜੀਸ਼ਨ ਲਈ ਚੋਣ ਮੁਹਿੰਮ ਦਾ ਬਿਗਲ ਵਜਾਇਆ

## 16 ਸਤੰਬਰ ਨੂੰ ਹੋਵੇਗੀ ਚੋਣ ਰੈਲੀ

**ਬਰੈਂਪਟਨ/ਬਿਊਰੋ ਨਿਊਜ਼ :** ਬਰੈਂਪਟਨ ਸ਼ਹਿਰ ਦੀਆਂ ਮਿਊਂਸਪਲ ਚੋਣਾਂ ਵਿੱਚ ਗਰਮਾਇਸ਼ ਪੈਦਾ ਹੋ ਚੁੱਕੀ ਹੈ। ਮੇਅਰ ਦੀ ਚੋਣ ਤੋਂ ਇਲਾਵਾ ਰੀਜਨਲ ਕੌਂਸਲਰ, ਸਿਟੀ ਕੌਂਸਲਰਾਂ ਅਤੇ ਟਰੱਸਟੀਆਂ ਦੀ ਚੋਣ ਵਿੱਚ ਉਮੀਦਵਾਰਾਂ ਨੇ ਆਪਣਾ ਚੋਣ ਪ੍ਰਚਾਰ ਸ਼ੁਰੂ ਕਰ ਦਿੱਤਾ ਹੈ। ਵਾਰਡ 3 ਅਤੇ 4, ਜਿਥੇ ਪੰਜਾਬੀਆਂ ਦੀ ਸੰਘਣੀ ਵਸੋਂ ਮੰਨੀ ਜਾ ਰਹੀ ਹੈ, ਕਮਿਊਨਟੀ ਵਿੱਚ ਹਰ ਪੱਖ ਤੋਂ ਕ੍ਰਿਆਸ਼ੀਲ ਰਹੇ ਹਰਪ੍ਰੀਤ ਸਿੰਘ ਹੰਸਰਾ ਨੇ ਸਿਟੀ ਕੌਂਸਲਰ ਲਈ ਆਪਣਾ ਚੋਣ ਪ੍ਰਚਾਰ ਸ਼ੁਰੂ ਕਰਨ ਲਈ ਦਫਤਰ ਖੋਲ੍ਹ ਕੇ ਬਕਾਇਦਾ ਬਿਗਲ ਵਜਾ ਦਿੱਤਾ ਹੈ। ਹਰਪ੍ਰੀਤ ਸਿੰਘ ਹੰਸਰਾ ਦੀ ਪਹਿਲੀ ਚੋਣ ਰੈਲੀ ਐਤਵਾਰ 16 ਸਤੰਬਰ ਨੂੰ 2-4 ਵਜੇ ਤੱਕ ਚੋਣ ਦਫਤਰ ਵਿੱਚ ਹੋ ਰਹੀ ਹੈ। ਕਿਸੇ ਵੀ ਚੋਣ ਪ੍ਰਚਾਰ ਨੂੰ ਚਰਮ ਸੀਮਾ ਤੇ ਪਹੁੰਚਾਉਣ ਲਈ "ਪ੍ਰਚਾਰ ਨੀਤੀ", "ਮੁੱਦਿਆਂ ਦੀ ਪਕੜ" ਅਤੇ "ਆਮ ਲੋਕਾਂ ਵਿੱਚ ਸ਼ਮੂਲੀਅਤ" ਜਰੂਰੀ ਮੰਨਿਆ ਜਾਂਦਾ ਹੈ। ਹੰਸਰਾ ਦੀ ਪਿਛਲੇ ਡੇਢ ਦਹਾਕੇ ਦੀ ਰਾਜਨੀਤਕ ਪਿੜ,



ਕਮਿਊਨਟੀ ਕਾਰਜ, ਮੀਡੀਆ ਖੇਤਰ ਵਿੱਚ ਕ੍ਰਿਆਸ਼ੀਲਤਾ ਉਸ ਨੂੰ ਉਪਰੋਤਕ ਖੇਤਰਾਂ ਵਿੱਚ ਨਿਪੁੰਨ ਬਣਾਉਂਦੀ ਹੈ। ਹਰਪ੍ਰੀਤ ਸਿੰਘ ਹੰਸਰਾ ਦੇ ਚੋਣ ਦਫਤਰ ਤੋਂ ਜਸਦੀਪ ਸਿੰਘ ਹੰਸਰਾ ਨੇ ਮੀਡੀਆ ਰੀਲੀਜ਼ ਰਾਹੀਂ ਸਮੁੱਚੇ ਭਾਈਚਾਰੇ ਨੂੰ ਅਪੀਲ ਕੀਤੀ ਹੈ ਕਿ ਇਸ ਐਤਵਾਰ ਨੂੰ ਚੋਣ ਰੈਲੀ ਵਿੱਚ ਸ਼ਮੂਲੀਅਤ ਕਰਕੇ ਬਰੈਂਪਟਨ ਸ਼ਹਿਰ ਦਾ ਭਵਿੱਖ ਉੱਜਲਾ ਬਣਾਉਣ ਲਈ ਹਰਪ੍ਰੀਤ ਨੂੰ ਸਿਟੀ ਕੌਂਸਲ ਵਿੱਚ ਭੇਜਣ ਦੀ ਮੁਹਿੰਮ ਦਾ ਹਿੱਸਾ ਬਣੋ।

# ਚੁਰਾਸੀ ਕਤਲੇਆਮ ਪੀੜਤ ਸਿੱਖ ਪਰਿਵਾਰ ਦਾ ਫਰਜੰਦ ਟਰੰਪ ਦੀ ਸਕਿਊਰਿਟੀ ਵਿਚ ਹੋਇਆ ਸ਼ਾਮਲ

**ਕਾਨਪੁਰ/ਬਿਊਰੋ ਨਿਊਜ਼ :** ਸੰਨ 1984 'ਚ ਭਾਰਤ ਵਿਚ ਸਿੱਖ ਵਿਰੋਧੀ ਕਤਲੇਆਮ ਦੇ ਪੀੜਤ, ਉੱਤਰ ਪ੍ਰਦੇਸ਼ ਦੇ ਕਾਨਪੁਰ ਦੇ ਸਿੱਖ ਨੌਜਵਾਨ ਨੇ ਅਮਰੀਕਾ ਦੇ ਰਾਸ਼ਟਰਪਤੀ ਡੋਨਲਡ ਟਰੰਪ ਦੀ ਸੁਰੱਖਿਆ ਵਿਚ ਤੈਨਾਤ ਦਸਤੇ ਵਿਚ ਸਥਾਨ ਹਾਸਲ ਕਰਕੇ ਸਿੱਖ ਕੌਮ ਦਾ ਮਾਣ ਵਧਾਇਆ ਹੈ। ਇਸ ਸਿੱਖ ਨੌਜਵਾਨ ਦਾ ਨਾਂਅ ਅੰਸ਼ਦੀਪ ਸਿੰਘ ਭਾਟੀਆ ਹੈ। ਸੰਨ 1984 ਦੇ ਸਿੱਖ ਵਿਰੋਧੀ ਕਤਲੇਆਮ ਨੇ ਇਸ ਦੇ ਪਰਿਵਾਰ ਨੂੰ ਵੀ ਗਹਿਰੇ ਜ਼ਖ਼ਮ ਦਿੱਤੇ ਅਤੇ ਇਸ ਤੋਂ ਬਾਅਦ ਅੰਸ਼ਦੀਪ ਦਾ ਪਰਿਵਾਰ ਪਹਿਲਾਂ ਪੰਜਾਬ ਦੇ ਲੁਧਿਆਣਾ ਅਤੇ ਫਿਰ ਅਮਰੀਕਾ ਚਲਾ ਗਿਆ। ਅੰਸ਼ਦੀਪ ਨੇ ਦੱਸਿਆ ਕਿ ਉਸ ਨੇ ਅਮਰੀਕਾ ਪਹੁੰਚਣ ਤੋਂ ਬਾਅਦ ਡੋਨਲਡ ਟਰੰਪ ਦੇ ਸੁਰੱਖਿਆ ਗਾਰਡ 'ਚ ਸ਼ਾਮਿਲ ਹੋਣ ਦਾ ਮਨ ਬਣਾਇਆ ਪਰ ਉਸ ਲਈ ਵੱਡੀ ਸਮੱਸਿਆ ਸੀ ਕਿ ਇਨ੍ਹਾਂ ਸੁਰੱਖਿਆ ਗਾਰਡਾਂ ਵਿਚ ਸ਼ਾਮਿਲ ਹੋਣ ਲਈ ਉਸ ਦਾ ਆਮ ਪਹਿਰਾਵਾ ਹੋਣਾ ਚਾਹੀਦਾ ਸੀ। ਕਿਉਂਕਿ ਅੰਸ਼ਦੀਪ ਇਕ ਸਿੱਖ ਹੈ, ਤਾਂ ਉਸ ਨੂੰ ਇਸ ਸਬੰਧੀ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪਿਆ। ਨਾਲ ਹੀ ਤੈਨਾਤੀ ਲਈ ਜਦੋਂ ਉਸ 'ਤੇ ਸ਼ਰਤਾਂ ਲਗਾਈਆਂ ਗਈਆਂ ਤਾਂ ਉਸ ਨੇ ਅਦਾਲਤ ਦਾ ਦਰਵਾਜ਼ਾ ਖੜਕਾਇਆ। ਲੰਬੀ ਲੜਾਈ ਲੜਨ ਤੋਂ ਬਾਅਦ ਆਖਰ ਉਸ ਨੂੰ ਜਿੱਤ ਮਿਲੀ। ਅੰਸ਼ਦੀਪ ਸਿੰਘ ਭਾਟੀਆ ਦਾ ਪਰਿਵਾਰ ਕਾਨਪੁਰ ਦੇ ਬੱਰਾ ਇਲਾਕੇ ਵਿਚ ਰਹਿੰਦਾ ਸੀ। ਉਸ ਦੇ ਪਰਿਵਾਰ ਦੇ ਮੁਖੀ ਸ. ਅਮਰੀਕ ਸਿੰਘ ਕਮਲ ਗੋਬਿੰਦ ਨਗਰ ਇਲਾਕੇ ਵਿਚ ਪੰਜਾਬ ਅਤੇ ਸਿੰਧ ਬੈਂਕ ਵਿਚ ਮੈਨੇਜਰ ਸਨ। ਸੰਨ 1984 'ਚ ਦੇਸ਼ ਵਿਚ ਸਿੱਖਾਂ ਵਿਰੋਧੀ ਕਤਲੇਆਮ ਦਾ ਅੰਸ਼ਦੀਪ ਦਾ ਪਰਿਵਾਰ ਵੀ ਸ਼ਿਕਾਰ ਹੋਇਆ। ਇਸ ਕਤਲੇਆਮ ਵਿਚ ਪਰਿਵਾਰ ਦੇ ਛੋਟੇ ਬੇਟੇ ਦੀ ਹੱਤਿਆ ਕਰ ਦਿੱਤੀ ਗਈ ਅਤੇ ਵੱਡੇ ਬੇਟੇ ਦਵਿੰਦਰ ਸਿੰਘ ਨੂੰ ਵੀ ਗੋਲੀਆਂ ਮਾਰੀਆਂ ਗਈਆਂ ਪਰ ਉਹ ਬਚ ਗਏ। ਇਸ ਤੋਂ ਬਾਅਦ ਪਰਿਵਾਰ ਲੁਧਿਆਣਾ ਆ ਗਿਆ ਅਤੇ ਦਵਿੰਦਰ ਸਿੰਘ ਅਮਰੀਕਾ ਚਲੇ ਗਏ। ਅੰਸ਼ਦੀਪ ਦਵਿੰਦਰ ਸਿੰਘ ਦਾ ਹੀ ਪੁੱਤਰ ਹੈ।

# ਗੁ. ਕਰਤਾਰਪੁਰ ਸਾਹਿਬ ਦੇ ਲਾਂਘੇ ਬਾਰੇ ਪਾਕਿਸਤਾਨ ਵੱਲੋਂ ਹਾਂ-ਪੱਖੀ ਹਾਮੀ ਦੀ ਸਿੱਖ ਸੰਗਤਾਂ ਵੱਲੋਂ ਸ਼ਲਾਘਾ

**ਸਿਆਟਲ/ਗੁਰਚਰਨ ਸਿੰਘ ਢਿੱਲੋਂ :** ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਮੌਕੇ ਡੇਰਾ ਬਾਬਾ ਨਾਨਕ ਤੇ ਕਰਤਾਰਪੁਰ ਸਾਹਿਬ ਦੇ ਸਾਂਝੇ ਲਾਂਘੇ ਰਾਹੀਂ ਬਿਨਾ ਵੀਜ਼ਾ ਸੰਗਤਾਂ ਨੂੰ ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਨੂੰ ਆਉਣ ਲਈ ਪਾਕਿਸਤਾਨ ਵੱਲੋਂ ਹਾਂ-ਪੱਖੀ ਹਾਮੀ ਦਾ ਦੇਸ਼ ਵਿਦੇਸ ਦੀ ਸਿੱਖ ਸੰਗਤਾਂ ਵਲੋਂ ਸਵਾਗਤ ਕੀਤਾ ਜਾ ਰਿਹਾ ਹੈ।



ਸਿਆਟਲ ਦੀਆਂ ਸੰਗਤਾਂ ਵਲੋਂ ਗੁਰਦੁਆਰਿਆਂ-ਗੁਰਧਾਮਾਂ ਦੇ ਖੁੱਲ੍ਹੇ ਦਰਸ਼ਨ ਦੀਦਾਰੇ ਕਰਨ ਲਈ ਡੇਰਾ ਬਾਬਾ ਨਾਨਕ ਤੇ ਕਰਤਾਰਪੁਰ ਸਾਹਿਬ ਦੇ ਸਾਂਝੇ ਲਾਂਘੇ ਲਈ ਅਪੀਲ।

ਸਿਆਟਲ ਤੋਂ ਸਤਵਿੰਦਰ ਸਿੰਘ ਸੰਧੂ (ਘਰਿੰਡਾ) ਪ੍ਰਧਾਨ ਬਾਬਾ ਬੁੱਢਾ ਐਸੋਸੀਏਸ਼ਨ ਤੇ ਸਮੂਹ ਅਹੁਦੇਦਾਰਾਂ ਤੇ ਹੋਰ ਸੰਗਤ ਦੀ ਭਾਰੀ ਮੰਗ ਹੈ ਕਿ ਡੇਰਾ ਬਾਬਾ ਨਾਨਕ ਤੇ ਕਰਤਾਰਪੁਰ ਸਾਹਿਬ ਦੇ ਸਾਂਝੇ ਲਾਂਘੇ ਰਾਹੀਂ ਸੰਗਤਾਂ ਨੂੰ ਦਰਸ਼ਨ ਕਰਨ ਦੀ ਇਜਾਜ਼ਤ ਮਿਲਣੀ ਚਾਹੀਦੀ ਹੈ। ਡੇਰਾ ਬਾਬਾ ਨਾਨਕ ਨਾਲ ਲਗਦੇ ਪਿੰਡ ਮੰਗੀਆਂ ਦੇ ਜੰਮਪਲ ਅਜੀਤ ਸਿੰਘ ਸੰਧੂ ਨੇ ਵੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਤੇ ਖੁੱਲ੍ਹੇ ਦਰਸ਼ਨ ਕਰਨ ਲਈ ਪਾਕਿਸਤਾਨ ਦੇ ਸੂਚਨਾ ਮੰਤਰੀ ਫਵਾਦ ਚੌਧਰੀ ਦੇ ਬਿਆਨ ਦੀ ਸ਼ਲਾਘਾ ਕੀਤੀ ਹੈ। ਜਲੰਧਰ ਤੋਂ ਗੁਰਪ੍ਰਤਾਪ ਸਿੰਘ ਵਡਾਲਾ ਨੇ ਵੀ ਸਾਂਝਾ ਰਸਤਾ ਖੋਲ੍ਹਣ ਦੀ ਸਿਫ਼ਾਰਸ਼ ਕੀਤੀ ਹੈ। ਸਿੱਖ ਕੌਮ ਦੀਆਂ ਧਾਰਮਿਕ ਭਾਵਨਾਵਾਂ ਨੂੰ ਮੰਨਦੇ ਹੋਏ ਭਾਰਤ ਸਰਕਾਰ ਨੂੰ ਵੀ ਪਹਿਲਕਦਮੀ ਕਰਨੀ ਚਾਹੀਦੀ ਹੈ ਅਤੇ ਗੁਰਪੁਰਬ ਮੌਕੇ ਸੰਗਤਾਂ ਨੂੰ ਦਰਸ਼ਨ ਕਰਨ ਦਾ ਮੌਕਾ ਦੇਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਹਰ ਰੋਜ਼ ਅਰਦਾਸ ਵਿਚ ਅਰਜ਼ੋਈ ਕੀਤੀ ਜਾਂਦੀ ਹੈ ਕਿ "ਹੇ ਅਕਾਲਪੁਰਖ ਸਿੱਖਾਂ ਨੂੰ ਵਿਛੜ ਗਏ ਗੁਰਦੁਆਰਿਆਂ ਤੇ ਗੁਰਧਾਮਾਂ ਦੇ ਖੁੱਲ੍ਹੇ ਦਰਸ਼ਨ ਦੀਦਾਰੇ ਬਖਸ਼ੀਂ"। ਇੰਝ ਲਗਦਾ ਹੈ ਗੁਰੂ ਬਾਬੇ ਨੇ ਅਰਦਾਸ ਪੂਰੀ ਕਰ ਦਿੱਤੀ ਹੈ। ਬੇਸ਼ੱਕ ਮਾਮਲਾ ਅਜੇ ਜ਼ੁਬਾਨੀ ਕਲਾਮੀ ਚੱਲ ਰਿਹਾ ਹੈ ਪ੍ਰੰਤੂ ਇਸ ਨੂੰ ਅਮਲੀ ਰੂਪ ਦੇਣਾ ਕੋਈ ਔਖਾ ਨਹੀਂ ਜਾਪ ਰਿਹਾ। ਨਿਸ਼ਾਨਦੇਹੀ ਕਰਕੇ, ਕੰਡੇਦਾਰ ਤਾਰ ਲਾ ਕੇ ਦਰਿਆ 'ਤੇ ਪੁਲ ਬਣਾ ਕੇ ਤੇ ਨਵੀਆਂ ਸੁਰੱਖਿਆ ਪੋਸਟਾਂ ਤਿਆਰ ਕਰਕੇ ਸੰਗਤ ਲਈ ਰਸਤਾ ਖੋਲ੍ਹਿਆ ਜਾ ਸਕਦਾ ਹੈ।

ਜ਼ਿਕਰਯੋਗ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਨਾਲ ਸਬੰਧਤ ਉਕਤ ਗੁਰਦੁਆਰਾ ਕਰਤਾਰਪੁਰ ਸਾਹਿਬ ਇਕ ਵਾਰ ਰਾਵੀ ਦਰਿਆ ਵਿਚ ਹੜ੍ਹ ਆਉਣ ਕਰਕੇ ਢਹਿ ਢੇਰੀ ਹੋ ਗਿਆ ਸੀ, ਜਿਸ ਨੂੰ ਨਿਊਜਰਸੀ (ਅਮਰੀਕਾ) ਤੋਂ ਜੰਗ ਬਹਾਦਰ ਸਿੰਘ ਪਰਮਾਰ ਨੇ ਉਚੇਚੇ ਤੌਰ 'ਤੇ ਜਾ ਕੇ ਦੋਬਾਰਾ ਉਸਾਰਿਆ ਸੀ।

# ਖਾਲਿਸਤਾਨ ਪੱਖੀ ਪੋਸਟਰ ਪੰਜਾਬ ਪੁਲਿਸ ਦੀਆਂ ਨਜ਼ਰਾਂ 'ਚ ਗੈਰਕਾਨੂੰਨੀ

**ਮਾਨਸਾ/ਬਿਊਰੋ ਨਿਊਜ਼ :** ਪੰਜਾਬ ਪੁਲਿਸ ਲਈ ਖਾਲਿਸਤਾਨ ਦਾ ਹਊਆ ਸੁਪਰੀਮ ਕੋਰਟ ਦੀਆਂ ਇਨਾਂ ਹਦਾਇਤਾਂ ਤੋਂ ਬਾਅਦ ਵੀ ਬਰਕਰਾਰ ਹੈ ਕਿ ਸ਼ਾਂਤਮਈ ਤੇ ਜਮਹੂਰੀ ਤੌਰ ਤਰੀਕਿਆਂ ਨਾਲ ਖਾਲਿਸਤਾਨ ਦੀ ਮੰਗ ਜਾਂ ਪਰਚਾਰ ਕਰਨਾ ਕਾਨੂੰਨੀ ਜੁਰਮ ਨਹੀਂ ਹੈ। ਮਾਨਸਾ ਵਿਚ ਇਕ ਕੰਧ 'ਤੇ ਖ਼ਾਲਿਸਤਾਨ ਪੱਖੀ ਪੋਸਟਰ ਲੱਗਿਆ ਦੇਖਿਆ ਗਿਆ ਤਾਂ ਮਾਨਸਾ ਪੁਲੀਸ ਤੁਰੰਤ ਮਾਮਲੇ ਦੀ ਜਾਂਚ ਵਿਚ ਜੁਟ ਗਈ ਹੈ। ਭਾਵੇਂ ਅਜੇ ਪੁਲੀਸ ਦੇ ਹੱਥ ਕੁਝ ਵੀ ਨਹੀਂ ਲੱਗਿਆ ਹੈ ਪਰ ਸਵਾਲ ਪੈਦਾ ਹੁੰਦਾ ਹੈ ਕਿ ਪੁਲਿਸ ਭਾਲ ਕਿਸ ਨੂੰ ਰਹੀ ਹੈ। ਜੇ ਕਿਸੇ ਨੇ ਖਾਲਿਸਤਾਨ ਦੇ ਹੱਕ ਵਿਚ ਪੋਸਟਰ ਲਗਾ ਵੀ ਦਿੱਤਾ ਹੈ, ਤਾਂ ਕਿਹੜਾ ਕਾਨੂੰਨ ਤੋੜਿਆ ਗਿਆ ਹੈ? ਮੰਨਿਆ ਜਾ ਰਿਹਾ ਹੈ ਕਿ ਰਾਤ ਵੇਲੇ ਕਿਸੇ ਵਿਅਕਤੀ ਨੇ ਇਹ ਪੋਸਟਰ ਲਾਇਆ ਹੈ।ਫਿਲਹਾਲ ਪੋਸਟਰ ਪੁਲੀਸ ਲਈ ਆਪੇ ਸਹੇੜੀ ਸਿਰਦਰਦੀ ਬਣ ਗਿਆ ਹੈ, ਹਾਲਾਂਕਿ ਪੁਲੀਸ ਇਸ ਨੂੰ ਆਪਣੀ ਮੁਢਲੀ ਜਾਂਚ ਵਿਚ ਕੁਝ ਵਿਅਕਤੀਆਂ ਦੀ ਸ਼ਰਾਰਤ ਵੀ ਦੱਸ ਰਹੀ ਹੈ। ਖ਼ੁਫੀਆ ਏਜੰਸੀਆਂ ਅਤੇ ਸੂਹੀਆਂ ਦਾ ਮੰਨਣਾ ਹੈ ਕਿ ਸ਼ਹਿਰ ਅੰਦਰ ਖਾਲਿਸਤਾਨ ਦੀ ਸੋਚ ਨਾਲ ਜੁੜੇ ਵਿਅਕਤੀ ਹਨ, ਜਿਨਾਂ ਵੱਲੋਂ ਪੋਸਟਰ ਲਗਾਇਆ ਹੋ ਸਕਦਾ ਹੈ। ਥਾਣਾ ਸਿਟੀ-1 ਦੇ ਮੁਖੀ ਜਸਵੀਰ ਸਿੰਘ ਨੇ ਦੱਸਿਆ ਕਿ ਸ਼ਹਿਰ ਦੀ ਇਕ ਕੰਧ 'ਤੇ ਖਾਲਿਸਤਾਨ ਪੱਖੀ ਪੋਸਟਰ ਲੱਗਣ ਦਾ ਮਾਮਲਾ ਧਿਆਨ ਵਿਚ ਆਇਆ ਹੈ। ਉਨਾਂ ਕਿਹਾ ਕਿ ਪਹਿਲਾਂ ਵੀ ਅਜਿਹੇ ਮਾਮਲੇ ਵਿਚ ਥਾਣੇ ਵਿੱਚ ਕੇਸ ਦਰਜ ਹੈ। ਤਾਜ਼ਾ ਮਾਮਲੇ ਦੀ ਜਦੋਂ ਤਕ ਪੜਤਾਲ ਪੂਰੀ ਨਹੀਂ ਹੁੰਦੀ, ਉਦੋਂ ਤਕ ਕੁਝ ਨਹੀਂ ਕਿਹਾ ਜਾ ਸਕਦਾ।

# ਮਾਫੀ ਮੰਗਣ 'ਤੇ ਜਥੇਦਾਰ ਭੌਰ ਨੂੰ ਰਿਹਾਅ ਕੀਤਾ ਜਾਵੇ : ਸ਼੍ਰੋ.ਅ.ਦਲ ਅੰਮ੍ਰਿਤਸਰ (ਯੂਕੇ)

**ਲੰਡਨ/ਬਿਊਰੋ ਨਿਊਜ਼ :**

ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੀ ਯੂਕੇ ਇਕਾਈ ਨੇ ਇਕ ਪ੍ਰੈਸ ਬਿਆਨ ਰਾਹੀ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਜਨਰਲ ਸਕੱਤਰ ਸ. ਸੁਖਦੇਵ ਸਿੰਘ ਭੌਰ ਦੀ ਤੁਰੰਤ ਰਿਹਾਈ ਦੀ ਮੰਗ ਕੀਤੀ ਹੇ। ਉਨ੍ਹਾਂ ਕਿਹਾ ਕਿ ਸ. ਭੌਰ ਨੇ ਬਰਗਾੜੀ ਮੋਰਚੇ 'ਤੇ ਕੀਤੇ ਭਾਸ਼ਨ ਕਾਰਨ ਹੋਏ ਵਿਵਾਦ ਸਬੰਧੀ ਮਾਫੀ ਮੰਗ ਲਈ ਹੈ ਪਰ ਫਿਰ ਵੀ ਉਨ੍ਹਾਂ ਨੂੰ ਧਾਰਮਿਕ ਭਾਵਨਾਵਾਂ ਭੜਕਾਉਣ ਦੇ ਦੋਸ਼ ਹੇਠ ਥਾਣਾ ਬੰਗਾ ਵਿੱਚ ਦਰਜ ਐਫਆਈਆਰ. ਨੰਬਰ 69 ਤਹਿਤ ਧਾਰਾ-295 ਏ ਅਧੀਨ ਗ੍ਰਿਫਤਾਰ ਰੱਖਿਆ ਜਾ ਰਿਹਾ ਹੈ। ਉਸ ਸਮੇਂ, ਪੁਲੀਸ ਨੇ ਇਹ ਫੈਸਲਾ, ਹੋ ਸਕਦਾ ਹੈ ਕਿ ਦੂਰ-ਦਰਿਸ਼ਟੀ ਨਾਲ ਲਿਆ ਹੋਵੇ, ਕਿਉਂਕਿ ਜੋ ਹਾਲਾਤ ਬਣੇ ਸਨ, ਕੋਈ ਹੋਰ ਧਿਰ ਆਪਣੀ ਸਵਾਰਥ ਸਿੱਧੀ ਲਈ ਜਥੇਦਾਰ ਭੌਰ ਦਾ ਕੋਈ ਨੁਕਸਾਨ ਕਰਕੇ ਪੰਥ ਤੇ ਪੰਜਾਬ ਦੇ ਭਾਈਚਾਰੇ ਦੇ ਅਮਨ ਨੂੰ ਲਾਂਬੂ ਲਾ ਸਕਦੀ ਸੀ। ਉਮੀਦ ਹੈ ਕਿ ਇੰਨੇ ਦਿਨ ਬੀਤ ਜਾਣ ਬਾਦ ਪੁਲੀਸ ਨੇ ਕਿਸੇ ਵੀ ਜਾਣੇ ਅਣਜਾਣੇ ਨੁਕਸਾਨ ਤੋਂ ਬਚਾਅ ਵਾਲੀਆਂ ਸਾਰੀਆਂ ਤਿਆਰੀਆਂ ਮੁਕੰਮਲ ਕਰ ਲਈਆਂ ਹੋਣਗੀਆਂ ਇਸ ਲਈ ਹੁਣ ਉਨ੍ਹਾਂ ਵਿਰੁੱਧ ਕੇਸ ਖ਼ਾਰਜ ਕਰਦੇ ਹੋਏ ਰਿਹਾਅ ਕਰਕੇ ਲੋੜੀਂਦੀ ਸੁਰੱਖਿਆ ਦੇਣੀ ਚਾਹੀਦੀ ਹੈ। ਸਿੱਖ ਆਗੂਆਂ ਨੇ ਕਿਹਾ ਕਿ ਉਮੀਦ ਕਰਦੇ ਹਾਂ ਕਿ ਮੌਜੂਦਾ ਪੰਜਾਬ ਸਰਕਾਰ ਸਹੀ ਅਰਥਾਂ ਵਿੱਚ ਜਖ਼ਮਾਂ'ਤੇ ਮਰਹਮ ਲਾਉਣ ਲਈ ਸਾਰਥਕ ਫੈਸਲੇ ਕਰੇਗੀ ਅਤੇ ਇਸੇ ਤਰ੍ਹਾਂ ਬੇਅਦਬੀ ਦੇ ਹਰ ਦੋਸ਼ੀ ਖਿਲਾਫ ਉਸ ਦੇ ਅਹੁਦੇ ਕਾਰਨ ਪ੍ਰਭਾਵਿਤ ਹੋਣ ਤੋਂ ਬਗੈਰ ਬਣਦੀ ਕਾਰਵਾਈ ਕਰੇਗੀ। ਇਸ ਪ੍ਰੈਸ ਬਿਆਨ ਜਥੇਬੰਦੀ ਦੇ ਮੁੱਖ ਸੇਵਾਦਾਰ ਸਰਬਜੀਤ ਸਿੰਘ, ਸਕੱਤਰ ਜਨਰਲ ਸੂਬਾ ਸਿੰਘ ਲਿੱਤਰਾਂ, ਜਨ: ਸਕੱਤਰ ਕੁਲਵੰਤ ਸਿੰਘ ਮੁਠੱਡਾ, ਔਰਗੇਨਾਈਜਰ ਮਨਜੀਤ ਸਿੰਘ ਸਮਰਾ, ਪ੍ਰਧਾਨ ਯੂਥ ਵਿੰਗ ਸਤਿੰਦਰ ਸਿੰਘ ਮੰਗੂਵਾਲ, ਸੀ: ਮੀ: ਪ੍ਰਧਾਨ ਅਵਤਾਰ ਸਿੰਘ ਖੰਡਾ, ਮੀ: ਪ੍ਰਧਾਨ ਜਸਵੰਤ ਸਿੰਘ ਮਾਂਗਟ, ਗੁਰਿੰਦਰ ਸਿੰਘ ਗੁਰੀ, ਅਜੈਪਾਲ ਸਿੰਘ ਨਾਗੋਕੇ ਜੁਆਇੰਟ ਜਨ: ਸਕੱਤਰਾਂ ਸਮੇਤ ਸਮੂਹ ਅਹੁਦੇਦਾਰਾਂ ਅਤੇ ਮੈਂਬਰਾਂ ਵੱਲੋਂ ਜਾਰੀ ਕਰਦੇ ਹੋਏ ਪ੍ਰੈਸ ਸਕੱਤਰ ਜਗਤਾਰ ਸਿੰਘ ਵਿਰਕ ਅਤੇ ਔਨ ਲਾਈਨ ਐਡਮਿਨ. ਬਿਅੰਤ ਸਿੰਘ ਨੇ ਅੱਗੇ ਕਿਹਾ ਕਿ ਗੁਰੁ ਗ੍ਰੰਥ ਸਾਹਿਬ ਸਭ ਧਰਮਾਂ ਦਾ ਸਾਝਾਂ ਗ੍ਰੰਥ ਹੈ। ਅਸੀਂ ਉਮੀਦ ਕਰਦੇ ਹਾਂ ਕਿ ਸਭ ਇਨਸਾਫ ਪਸੰਦ ਲੋਕਾਂ ਨੇ ਬੀਤੇ ਕਈ ਸਾਲਾਂ ਤੋਂ ਲਗਾਤਾਰ ਹੁੰਦੀਂ ਆ ਰਹੀ ਬੇਅਦਬੀ ਖਿਲਾਫ ਅਵਾਜ਼ ਉਠਾਈ ਹੋਵੇਗੀ। ਅਸੀਂ ਸਭ ਧਰਮਾਂ ਦਾ ਸਤਿਕਾਰ ਕਰਦੇ ਹਾਂ ਅਤੇ ਬੇਗਮਪੁਰਾ ਅਤੇ ਹਲੇਮੀ ਰਾਜ ਦੇ ਸਿਧਾਂਤ ਅਨੁਸਾਰ ਮਿਲ ਕੇ ਚੱਲਣ ਦੇ ਹਾਮੀ ਹਾਂ। ਆਪਣੇ ਵਿਚਾਰ ਪ੍ਰਗਟ ਕਰਨ ਦਾ ਅਤੇ ਕਿਸੇ ਘਟਨਾਕ੍ਰਮ ਪ੍ਰਤੀ ਰੋਸ ਮੁਜਾਹਰਾ ਕਰਨ ਦਾ ਸਭ ਨੂੰ ਹੱਕ ਹੈ ਪਰ ਸ. ਭੌਰ ਖ਼ਿਲਾਫ ਮੁਜ਼ਾਹਰੇ ਦੌਰਾਨ ਇਕ ਬੀਬੀ ਜੀ ਵੱਲੋਂ ਵਰਤੀ ਗਈ ਸ਼ਬਦਾਵਲੀ ਸਬੰਧੀ ਅਸੀਂ ਸਮਝਦੇ ਹਾਂ ਕਿ ਧਰਮੀ ਇਨਸਾਨਾਂ ਨੂੰ ਇਹ ਬੋਲ ਸ਼ੋਭਦੇ ਨਹੀਂ ਹਨ ਤੇ ਖ਼ਾਸਕਰ ਇਕ ਬੀਬੀ ਵੱਲੋਂ ਜਨਤਕ ਤੌਰ 'ਤੇ ਅਜੇਹੇ ਲਫਜ਼ ਵਰਤਣੇ ਕਦੇ ਵੀ ਸਾਡੇ ਸਭਿਆਚਾਰ ਦਾ ਹਿੱਸਾ ਨਹੀਂ ਹੋ ਸਕਦਾ।


WHITE HAWK TRUCKING INC

*Need Drivers & Owner Operators*

Dedicated Load (ਪੱਕੇ ਲੋਡ)

Immediate Payment Option

West Coast I-5 Route



• ਸਾਡੇ ਸਾਰੇ ਟਰੱਕ ਨਵੇਂ ਹਨ • ਪੇਪਰ ਦਿਓ ਪੈਸੇ ਲਓ • Home Time ਵੀ ਦਿੰਦੇ ਹਾਂ

• ਡਰਾਇਵਰਾਂ ਦਾ ਕੋਈ ਵੀ ਪੈਸਾ ਥੱਲੇ ਨਹੀਂ ਰੱਖਿਆ ਜਾਂਦਾ • We Sell New & Used Tires

• Minor to Major Repair • Rebuild Engine Transmission DEF, DPF Cleaning

• Any kind of Road Service • Computer Diagnose

*Call for more Info:*

510 774 4191 (Kuljit Singh)

209 242 9569 (Dispatched)

209 564 8899 (Davinder Singh)

209 345 6968 (Ranthir Singh)

2101 MARTIN LUTHER KING JR WAY STOCKTON, CA 95205

# ਨਰਿੰਦਰ ਮੋਦੀ ਦੀਆਂ ਆਰਥਿਕ ਨੀਤੀਆਂ ਠੁੱਸ

- ਨੋਟਬੰਦੀ ਬਾਰੇ ਨਾਕਾਮੀ ਦੀ ਹੋਈ ਪੁਸ਼ਟੀ
- ਭਾਰਤੀ ਰਿਜ਼ਰਵ ਬੈਂਕ ਦੀ ਸਾਲਾਨਾ ਰਿਪੋਰਟ ਨੇ ਮੋਦੀ ਦੇ ਜੁਮਲਿਆਂ ਦਾ ਕੀਤਾ ਪਰਦਾਫਾਸ਼
- ਕਾਲਾ ਧਨ ਨੂੰ ਰੋਕਣ ਲਈ ਨੋਟਬੰਦੀ ਵਾਲੀ ਮੋਦੀ ਦੀ ਨੀਤੀ ਅਸਫਲ ਹੋਈ
- ਭਾਰਤੀਆਂ ਦਾ ਬੈਂਕਾਂ ’ਤੇ ਯਕੀਨ ਘਟਿਆ



**ਮਹਿੰਗਾਈ ਵਧੇਗੀ :** ਇਸ ਤੋਂ ਇਹੋ ਅੰਦਾਜ਼ਾ ਲਾਇਆ ਜਾ ਰਿਹਾ ਹੈ ਕਿ ਜਿਸ ਤੇਜ਼ੀ ਨਾਲ ਕੱਚੇ ਤੇਲ ਦੀਆਂ ਕੀਮਤਾਂ ਵਧ ਰਹੀਆਂ ਹਨ ਤੇ ਉਸ ਦੀ ਖ਼ਰੀਦ ਲਈ ਸਾਨੂੰ ਵੱਧ ਤੋਂ ਵੱਧ ਬਦੇਸ਼ੀ ਕਰੰਸੀ ਖ਼ਰਚ ਕਰਨੀ ਪੈ ਰਹੀ ਹੈ, ਉਸ ਨਾਲ ਕੇਵਲ ਬਦੇਸ਼ੀ ਸਿੱਕੇ ਦੇ ਭੰਡਾਰਾਂ ਉੱਤੇ ਹੀ ਅਸਰ ਨਹੀਂ ਪਵੇਗਾ, ਸਗੋਂ ਢੋਆ-ਢੁਆਈ ਦੇ ਖ਼ਰਚੇ ਵਧਣ ਕਾਰਨ ਆਮ ਵਸਤਾਂ ਦੀਆਂ ਕੀਮਤਾਂ ਵੀ ਵਧਣਗੀਆਂ।

**ਕਿਸਾਨੀ ਦੀ ਹਾਲਤ ਵਿਗੜੀ :** ਸੰਕਟ ਵਿੱਚ ਫਸੀ ਕਿਸਾਨੀ ਦੀ ਹਾਲਤ ਹੋਰ ਵੀ ਨਿੱਘਰ ਜਾਵੇਗੀ। ਡਾਲਰ ਦੇ ਮੁਕਾਬਲੇ ਰੁਪਏ ਦੀ ਕੀਮਤ ਲਗਾਤਾਰ ਡਿੱਗਣ ਨਾਲ ਬਰਾਮਦਾਂ ਤੋਂ ਹੋਣ ਵਾਲੀ ਆਮਦਨ ਵਿੱਚ ਤਾਂ ਬਹੁਤਾ ਵਾਧਾ ਨਹੀਂ ਹੋਇਆ, ਪਰ ਦਰਾਮਦਾਂ ’ਤੇ ਵਾਧੂ ਖ਼ਰਚ ਹੋਣ ਨਾਲ ਵਪਾਰ ਘਾਟਾ ਅਠਾਰਾਂ ਬਿਲੀਅਨ ਡਾਲਰ ਤੱਕ ਅੱਪੜ ਗਿਆ ਹੈ। ਹੁਣ ਇਸ ਦਾ ਬਾਜ਼ਾਰ ’ਤੇ ਵੀ ਅਸਰ ਪੈਣਾ ਸ਼ੁਰੂ ਹੋ ਗਿਆ ਹੈ।

**ਨਵੀਂ ਦਿੱਲੀ/ਬਿਊਰੋ ਨਿਊਜ਼ :**
ਭਾਰਤੀ ਰਿਜ਼ਰਵ ਬੈਂਕ (ਆਰਬੀਆਈ) ਦੀ ਸਾਲਾਨਾ ਰਿਪੋਰਟ ਕਈ ਭਰਮ-ਭੁਲੇਖੇ ਮਿਟਾਉਂਦੀ ਹੈ ਅਤੇ ਕਈ ਅੰਦੇਸ਼ੇ ਜਗਾਉਂਦੀ ਹੈ। ਆਮ ਆਦਮੀ ਲਈ ਇਸ ਦਾ ਸਭ ਤੋਂ ਅਹਿਮ ਪੱਖ ਹੈ ਕਿ ਨਵੰਬਰ 2016 ਵਿੱਚ ਕੀਤੀ ਗਈ ਨੋਟਬੰਦੀ ਰਾਹੀਂ ਮਹਿਜ਼ 0.7 ਕਰੰਸੀ ਕੌਮੀ ਆਰਥਿਕ ਪ੍ਰਣਾਲੀ ਤੋਂ ਬਾਹਰ ਹੋਈ ਅਤੇ ਉਸ ਸਮੇਂ ਬੰਦ ਕੀਤੇ ਪੰਜ ਸੌ ਤੇ ਹਜ਼ਾਰ ਦੇ 99.3 ਫ਼ੀਸਦੀ ਨੋਟ ਤਬਾਦਲੇ ਰਾਹੀਂ ਬੈਂਕਿੰਗ ਪ੍ਰਣਾਲੀ ਵਿੱਚ ਪਰਤ ਆਏ। ਇਸ ਤੋਂ ਭਾਵ ਹੈ ਕਿ ਕਾਲਾ ਧਨ, ਕੌਮੀ ਆਰਥਿਕ ਪ੍ਰਣਾਲੀ ਵਿੱਚੋਂ ਖਾਰਿਜ ਕਰਨ ਦੇ ਮਨੋਰਥ ਪੱਖੋਂ ਨੋਟਬੰਦੀ ਵਾਲਾ ਕਦਮ ਕਾਰਗਰ ਨਹੀਂ ਸਾਬਤ ਹੋਇਆ। ਰਿਪੋਰਟ ਦਾ ਇੱਕ ਹੋਰ ਜ਼ਿਕਰਯੋਗ ਪੱਖ ਇਹ ਹੈ ਕਿ ਡਿਜੀਟਲ ਅਦਾਇਗੀਆਂ ਦਾ ਪ੍ਰਚਲਣ ਭਾਵੇਂ ਵਧ ਗਿਆ ਹੈ, ਫਿਰ ਵੀ ਇਹ ਵਾਧਾ ਬਹੁਤ ਵਿਆਪਕ ਰੂਪ ਵਿੱਚ ਨਹੀਂ। ਤੀਜਾ ਮਹੱਤਵਪੂਰਨ ਪੱਖ ਹੈ ਕਿ ਲੋਕਾਂ ਦਾ ਬੈਂਕਿੰਗ ਪ੍ਰਣਾਲੀ ਉੱਤੇ ਯਕੀਨ ਘੱਟ ਗਿਆ ਹੈ। ਉਹ ਬੈਂਕਾਂ ਵਿੱਚ ਪੈਸੇ ਜਮ੍ਹਾਂ ਕਰਵਾਉਣ ਦੀ ਥਾਂ ਘਰਾਂ ਵਿੱਚ ਵੱਧ ਨਕਦੀ ਬਚਾ ਕੇ ਰੱਖਣ ਲੱਗ ਪਏ ਹਨ। ਰਿਪੋਰਟ ਦਾ ਤਸੱਲੀ ਦੇਣ ਵਾਲਾ ਪਹਿਲੂ ਇਹ ਹੈ ਕਿ ਕੌਮੀ ਅਰਥਚਾਰਾ ਸਿਹਤਮੰਦ ਹੈ; ਇਹ ਝਟਕੇ ਸਹਿਣ ਦੇ ਸਮਰੱਥ ਸਾਬਤ ਹੋਇਆ ਹੈ ਅਤੇ ਇਸ ਸਮਰੱਥਾ ਵਿੱਚ ਚਲੰਤ ਜਾਂ ਅਗਲੇ ਮਾਲੀ ਸਾਲ ਦੌਰਾਨ ਕਮੀ ਆਉਣ ਦੀ ਸੰਭਾਵਨਾ ਨਹੀਂ।

ਰਿਪੋਰਟ ਦਾ ਨੋਟਬੰਦੀ ਵਾਲਾ ਪੱਖ ਨਰਿੰਦਰ ਮੋਦੀ ਸਰਕਾਰ ਦੇ ਵਿਰੋਧੀਆਂ ਨੂੰ ਸਰਕਾਰ ਖ਼ਿਲਾਫ਼ ਨਵਾਂ ਗੋਲਾ ਬਾਰੂਦ ਬਖ਼ਸ਼ਣ ਵਾਲਾ ਹੈ। ਰਿਪੋਰਟ ਅਨੁਸਾਰ ਬੰਦ ਕੀਤੇ 500 ਤੇ ਇੱਕ ਹਜ਼ਾਰ ਰੁਪਏ ਦੇ 15.3 ਲੱਖ ਕਰੋੜ ਦੀ ਕੀਮਤ ਦੇ ਨੋਟ ਬੈਂਕਾਂ ਤੋਂ ਤਬਦੀਲ ਹੋ ਕੇ ਕੌਮੀ ਆਰਥਿਕ ਪ੍ਰਣਾਲੀ ਵਿੱਚ ਪਰਤ ਚੁੱਕੇ ਹਨ। ਬੈਂਕਰ ਤੇ ਕਈ ਨਾਮਵਰ ਅਰਥ ਸ਼ਾਸਤਰੀ ਅਜਿਹਾ ਹੋਣ ਦੇ ਖ਼ਦਸ਼ੇ ਪਹਿਲਾਂ ਹੀ ਪ੍ਰਗਟਾਉਂਦੇ ਆ ਰਹੇ ਸਨ। ਇਸ ਤੋਂ ਭਾਵ ਹੈ ਕਿ ਨੋਟਬੰਦੀ ਮਹਿਜ਼ 13 ਹਜ਼ਾਰ ਕਰੋੜ ਰੁਪਏ ਬਚਾਉਣ ਦੀ ਖਾਤਿਰ ਕੀਤੀ ਗਈ ਜਿਸ ਦੇ ਬਦਲੇ ਆਮ ਆਦਮੀ ਨੂੰ ਭਾਰੀ ਕਠਿਨਾਈਆਂ ਝਾਗਣੀਆਂ ਪਈਆਂ ਤੇ ਗ਼ੈਰ-ਜਥੇਬੰਦਕ ਅਰਥਚਾਰਾ ਅਜਿਹਾ ਪੈਰੋਂ ਉਖੜਿਆ ਕਿ ਅਜੇ ਤਕ ਪੈਰਾਂ ਸਿਰ ਨਹੀਂ ਆਇਆ। ਨੋਟਬੰਦੀ ਦੀ ਇਹ ਨਾਕਾਮੀ ਚੰਦ ਮਹੀਨਿਆਂ ਬਾਅਦ ਹੋਣ ਵਾਲੀਆਂ ਤਿੰਨ ਰਾਜਾਂ ਦੀਆਂ ਵਿਧਾਨ ਸਭਾ ਚੋਣਾਂ ਅਤੇ ਅਗਲੇ ਸਾਲ ਦੀਆਂ ਲੋਕ ਸਭਾ ਚੋਣਾਂ ਦੌਰਾਨ ਅਹਿਮ ਮੁੱਦਾ ਬਣਨੀ ਲਾਜ਼ਮੀ ਹੈ।

ਨੋਟਬੰਦੀ ਦੀ ਨਾਕਾਮੀ ਵਰਗਾ ਹੀ ਇੱਕ ਪੱਖ ਹੈ ਲੋਕਾਂ ਵੱਲੋਂ ਬੈਂਕਾਂ ਦੀ ਬਜਾਏ ਘਰਾਂ ਵਿੱਚ ਪੈਸਾ ਰੱਖਣਾ ਅਤੇ ਆਪਣੀਆਂ ਬੱਚਤਾਂ ਨੂੰ ਬੈਂਕਾਂ ਦੇ ਮਿਆਦੀ ਜਮ੍ਹਾਂ ਖਾਤਿਆਂ ਵਿੱਚ ਲਾਉਣ ਦੀ ਥਾਂ ਪੈਨਸ਼ਨਾਂ, ਪ੍ਰਾਵੀਡੈਂਟ ਫੰਡਾਂ ਅਤੇ ਡਿਬੈਂਚਰਾਂ ਆਦਿ ਵਿੱਚ ਲਾਉਣਾ। ਇਸ ਤੋਂ ਇਹ ਪ੍ਰਭਾਵ ਬਣਦਾ ਹੈ ਕਿ ਬੈਂਕਾਂ ਦੇ ਡੁੱਬੇ ਕਰਜ਼ਿਆਂ ਵਿੱਚ ਨਿਰੰਤਰ ਇਜ਼ਾਫ਼ੇ ਤੋਂ ਲੋਕ ਡਰੇ ਹੋਏ ਹਨ। ਉਹ ਮਹਿਸੂਸ ਕਰਦੇ ਹਨ ਕਿ ਬੈਂਕ ਡੁੱਬ ਵੀ ਸਕਦੇ ਹਨ; ਲਿਹਾਜ਼ਾ ਉਨ੍ਹਾਂ ਨੂੰ ਆਪਣੀ ਪੂੰਜੀ ਵੱਧ ਸੁਰੱਖਿਅਤ ਬਦਲਾਂ ਵਿੱਚ ਲਾਉਣੀ ਚਾਹੀਦੀ ਹੈ।

**ਕੀ ਕਹਿੰਦੀ ਏ ਮੋਦੀ ਦੀ ਅਫ਼ਸਰਸ਼ਾਹੀ** :ਨੈਸ਼ਨਲ ਕੌਂਸਲ ਆਫ ਅਪਲਾਇਡ ਇਕਨਾਮਿਕ ਰਿਸਰਚ ਦੇ ਸੀਨੀਅਰ ਮੈਂਬਰ ਡਾ. ਕਨ੍ਹਈਆ ਸਿੰਘ ਨੇ ਕਿਹਾ ਕਿ ਬੰਦ ਕੀਤੇ ਗਏ ਸਾਰੇ ਨੋਟਾਂ ਦਾ ਬੈਂਕਾਂ ਵਿਚ ਪੁੱਜਣਾ ਨੋਟਬੰਦੀ ਦੀ ਸਫਲਤਾ ਹੈ। ਇਸ ਨਾਲ ਪੂਰਾ ਪੈਸਾ ਰਸਮੀ ਰੂਪ ਨਾਲ ਆਰਥਿਕ ਤੰਤਰ ਵਿਚ ਆ ਗਿਆ ਹੈ, ਜਿਸ ਨਾਲ ਅਰਥਚਾਰੇ ਨੂੰ ਫਾਇਦਾ ਹੋਵੇਗਾ। ਇਸ ਨਾਲ ਮਹਿੰਗਾਈ ’ਤੇ ਲਗਾਮ ਲੱਗੀ ਹੈ। ਰੀਅਲ ਅਸਟੇਟ ਖੇਤਰ ਦੇ ਮੁੱਲ ਜੋ ਆਸਮਾਨ ’ਤੇ ਪਹੁੰਚ ਗਏ ਸਨ, ਹੇਠਾਂ ਆਏ ਹਨ। ਜਿੱਥੋਂ ਤਕ ਜੀ. ਡੀ. ਪੀ. ਵਾਧੇ ਵਿਚ ਕਮੀ ਆਉਣ ਦੀ ਗੱਲ ਹੈ, ਨੋਟਬੰਦੀ ਤੋਂ ਬਾਅਦ ਇਕ-ਦੋ ਤਿਮਾਹੀਆਂ ਵਿਚ ਇਸ ਦਾ ਅਸਰ ਵੇਖਿਆ ਗਿਆ ਸੀ, ਬਾਅਦ ਵਿਚ ਇਹ ਰਿਕਵਰ ਹੋ ਗਿਆ। ਨੋਟਬੰਦੀ ਕਾਰਨ ਆਮਦਨ ਕਰ ਰਿਟਰਨ ਦਾਖਲ ਕਰਨ ਵਾਲਿਆਂ ਦੀ ਗਿਣਤੀ ਸਾਢੇ 3 ਕਰੋੜ ਤੋਂ ਵਧ ਕੇ ਕਰੀਬ 7 ਕਰੋੜ ਤੱਕ ਪਹੁੰਚ ਗਈ ਹੈ। ਪਹਿਲਾਂ ਜਿੱਥੇ ਇਨ੍ਹਾਂ ਵਿਚ ਹਰ ਸਾਲ 9-10 ਫ਼ੀਸਦੀ ਦਾ ਵਾਧਾ ਹੁੰਦਾ ਸੀ, ਉੱਥੇ ਹੀ ਹੁਣ 20-25 ਫ਼ੀਸਦੀ ਦਾ ਵਾਧਾ ਹੋ ਰਿਹਾ ਹੈ।

ਪ੍ਰਧਾਨ ਮੰਤਰੀ ਦੀ ਆਰਥਿਕ ਸਲਾਹਕਾਰ ਕੌਂਸਲ ਦੀ ਮੈਂਬਰ ਸ਼ਮਿਕਾ ਰਵੀ ਦਾ ਕਹਿਣਾ ਹੈ ਕਿ ਨੋਟਬੰਦੀ ਤੋਂ ਬਾਅਦ ਦੇਸ਼ ਵਿਚ ਕਰ ਭੁਗਤਾਨ ਬਿਹਤਰ ਹੋਇਆ ਹੈ, ਹਾਲਾਂਕਿ ਇਸ ਦਾ ਮਾੜਾ ਪੱਖ ਇਹ ਰਿਹਾ ਕਿ ਨੋਟਬੰਦੀ ਦੀ ਪੂਰੀ ਪ੍ਰਕਿਰਿਆ ਨੂੰ ਹੋਰ ਬਿਹਤਰ ਤਰੀਕੇ ਨਾਲ ਲਾਗੂ ਕੀਤਾ ਜਾ ਸਕਦਾ ਸੀ। ਰਵੀ ਬਰੂਕਿੰਗਸ ਇੰਡੀਆ ਵਿਚ ਸੀਨੀਅਰ ਮੈਂਬਰ ਵੀ ਹਨ। ਰਵੀ ਨੇ ਰੀਅਲ ਅਸਟੇਟ ਖੇਤਰ ਨਾਲ ਜੁੜੇ ਵਸਤੂ ਅਤੇ ਸੇਵਾ ਕਰ ਕਾਨੂੰਨ ਨੂੰ ਵੀ ਤਰਕਸੰਗਤ ਬਣਾਉਣ ਦੀ ਜ਼ਰੂਰਤ ’ਤੇ ਜ਼ੋਰ ਦਿੱਤਾ। ਰੁਪਏ ਵਿਚ ਗਿਰਾਵਟ ਦੇ ਮੁੱਦੇ ’ਤੇ ਰਵੀ ਨੇ ਕਿਹਾ ਕਿ ਰੁਪਏ ਦੀ ਕਮਜ਼ੋਰੀ ਨੂੰ ਦੇਸ਼ ਦੀ ਸਮਰੱਥਾ ਵਿਚ ਗਿਰਾਵਟ ਦੇ ਤੌਰ ’ਤੇ ਨਹੀਂ ਵੇਖਿਆ ਜਾਣਾ ਚਾਹੀਦਾ।

**ਕੀ ਹੈ ਮੋਦੀ ਰਾਜ ਦੀ ਅਸਲੀਅਤ :** ਪ੍ਰਧਾਨ ਮੰਤਰੀ ਮੋਦੀ ਤੇ ਉਨ੍ਹਾਂ ਦੇ ਨਿਕਟ ਸਹਿਯੋਗੀ ਇੱਕ ਨਹੀਂ, ਅਨੇਕ ਵਾਰ ਇਹ ਮੁਹਾਰਨੀ ਦੁਹਰਾਉਂਦੇ ਰਹੇ ਹਨ ਕਿ ਕਾਂਗਰਸ ਦਾ ਚਰਵਿੰਜਾ ਸਾਲ ਦਾ ਸ਼ਾਸਨ ਕਮੀਆਂ-ਕਮਜ਼ੋਰੀਆਂ ਭਰਪੂਰ ਸੀ ਤੇ ਉਨ੍ਹਾਂ ਵੱਲੋਂ ਅਪਣਾਈ ਵਿਕਾਸ ਸ਼ੈਲੀ ਦਾ ਲਾਭ ਆਮ ਲੋਕਾਂ ਤੱਕ ਨਹੀਂ ਪਹੁੰਚਾ। ਉਹ ਆਪਣੇ ਇਸ ਦਾਅਵੇ ਦੀ ਪੁਸ਼ਟੀ ਲਈ ਇਹ ਵੀ ਕਹਿੰਦੇ ਸਨ ਕਿ ਉਨ੍ਹਾਂ ਦੇ ਚਾਰ ਸਾਲਾ ਸ਼ਾਸਨ ਦੌਰਾਨ ਦੇਸ ਨੇ ਸਭ ਤੋਂ ਉੱਚੀ ਸਾਲਾਨਾ ਕੌਮੀ ਵਿਕਾਸ ਦਰ ਹਾਸਲ ਕਰ ਲਈ ਹੈ। ਅਸਲੀਅਤ ਕੁਝ ਹੋਰ ਹੈ। ਹੁਣੇ-ਹੁਣੇ ਕੇਂਦਰੀ ਅੰਕੜਾ ਸੰਸਥਾ ਤੇ ਨੈਸ਼ਨਲ ਸਟੈਟਿਸਟੀਕਲ ਕਮਿਸ਼ਨ ਨੇ ਸਾਲਾਨਾ ਕੌਮੀ ਵਿਕਾਸ ਦਰ ਬਾਰੇ 2004-2005 ਤੋਂ ਲੈ ਕੇ 2017-2018 ਤੱਕ ਦੇ ਜਿਹੜੇ ਅੰਕੜੇ ਪੇਸ਼ ਕੀਤੇ ਹਨ, ਉਹ ਇਹ ਦਰਸਾ ਰਹੇ ਹਨ ਕਿ ਯੂ ਪੀ ਏ-9 ਤੇ ਯੂ ਪੀ ਏ-99 ਦੇ ਦਸ ਸਾਲਾ ਸ਼ਾਸਨ ਦੌਰਾਨ ਕੌਮੀ ਵਿਕਾਸ ਦਰ ਐੱਨ ਡੀ ਏ ਦੇ ਚਾਰ ਸਾਲਾ ਸ਼ਾਸਨ ਨਾਲੋਂ ਕਿਤੇ ਵੱਧ ਸੀ। ਅੰਕੜਿਆਂ ਦੀ ਇਸ ਖੇਡ ਨੂੰ ਆਪਣੇ ਹੱਕ ਵਿੱਚ ਕਰਨ ਲਈ ਖ਼ਜ਼ਾਨਾ ਮੰਤਰੀ ਅਰੁਣ ਜੇਤਲੀ ਨੇ ਨਵੇਂ ਮਾਪਦੰਡ ਤੈਅ ਕਰ ਦਿੱਤੇ ਸਨ, ਪਰ ਇਹਨਾਂ ਦੀ ਮਦਦ ਨਾਲ ਵੀ ਸੱਚ ’ਤੇ ਪਰਦਾ ਨਹੀਂ ਪਾਇਆ ਜਾ ਸਕਿਆ।

**ਬਾਕੀ ਸਫ਼ਾ 32 ’ਤੇ**

## ਯੂਪੀਏ. ਸਰਕਾਰ ਨੇ ਦੇਸ਼ ਦੇ ਅਰਥਚਾਰੇ ਦਾ ਭੱਠਾ ਬਿਠਾਇਆ : ਮੋਦੀ

**ਨਵੀਂ ਦਿੱਲੀ :** ਨੀਰਵ ਮੋਦੀ ਅਤੇ ਵਿਜੈ ਮਾਲਿਆ ਜਿਹੇ ਕਾਰੋਬਾਰੀਆਂ ਦੀ ਸਰਪ੍ਰਸਤ ਸਰਕਾਰ ਹੋਣ ਦਾ ਕਥਿਤ ਇਲਜ਼ਾਮ ਝੱਲ ਚੁੱਕੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਮੁੱਖ ਵਿਰੋਧੀ ਧਿਰ ਕਾਂਗਰਸ ’ਤੇ ਜਵਾਬੀ ਪਲਟਵਾਰ ਕਰਦਿਆਂ ਕਿਹਾ ਕਿ ਇਹ ਸਾਰੇ ਕਰਜ਼ੇ ਪਿਛਲੀਆਂ ਸਰਕਾਰਾਂ ਵਲੋਂ ਹੀ ਦਿੱਤੇ ਗਏ ਹਨ। ਪ੍ਰਧਾਨ ਮੰਤਰੀ ਨੇ ਡੁੱਬਿਆ ਕਰਜ਼ਾ (ਐਨ. ਪੀ. ਏ.) ਦੀ ਸਮੱਸਿਆ ਲਈ ਪਿਛਲੀ ਸਰਕਾਰ ਨੂੰ ਜ਼ਿੰਮੇਵਾਰ ਠਹਿਰਾਉਂਦਿਆਂ ਕਿਹਾ ਕਿ ਯੂ. ਪੀ. ਏ. ਸਰਕਾਰ ਦੇਸ਼ ਦੀ ਅਰਥ ਵਿਵਸਥਾ ਨੂੰ ਬਾਰੂਦ ਦੇ ਢੇਰ ’ਤੇ ਬਿਠਾ ਕੇ ਗਈ। ਮੋਦੀ ਨੇ ਕਿਹਾ ਕਿ ਆਜ਼ਾਦੀ ਤੋਂ ਬਾਅਦ ਤੋਂ ਲੈ ਕੇ 2008 ਤੱਕ ਦੇਸ਼ ਦੇ ਕੁੱਲ ਬੈਂਕਾਂ ਨੇ ਸਿਰਫ 18 ਲੱਖ ਕਰੋੜ ਦੀ ਰਕਮ ਕਰਜ਼ੇ ਵਜੋਂ ਦਿੱਤੀ ਸੀ, ਪਰ 2008 ਤੋਂ ਬਾਅਦ 6 ਸਾਲਾਂ ਵਿਚ ਇਹ ਰਕਮ ਵਧ ਕੇ 52 ਲੱਖ ਕਰੋੜ ਰੁਪਏ ਹੋ ਗਈ। ਪ੍ਰਧਾਨ ਮੰਤਰੀ ਨੇ ਅੱਗੇ ਇਹ ਵੀ ਕਿਹਾ ਕਿ ਯੂ. ਪੀ. ਏ. ਸਰਕਾਰ ਬੈਂਕਾਂ ਦੀ ਡੁੱਬੀ ਹੋਈ ਰਕਮ ਨੂੰ ਦੋ-ਢਾਈ ਲੱਖ ਦੱਸ ਰਹੀ ਸੀ, ਉਹ 9 ਕਰੋੜ ਤੋਂ ਵੀ ਵੱਧ ਨਿਕਲੀ। ਮੋਦੀ ਨੇ ਕਿਹਾ ਨਾਮਦਾਰਾਂ ਨੂੰ ਕਰਜ਼ਾ ਸਿਰਫ਼ ਇਕ ਫ਼ੋਨ ’ਤੇ ਮੁਹੱਈਆ ਕਰਵਾ ਦਿੱਤਾ ਜਾਂਦਾ ਸੀ। ਉਨ੍ਹਾਂ ਕਿਹਾ ਕਿ ਬੈਂਕਾਂ ਦੇ ਡੁੱਬੇ ਪੈਸੇ ਲਈ ਯੂ. ਪੀ. ਏ. ਸਰਕਾਰ ਨੂੰ ਜ਼ਿੰਮੇਵਾਰ ਠਹਿਰਾਉਣ ਤੋਂ ਇਲਾਵਾ ਪਹਿਲੀ ਤਿਮਾਹੀ ਦੇ ਜੀ. ਡੀ. ਪੀ. ਨਤੀਜੇ ਹੀ ਭਾਰਤ ਦੇ ਬਦਲਾਅ ਦੀ ਅਸਲ ਤਸਵੀਰ ਪੇਸ਼ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਇਹ ਅੰਕੜੇ ਦੇਸ਼ ਦੀ ਅਰਥ ਵਿਵਸਥਾ ਲਈ ਮੈਡਲ ਹਨ।

## ਬੜਬੋਲੇ ਭਾਜਪਾਈ ਨੇਤਾ ਮੋਦੀ ਸਰਕਾਰ ਲਈ ਸਿਰਦਰਦੀ ਬਣੇ

### *ਮੋਦੀ ਦਾ ਕਹਿਣਾ ਨਾ ਮੰਨਣ ਕਾਰਨ ਬੜਬੋਲੇ ਭਾਜਪਾਈਆਂ ਕਾਰਨ ਭਾਜਪਾ ਦਾ ਚੋਣਾਂ ’ਚ ਹੋ ਸਕਦਾ ਏ ਨੁਕਸਾਨ*

**ਨਵੀਂ ਦਿੱਲੀ/ਬਿਊਰੋ ਨਿਊਜ਼ :**
ਭਗਵੇਂ ਨੇਤਾ ਆਪਣੇ ਜ਼ਹਿਰੀਲੇ ਬਿਆਨਾਂ ਤੇ ਕਰਤੂਤਾਂ ਨਾਲ ਦੇਸ਼ ਦਾ ਮਾਹੌਲ ਵਿਗਾੜ ਰਹੇ ਹਨ। ਇਨ੍ਹਾਂ ਵਿਚ ਭਾਜਪਾ ਨੇਤਾ, ਇਥੋਂ ਤਕ ਕਿ ਭਾਜਪਾ ਦੇ ਮੰਤਰੀ ਵੀ ਸਭ ਤੋਂ ਅੱਗੇ ਹਨ, ਜੋ ਕਿ ਮੋਦੀ ਸਰਕਾਰ ਲਈ ਸਿਰਦਰਦੀ ਬਣੇ ਹੋਏ ਹਨ। ਇਨ੍ਹਾਂ ਵਿਚ ਕੇਂਦਰੀ ਮੰਤਰੀ ਗਿਰੀਰਾਜ ਸਿੰਘ, ਸਾਧਵੀ ਨਿਰੰਜਨਾ ਜਯੋਤੀ, ਮੁਖਤਾਰ ਅੱਬਾਸ ਨਕਵੀ, ਕਿਰਨ ਰਿਜਿਜੂ, ਅਨੰਤ ਕੁਮਾਰ ਹੇਗੜੇ, ਯੂ. ਪੀ. ਦੇ ਰਾਜਪਾਲ ਰਾਮਨਾਇਕ, ਐੱਮ. ਪੀ. ਨੇਪਾਲ ਸਿੰਘ, ਸਾਕਸ਼ੀ ਮਹਾਰਾਜ, ਵਿਧਾਇਕ ਵਿਕਰਮ ਸੈਣੀ, ਸੰਗੀਤ ਸੋਮ, ਸੁਰੇਂਦਰ ਸਿੰਘ ਆਦਿ ਸ਼ਾਮਿਲ ਹਨ।

ਇਸੇ ਨੂੰ ਦੇਖਦਿਆਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਇਸ ਸਾਲ 23 ਅਪ੍ਰੈਲ ਨੂੰ ਭਾਜਪਾ ਸੰਸਦ ਮੈਂਬਰਾਂ ਅਤੇ ਵਿਧਾਇਕਾਂ ਨੂੰ ਝਾੜ ਪਾਉਂਦਿਆਂ ਕਿਹਾ ਸੀ ਕਿ ਉਹ ਮੀਡੀਆ ਸਾਹਮਣੇ ਵਿਵਾਦਪੂਰਨ ਬਿਆਨ ਦੇਣ ਤੋਂ ਬਚਣ। ਪ੍ਰਧਾਨ ਮੰਤਰੀ ਨੇ ਕਿਹਾ ਸੀ ਕਿ ਅਜਿਹੇ ਬੇਤੁਕੇ ਬਿਆਨ ਦਾ ਮੀਡੀਆ ਇਸਤੇਮਾਲ ਕਰਦਾ ਹੈ ਤੇ ਪਾਰਟੀ ਦਾ ਅਕਸ ਖਰਾਬ ਹੁੰਦਾ ਹੈ।”

ਹਾਲਾਂਕਿ ਇਸ ਤੋਂ ਪਹਿਲਾਂ ਵੀ ਪ੍ਰਧਾਨ ਮੰਤਰੀ ਮੋਦੀ ਭਾਜਪਾ ਆਗੂਆਂ ਨੂੰ ਬਿਨਾਂ ਸੋਚੇ-ਵਿਚਾਰੇ ਬਿਆਨ ਦੇਣ ਤੋਂ ਮਨ੍ਹਾ ਕਰਦੇ ਰਹੇ ਹਨ ਪਰ ਉਨ੍ਹਾਂ ਦੀ ਨਸੀਹਤ ਦਾ ਨਾ ਤਾਂ ਉਦੋਂ ਅਸਰ ਹੋਇਆ ਤੇ ਨਾ ਹੀ ਹੁਣ ਹੋਇਆ ਹੈ ਤੇ ਵੱਖ-ਵੱਖ ਭਾਜਪਾ ਆਗੂਆਂ ਵਲੋਂ ਬੜਬੋਲੇ ਬਿਆਨ ਦੇਣ ਦਾ ਸਿਲਸਿਲਾ ਲਗਾਤਾਰ ਜਾਰੀ ਹੈ। 23 ਅਪ੍ਰੈਲ ਨੂੰ ਪ੍ਰਧਾਨ ਮੰਤਰੀ ਦੀ ਝਿੜਕ ਤੋਂ ਬਾਅਦ ਵੀ ਕੇਂਦਰੀ ਮੰਤਰੀ ਅਨੰਤ ਕੁਮਾਰ ਹੇਗੜੇ, ਜਨਜਾਤੀ ਮਾਮਲਿਆਂ ਬਾਰੇ ਮੰਤਰੀ ਜੁਆਲ ਓਰਾਮ, ਭਾਜਪਾ ਰਾਜਸਥਾਨ ਦੇ ਪ੍ਰਧਾਨ ਮਦਨ ਲਾਲ ਸੈਣੀ, ਬਲੀਆ ਤੋਂ ਭਾਜਪਾ ਵਿਧਾਇਕ ਸੁਰੇਂਦਰ ਸਿੰਘ, ਫੈਜ਼ਾਬਾਦ ਤੋਂ ਭਾਜਪਾ ਵਿਧਾਇਕ ਹਰੀਓਮ ਪਾਂਡੇ ਤੇ ਕਰਨਾਟਕ ਭਾਜਪਾ ਦੇ ਸੀਨੀਅਰ ਆਗੂ ਬਾਸਾਨਾ ਗੌੜਾ ਪਾਟਿਲ ਯਾਤਨਾਲ ਆਦਿ ਦੇ ਬੜਬੋਲੇ ਬਿਆਨ ਆ ਚੁੱਕੇ ਹਨ।

ਹੁਣ ਜਦੋਂ ਇਸੇ ਸਾਲ 4 ਸੂਬਿਆਂ ਦੀਆਂ ਵਿਧਾਨ ਸਭਾ ਚੋਣਾਂ ਤੇ ਅਗਲੇ ਸਾਲ ਲੋਕ ਸਭਾ ਚੋਣਾਂ ਹੋਣ ਵਾਲੀਆਂ ਹਨ, ਇਨ੍ਹਾਂ ਤੋਂ ਪਹਿਲਾਂ ਭਾਜਪਾ ਨੂੰ ਆਪਣੇ ਨੇਤਾਵਾਂ ਦੀ ਗਲਤਬਿਆਨੀ ਨਾਲ ਹੋਣ ਵਾਲਾ ਖਤਰਾ ਮਹਿਸੂਸ ਹੋਣ ਲੱਗਾ ਹੈ।

ਪਾਰਟੀ ਲੀਡਰਸ਼ਿਪ ਨੂੰ ਖਦਸ਼ਾ ਹੈ ਕਿ ਬਿਆਨਬਾਜ਼ੀ ਲਈ ਮਸ਼ਹੂਰ ਉਸ ਦੇ ਨੇਤਾ ਆਪਣੇ ਬੜਬੋਲੇਪਨ ਜਾਂ ਊਲ-ਜਲੂਲ ਬਿਆਨਾਂ ਨਾਲ ਪਾਰਟੀ ਨੂੰ ਨੁਕਸਾਨ ਪਹੁੰਚਾ ਸਕਦੇ ਹਨ। ਇਸੇ ਨੂੰ ਦੇਖਦਿਆਂ ਆਪਣੇ ਬੜਬੋਲੇਪਨ ਲਈ ਪਾਰਟੀ ਵਿਚ ‘ਬਦਨਾਮ’ ਨੇਤਾਵਾਂ ਦੀ ਸੂਚੀ ਤਿਆਰ ਕੀਤੀ ਗਈ ਹੈ। ਭਾਜਪਾ ਦੇ ਇਕ ਵੱਡੇ ਨੇਤਾ ਅਨੁਸਾਰ ਪਾਰਟੀ ਪ੍ਰਧਾਨ ਅਮਿਤ ਸ਼ਾਹ ਇਸ ਗੱਲ ਨੂੰ ਲੈ ਕੇ ਕਾਫੀ ਚੌਕੰਨੇ ਹਨ ਕਿ ਪਾਰਟੀ ਦੇ

**ਬਾਕੀ ਸਫ਼ਾ 32 ’ਤੇ**

ਅੰਮ੍ਰਿਤਸਰ ਟਾਈਮਜ਼ AMRITSAR TIMES

12 ਸਤੰਬਰ 2018 ਤੋਂ 18 ਸਤੰਬਰ 2018

## ਬੇਅਦਬੀ ਕਾਂਡ : ਵਿਸ਼ੇਸ਼ ਜਾਂਚ ਟੀਮ (ਸਿੱਟ) 'ਤੇ ਉਠ ਰਹੇ ਸਵਾਲ

ਪੰਜਾਬ ਦੀ ਰਾਜਨੀਤੀ ਵਿਚ ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀ ਜਾਂਚ ਰਿਪੋਰਟ ਤੋਂ ਬਾਅਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਅਤੇ ਬਹਿਬਲ ਕਲਾਂ ਗੋਲੀ ਕਾਂਡ ਦਾ ਮਾਮਲਾ ਗਰਮਾਇਆ ਹੋਇਆ ਹੈ। ਪਿਛਲੇ ਦਿਨੀਂ ਵਿਧਾਨ ਸਭਾ ਵਿਚ ਰਣਜੀਤ ਸਿੰਘ ਕਮਿਸ਼ਨ ਦੀ ਰਿਪੋਰਟ 'ਤੇ ਹੋਈ ਬਹਿਸ ਤੋਂ ਬਾਅਦ ਸਾਰੀਆਂ ਪਾਰਟੀਆਂ ਨੇ ਇਸ ਮਾਮਲੇ ਦੀ ਜਾਂਚ ਸੀਬੀਆਈ ਤੋਂ ਵਾਪਸ ਲੈ ਕੇ ਐਸਆਈਟੀ ਨੂੰ ਸੌਂਪੇ ਜਾਣ ਦੀ ਮੰਗ ਕੀਤੀ ਸੀ। ਅਕਾਲੀ ਦਲ ਵਲੋਂ ਇਸ ਸੈਸ਼ਨ ਤੋਂ ਸਮਾਂ ਘੱਟ ਦੇਣ ਦੀ ਗੱਲ ਕਹਿ ਕੇ ਬਾਈਕਾਟ ਕਰ ਦਿਤਾ ਗਿਆ ਸੀ। ਪੰਜਾਬ ਸਰਕਾਰ ਵੱਲੋਂ ਹੁਣ ਇਸ ਮਾਮਲੇ ਦੀ ਜਾਂਚ ਲਈ ਵਧੀਕ ਡੀਜੀਪੀ (ਇਨਵੈਸਟੀਗੇਸ਼ਨ) ਪ੍ਰਬੋਧ ਕੁਮਾਰ ਦੀ ਅਗਵਾਈ ਹੇਠ ਪੰਜ ਮੈਂਬਰੀ ਵਿਸ਼ੇਸ਼ ਜਾਂਚ ਟੀਮ (ਐਸਆਈਟੀ) ਦਾ ਗਠਨ ਕਰ ਦਿੱਤਾ ਗਿਆ ਹੈ।ਇਸ ਟੀਮ ਵਿਚ ਆਈਜੀ ਅਰੁਣਪਾਲ ਸਿੰਘ, ਆਈਜੀ ਕੁੰਵਰ ਵਿਜੇਪ੍ਰਤਾਪ ਸਿੰਘ, ਐਸਐਸਪੀ ਕਪੂਰਥਲਾ ਸਤਿੰਦਰ ਸਿੰਘ ਅਤੇ ਪੁਲਿਸ ਰੰਗਰੂਟ ਟ੍ਰੇਨਿੰਗ ਸੈਂਟਰ ਜਹਾਨ ਖੇਲਾਂ ਦੇ ਇੰਚਾਰਜ ਕਮ ਕਮਾਂਡੈਂਟ ਭੁਪਿੰਦਰ ਸਿੰਘ ਨੂੰ ਸ਼ਾਮਲ ਕੀਤਾ ਗਿਆ ਹੈ।

ਭਾਵੇਂ ਇਹ ਕਿਹਾ ਗਿਆ ਹੈ ਕਿ ਨਵੀਂ ਬਣੀ ਜਾਂਚ ਟੀਮ ਫਰੀਦਕੋਟ ਜ਼ਿਲ੍ਹੇ ਦੇ ਪਿੰਡ ਬੁਰਜ ਜਵਾਹਰ ਸਿੰਘ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਚੋਰੀ ਹੋਣ, ਪਿੰਡ ਬਰਗਾੜੀ ਵਿਚ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ, ਬਹਿਬਲ ਕਲਾਂ ਅਤੇ ਕੋਟਕਪੂਰਾ ਗੋਲੀ ਕਾਂਡ ਦੀ ਡੂੰਘਾਈ ਨਾਲ ਪੜਤਾਲ ਕਰੇਗੀ ਤਾਂ ਜੋ ਇਸ ਮੰਦਭਾਗੀ ਘਟਨਾ ਦਾ ਅਸਲ ਸੱਚ ਸਾਹਮਣੇ ਆ ਸਕੇ ਅਤੇ ਸਬੰਧਤ ਦੋਸ਼ੀਆਂ ਨੂੰ ਸਜ਼ਾ ਦਿਵਾਈ ਜਾ ਸਕੇ ਪਰ ਇਸ ਜਾਂਚ ਟੀਮ ਨੂੰ ਸੌਂਪੀ ਗਈ ਅਣਪਛਾਤੀ ਪੁਲਿਸ ਦੇ ਨਾਮ ਵਾਲੀ ਐਫਆਈਆਰ ਨੂੰ ਲੈ ਕੇ ਸਵਾਲ ਖੜ੍ਹੇ ਹੋ ਰਹੇ ਹਨ। ਇਸੇ ਤਰ੍ਹਾਂ ਕੁਝ ਧਿਰਾਂ ਨੇ ਇਸ ਜਾਂਚ ਟੀਮ ਵਿਚ ਸ਼ਾਮਲ ਪੁਲਿਸ ਅਫਸਰਾਂ ਦੀ ਸਿਆਸੀ ਪੁਸ਼ਤ-ਪਨਾਹੀ ਨੂੰ ਵੀ ਸਾਹਮਣੇ ਲਿਆਂਦਾ ਹੈ ਤੇ ਕਈਆਂ ਨੂੰ 'ਸਿੱਟ' ਦਾ ਗਠਨ ਹੀ ਸਮੁੱਚੇ ਮਾਮਲੇ ਨੂੰ ਠੰਡੇ ਬਸਤੇ ਵਿਚ ਪਾਉਣ ਲਈ ਜਾਪ ਰਿਹਾ ਹੈ। ਜਸਟਿਸ (ਸੇਵਾਮੁਕਤ) ਰਣਜੀਤ ਸਿੰਘ 'ਤੇ ਅਧਾਰਤ ਜਾਂਚ ਕਮਿਸ਼ਨ ਵਲੋਂ ਸਰਕਾਰ ਨੂੰ ਸੌਂਪੀ ਪੜਤਾਲੀਆ ਰਿਪੋਰਟ ਵਿਚ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਅਤੇ ਸਾਬਕਾ ਡੀਜੀਪੀ ਸੁਮੇਧ ਸਿੰਘ ਸੈਣੀ ਸਮੇਤ 14 ਪੁਲਿਸ ਅਫਸਰਾਂ ਦੀ ਕਾਰਗੁਜ਼ਾਰੀ 'ਤੇ ਸਵਾਲੀਆ ਨਿਸ਼ਾਨ ਖੜ੍ਹੇ ਕੀਤੇ ਗਏ ਹਨ ਪਰ ਪੰਜਾਬ ਸਰਕਾਰ ਨੇ ਪਿਛਲੀ ਬਾਦਲ ਸਰਕਾਰ ਵੇਲੇ ਅਣਪਛਾਤੀ ਪੁਲਿਸ ਦੇ ਨਾਮ ਵਾਲੀ ਐਫਆਈਆਰ ਨੂੰ ਹੀ ਆਧਾਰ ਬਣਾ ਕੇ 7 ਅਗਸਤ 2018 ਨੂੰ ਦਰਜ ਕੀਤੀ ਐਫ਼ਆਈਆਰ. ਨਵੀਂ ਜਾਂਚ ਟੀਮ ਨੂੰ ਸੌਂਪਣ ਕਾਰਨ ਇਨ੍ਹਾਂ ਖਦਸ਼ਿਆਂ ਨੂੰ ਬਲ ਮਿਲ ਰਿਹਾ ਹੈ ਕਿ ਅਮਰਿੰਦਰ ਸਰਕਾਰ ਕਿਤੇ ਨਾ ਕਿਤੇ ਬਾਦਲ ਪਰਿਵਾਰ ਦੀ ਇਸ ਕੇਸ ਵਿਚ ਤਰਫਦਾਰੀ ਕਰ ਰਹੀ ਹੈ। ਪੰਜਾਬ ਸਰਕਾਰ ਵਲੋਂ ਜਾਂਚ ਲਈ 'ਸਿੱਟ' ਨੂੰ ਜਿਹੜੀ ਐਫ਼ਆਈਆਰ. ਦਿੱਤੀ ਗਈ ਹੈ, ਉਸ ਵਿਚ ਬਹਿਬਲ ਕਲਾਂ ਗੋਲੀ ਕਾਂਡ ਵਿਚ ਅਣਪਛਾਤੇ ਪੁਲਿਸ ਮੁਲਾਜ਼ਮ ਦਰਜ ਕੀਤੇ ਹੋਏ ਹਨ। ਇਸ ਤਰ੍ਹਾਂ ਨਾਲ ਸਪੈਸ਼ਲ ਇੰਨਵੈਸਟੀਗੇਸ਼ਨ ਟੀਮ (ਸਿੱਟ) ਦੇ ਕੰਮ ਸ਼ੁਰੂ ਕਰਨ ਤੋਂ ਪਹਿਲਾਂ ਹੀ ਇਸ ਦੀ ਭਰੋਸੇਯੋਗਤਾ ਸਵਾਲਾਂ ਦੇ ਘੇਰੇ ਵਿਚ ਆ ਗਈ ਹੈ। ਗੌਰਤਲਬ ਹੈ ਕਿ ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀ ਰੀਪੋਰਟ ਵਿਚ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਸਾਬਕਾ ਡਾਇਰੈਕਟਰ ਜਨਰਲ ਪੁਲਿਸ ਸੁਮੇਧ ਸੈਣੀ ਦਾ ਨਾਂ ਬੋਲਦਾ ਹੈ। ਆਮ ਆਦਮੀ ਪਾਰਟੀ ਦੇ ਸੀਨੀਅਰ ਵਿਧਾਇਕ ਤੇ ਪ੍ਰਸਿੱਧ ਵਕੀਲ ਐਚਐਸ ਫੂਲਕਾ ਦਾ ਮੰਨਣਾ ਹੈ ਕਿ ਉਕਤ ਐਫ਼ਆਈਆਰ. ਦੇ ਆਧਾਰ 'ਤੇ ਕੀਤੀ ਜਾਣ ਵਾਲੀ ਜਾਂਚ ਵਿਚ ਅਸਲੀ ਦੋਸ਼ੀ ਬਚ ਨਿਕਲਣਗੇ। ਉਨ੍ਹਾਂ ਨੇ ਸਪਸ਼ਟ ਕੀਤਾ ਕਿ 7 ਅਗਸਤ 2018 ਨੂੰ ਦਰਜ ਕੀਤੀ ਐਫ਼ਆਈਆਰ. ਵਿਚ ਗੋਲੀ ਕਾਂਡ ਵਿਚ ਸ਼ਾਮਲ ਅਣਪਛਾਤਿਆਂ ਦੇ ਨਾਂ ਹੀ ਸ਼ਾਮਲ ਕੀਤੇ ਗਏ ਸਨ। ਦੱਸਣਯੋਗ ਹੈ ਕਿ ਅਕਾਲੀ-ਭਾਜਪਾ ਸ਼ਾਸਨਕਾਲ ਦੌਰਾਨ ਸਾਲ 2015 ਦੀ ਐਫ਼ਆਰਆਈ. ਨੰਬਰ 330 ਵਿਚ ਵੀ ਅਣਪਛਾਤੇ ਪੁਲਿਸ ਮੁਲਜ਼ਮਾਂ ਨੂੰ ਜ਼ਿੰਮੇਵਾਰ ਦੱਸਿਆ ਗਿਆ ਸੀ। ਇਸ ਕਰਕੇ 7 ਅਗਸਤ 2018 ਦੀ ਐਫ਼ਆਈਆਰ. ਨੰਬਰ 129 ਦੇ ਆਧਾਰ 'ਤੇ ਕੀਤੀ ਜਾਣ ਵਾਲੀ ਜਾਂਚ ਦੇ ਕੀ ਨਤੀਜੇ ਨਿਕਲਣਗੇ, ਇਹ ਵੱਡਾ ਸਵਾਲ ਖੜ੍ਹਾ ਹੋ ਰਿਹਾ ਹੈ। ਬਹੁਤੇ ਕਾਨੂੰਨੀ ਮਾਹਰਾਂ ਦਾ ਵੀ ਮੰਨਣਾ ਹੈ ਜੇ 7 ਅਗਸਤ 2018 ਦੀ ਐਫ਼ਆਈਆਰ ਨੂੰ ਆਧਾਰ ਬਣਾ ਕੇ ਹੀ ਸਿੱਟ ਨੇ ਜਾਂਚ ਕੀਤੀ ਤਾਂ ਮਾਮਲਾ ਠੰਢੇ ਬਸਤੇ ਵਿਚ ਪੈ ਜਾਵੇਗਾ। ਪੰਥਕ ਧਿਰਾਂ ਅਤੇ ਪੰਜਾਬ ਤੇ ਪੰਥ ਦਰਦੀਆਂ ਦੀ ਵੀ ਮੰਗ ਹੈ ਕਿ ਜਦੋਂ ਜਸਟਿਸ ਰਣਜੀਤ ਸਿੰਘ ਰੀਪੋਰਟ ਵਿਚ ਬਹਿਬਲ ਕਲਾਂ ਗੋਲੀ ਕਾਂਡ ਦੇ ਦੋਸ਼ੀਆਂ ਵਿਚ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ, ਸੇਵਾ ਮੁਕਤ ਡੀਜੀਪੀ. ਸੁਮੇਧ ਸੈਣੀ ਸਮੇਤ ਚਾਰ ਹੋਰ ਪੁਲਿਸ ਮੁਲਾਜ਼ਮਾਂ ਦਾ ਨਾਂ ਬੋਲ ਰਿਹਾ ਹੈ, ਤਾਂ ਇਸ ਜਾਂਚ ਲਈ ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀ ਰੀਪੋਰਟ ਦੇ ਆਧਾਰ 'ਤੇ ਨਵੀਂ ਐਫ਼ਆਈਆਰ. ਦਰਜ ਕਰ ਕੇ ਜਾਂਚ ਸਿੱਟ ਨੂੰ ਦੇਣੀ ਚਾਹੀਦੀ ਹੈ।ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਜੇਕਰ ਸੱਚਮੁੱਚ ਬੇਅਦਬੀ ਕਾਂਡ ਦਾ ਪੂਰਨ ਸੱਚ ਬਾਹਰ ਲਿਆਉਣਾ ਚਾਹੁੰਦੇ ਹਨ ਤੇ ਬਹਿਬਲ ਕਲਾਂ ਤੇ ਕੋਟਕਪੂਰਾ ਗੋਲੀ ਕਾਂਡ ਦੇ ਅਸਲ ਦੋਸ਼ੀਆਂ ਨੂੰ ਕਾਨੂੰਨ ਦੇ ਕਟਹਿਰੇ ਵਿਚ ਖੜ੍ਹਾ ਕਰਨ ਦੇ ਇਛੁੱਕ ਹਨ ਤਾਂ ਉਨ੍ਹਾਂ ਨੂੰ ਫੌਰੀ ਤੌਰ 'ਤੇ ਇਨ੍ਹਾਂ ਤਮਾਮ ਖਦਸ਼ਿਆਂ ਨੂੰ ਧਿਆਨ ਵਿਚ ਰੱਖ ਕੇ ਕਾਰਵਾਈ ਅਮਲ ਵਿਚ ਲਿਆਉਣੀ ਚਾਹੀਦੀ ਹੈ।

### ਮਹਾਰਾਜਾ ਦਲੀਪ ਸਿੰਘ ਦੇ ਜਨਮ ਦਿਨ 'ਤੇ ਵਿਸ਼ੇਸ਼

## ਅਸੀਂ ਕਰਦੇ ਹਾਂ ਕੌਲ ਦਲੀਪ ਸਿੰਘਾ...

**- ਅਮਰ ਸਿੰਘ ਸੱਜਣ**

ਜਦੋਂ ਸਤਲੁਜ ਨੂੰ ਫੇਰ ਝਨ੍ਹਾ ਮਿਲਜੂ
ਓਦੋਂ ਅਸੀਂ ਵੀ ਭੰਗੜਾ ਪਾ 'ਲਾਂਗੇ।

ਜਦੋਂ ਲਹਿੰਦਾ ਤੇ ਚੜ੍ਹਦਾ ਪੰਜਾਬ ਹੱਸੂ
ਗੀਤ ਖੁਸ਼ੀ ਦਾ ਅਸੀਂ ਵੀ ਗਾ 'ਲਾਂਗੇ।

'ਰਾਜ ਕਰੇਗਾ ਖ਼ਾਲਸਾ' ਜੱਗ ਉੱਤੇ
ਏਸ ਟੀਚੇ ਨੂੰ ਜਦੋਂ ਵੀ ਪਾ 'ਲਾਂਗੇ।

ਸਿੱਖ ਰਾਜ ਤੇ ਸਿੱਖੀ ਵਿਧਾਨ ਵਾਲਾ
ਜਦੋਂ ਕੇਸਰੀ ਝੰਡਾ ਝੁਲਾ 'ਲਾਂਗੇ।

ਅਸੀਂ ਜਲਾਵਤਨੀ ਅਜੇ ਹੰਢਾਅ ਰਹੇ ਆਂ
ਕੌਮੀ ਘਰ ਜਦ "ਅਮਰ" ਬਣਾ 'ਲਾਂਗੇ।

ਅਸੀਂ ਕਰਦੇ ਹਾਂ ਕੌਲ ਦਲੀਪ ਸਿੰਘਾ
ਓਦਣ ਜਨਮ ਦਿਨ ਤੇਰਾ ਮਨਾ 'ਲਾਂਗੇ।

# ਸ਼ਹੀਦ ਜਸਵੰਤ ਸਿੰਘ ਖਾਲੜਾ, ਜਿਨ੍ਹਾਂ ਨੇ ਲਾਵਾਰਸ ਲਾਸ਼ਾਂ ਦੇ ਭੇਤ ਖੋਲ੍ਹੇ

**ਗੁਰਬਚਨ ਸਿੰਘ**
98156-98451

2 ਸਤੰਬਰ 1995 ਨੂੰ ਜਲੰਧਰ ਵਿਚ ਪੰਜਾਬ ਜਾਗਰਤੀ ਮੰਚ ਵਲੋਂ ਪੰਜਾਬ ਦੇ ਸੰਘਰਸ਼ ਵਿਚ ਪ੍ਰੈਸ ਵਲੋਂ ਨਿਭਾਏ ਜਾ ਰਹੇ ਰੋਲ ਬਾਰੇ ਇਕ ਸੈਮੀਨਾਰ ਸੀ, ਜਿਸ ਵਿਚ ਭਾਈ ਜਸਵੰਤ ਸਿੰਘ ਖਾਲੜਾ ਨੇ ਸ਼ਿਰਕਤ ਕੀਤੀ। ਸਰਕਟ ਹਾਊਸ ਜਲੰਧਰ ਦੇ ਭਰੇ ਹੋਏ ਹਾਲ ਵਿਚ ਪ੍ਰਧਾਨਗੀ ਭਾਸ਼ਣ ਤੋਂ ਪਹਿਲਾਂ ਅੱਧੇ ਘੰਟੇ ਦੇ ਕਰੀਬ ਭਾਈ ਜਸਵੰਤ ਸਿੰਘ ਖਾਲੜਾ ਨੇ ਸਮੁੱਚੀ ਪ੍ਰੈਸ ਵਲੋਂ ਨਿਭਾਏ ਜਾ ਰਹੇ ਸਿੱਖ ਤੇ ਪੰਜਾਬ ਵਿਰੋਧੀ ਰੋਲ ਬਾਰੇ ਖੁੱਲ੍ਹ ਕੇ ਚਰਚਾ ਕੀਤੀ। ਪੂਰੇ ਠਰ੍ਹੰਮੇ ਅਤੇ ਤਰਕ ਦੇ ਜ਼ੋਰ ਨਾਲ ਉਸ ਨੇ ਇਹ ਗੱਲ ਜਚਾਈ ਕਿ ਪ੍ਰੈਸ ਆਪਣਾ ਨਿਰਪੱਖ ਅਤੇ ਆਜ਼ਾਦ ਰੋਲ ਨਿਭਾਉਣ ਦੀ ਬਜਾਇ ਸਰਕਾਰ ਦੀ ਇਕ ਧਿਰ ਬਣ ਕੇ ਵਿਚਰ ਰਹੀ ਹੈ। ਸੈਮੀਨਾਰ ਤੋਂ ਬਾਅਦ ਲੰਗਰ ਛਕ ਕੇ ਅਸੀਂ ਤਿੰਨ ਕੁ ਵਜੇ ਘਰ ਪਹੁੰਚੇ। ਚਾਹ ਪੀਂਦਿਆਂ ਮੈਂ ਉਸ ਨੂੰ ਸੁਝਾਅ ਦਿਤਾ ਕਿ ਉਹ ਕੁਝ ਦਿਨ ਲਈ ਪੰਜਾਬ ਤੋਂ ਬਾਹਰ ਦਿੱਲੀ ਚਲਾ ਜਾਏ। ਮੇਰੀ ਦਲੀਲ ਸੀ ਕਿ ਉਸਨੇ ਲਾਵਾਰਿਸ ਲਾਸ਼ਾਂ ਦੇ ਮਸਲੇ ਉਤੇ ਕੇਪੀ ਐਸ ਗਿੱਲ ਨੂੰ ਬਹਿਸ ਕਰਨ ਦੀ ਜਿਹੜੀ ਖੁੱਲ੍ਹੀ ਚੁਣੌਤੀ ਦਿਤੀ ਹੈ, ਇਹ ਕਿਸੇ ਵੀ ਜਾਬਰ ਸਰਕਾਰ ਲਈ ਸਹਿਣੀ ਔਖੀ ਹੈ। ਕਾਨੂੰਨ ਦੇ ਘੇਰੇ ਨੂੰ ਉਲੰਘ ਕੇ ਪੁਲਸੀਆ ਵਹਿਸ਼ਤ ਤੇ ਦਹਿਸ਼ਤ ਦੇ ਜ਼ੋਰ ਨਾਲ ਰਾਜ ਕਰ ਰਹੀ ਕੋਈ ਵੀ ਸਰਕਾਰ, ਇਹ ਸਹਿਣ ਨਹੀਂ ਕਰ ਸਕਦੀ ਕਿ ਕੋਈ ਵੀ ਬੰਦਾ ਉਠ ਕੇ ਉਸ ਦੇ ਜਾਬਰ ਮੁਖੌਟੇ ਨੂੰ ਚੁਣੌਤੀ ਦੇਣ ਲੱਗ ਪਏ। ਇਸ ਲਈ ਜੇ ਉਹ ਕੁਝ ਦਿਨ ਲਈ ਪੰਜਾਬ ਤੋਂ ਬਾਹਰ ਚਲਾ ਜਾਏ ਤਾਂ ਸ਼ਾਇਦ ਅਫਸਰਸ਼ਾਹੀ ਦਾ ਕੁਝ ਕ੍ਰੋਧ ਮੱਠਾ ਪੈ ਜਾਏ ਤੇ ਨਾਲੇ ਬੰਬ ਕਾਂਡ ਵਿਚ ਬੇਅੰਤ ਸਿੰਘ ਦੇ ਮਾਰੇ ਜਾਣ ਨਾਲ ਬਣਿਆ ਡਾਵਾਂਡੋਲ ਮਾਹੌਲ ਵੀ ਕੁਝ ਸੁਧਰ ਜਾਏ। ਪਰ ਆਪਣੇ ਸੁਭਾਅ ਮੁਤਾਬਿਕ ਬੜੇ ਠਹਿਰੇ ਹੋਏ ਅਤੇ ਹੌਲੇ ਬੋਲ ਵਿਚ ਉਸ ਦਾ ਜੁਆਬ ਸੀ, ਜਿਵੇਂ ਵਾਹਿਗੁਰੂ ਨੂੰ ਭਾਵੇ। ਉਸ ਦੇ ਭਾਣੇ ਵਿਚ ਹੀ ਸਭ ਕੁਝ ਹੋਣਾ ਹੈ। ਉਸ ਦੇ ਇਹਨਾਂ ਬੋਲਾਂ ਤੋਂ ਲਗਦਾ ਸੀ ਕਿ ਜਿਵੇਂ ਉਸ ਨੇ ਇਹ ਸਾਰਾ ਕੁਝ ਸੋਚ-ਸਮਝ ਕੇ ਕੀਤਾ ਹੋਵੇ ਅਤੇ ਉਹ ਆਪਣੇ ਨਾਲ ਵਾਪਰਣ ਵਾਲੀ ਕਿਸੇ ਵੀ ਹੋਣੀ ਲਈ ਮਾਨਸਿਕ ਤੌਰ ਉਤੇ ਤਿਆਰ ਹੋਵੇ। ਪੰਜਾਬ ਦੇ ਰਾਜਸੀ ਮਾਹੌਲ ਅਤੇ ਮਨੁੱਖੀ ਅਧਿਕਾਰ ਜਥੇਬੰਦੀਆਂ ਬਾਰੇ ਕੁਝ ਚਿਰ ਗੱਲ ਕਰਨ ਤੋਂ ਬਾਅਦ ਉਹ ਅੰਮ੍ਰਿਤਸਰ ਲਈ ਚੱਲ ਪਿਆ। ਮੈਂ ਸਕੂਟਰ ਉਤੇ ਬਿਠਾ ਕੇ ਉਸ ਨੂੰ ਬੱਸ ਅਡੇ ਛੱਡ ਆਇਆ।

6 ਸਤੰਬਰ ਨੂੰ ਸਵੇਰੇ ਦਸ ਵਜੇ ਦੇ ਕਰੀਬ ਮੈਨੂੰ ਅੰਮ੍ਰਿਤਸਰੋਂ ਫੋਨ ਆਇਆ ਕਿ ਭਾਈ ਖਾਲੜੇ ਨੂੰ ਪੁਲਿਸ ਨੇ ਘਰੋਂ ਚੁੱਕ ਲਿਆ ਹੈ। ਮੈਂ ਉਸੇ ਵੇਲੇ ਰੋਜ਼ਾਨਾ 'ਅਜੀਤ' ਦੇ ਸਹਾਇਕ ਸੰਪਾਦਕ ਸ. ਸਤਨਾਮ ਸਿੰਘ ਮਾਣਕ ਨੂੰ ਟੈਲੀਫੋਨ ਕੀਤਾ ਤੇ ਉਹਨਾਂ ਨੂੰ ਜਰਾ ਜਲਦੀ ਦਫਤਰ ਆਉਣ ਦੀ ਬੇਨਤੀ ਕੀਤੀ। ਉਹ ਇਕ ਦੀ ਬਜਾਇ ਗਿਆਰਾਂ ਵਜੇ ਹੀ ਦਫਤਰ ਪਹੁੰਚ ਗਏ। ਮੈਂ ਉਹਨਾਂ ਨੂੰ ਹਾਲਾਤ ਦੀ ਗੰਭੀਰਤਾ ਬਾਰੇ ਦੱਸਦੇ ਹੋਏ ਅਰਜ਼ ਕੀਤੀ ਕਿ ਜੇ ਅਸੀਂ ਭਾਅ ਜੀ (ਬਰਜਿੰਦਰ ਸਿੰਘ) ਨੂੰ ਇਸ ਬਾਰੇ ਸੰਪਾਦਕੀ ਲਿਖਣ ਲਈ ਮਨਾ ਲਈਏ ਤਾਂ ਸ਼ਾਇਦ ਸ. ਖਾਲੜਾ ਦੀ ਜਾਨ ਬਚ ਜਾਏ। ਸ. ਬਰਜਿੰਦਰ ਸਿੰਘ ਜਦੋਂ ਘਰੋਂ ਆਏ ਤਾਂ ਅਸੀਂ ਦੋਹਾਂ ਨੇ ਉਹਨਾਂ ਨੂੰ ਭਾਈ ਖਾਲੜਾ ਦੇ ਪੁਲਿਸ ਵਲੋਂ ਚੁੱਕੇ ਜਾਣ ਦੀ ਜਾਣਕਾਰੀ ਦਿੱਤੀ ਅਤੇ ਬੇਨਤੀ ਕੀਤੀ ਕਿ ਜੇ ਭਾਈ ਖਾਲੜਾ ਬਾਰੇ ਜ਼ੋਰਦਾਰ ਆਵਾਜ਼ ਨਾ ਉਠਾਈ ਗਈ ਤਾਂ ਪੁਲਿਸ ਤਸ਼ੱਦਦ ਤੋਂ ਬਾਅਦ ਉਹਨਾਂ ਦਾ ਕਤਲ ਹੋ ਸਕਦਾ ਹੈ। ਪਰ ਉਨ੍ਹਾਂ ਨੇ ਸਾਨੂੰ ਇਹ ਕਹਿ ਕੇ ਚੁੱਪ ਕਰਵਾ ਦਿਤਾ ਕਿ ਮੈਂ ਤਾਂ ਘਰੋਂ ਅੱਜ ਦੀ ਸੰਪਾਦਕੀ ਲਿਖਵਾ ਕੇ ਭੇਜ ਦਿਤੀ ਹੈ।

ਪੱਤਰਕਾਰ ਮਾਣਕ ਕੋਲੋਂ ਹੀ ਮੈਨੂੰ ਪਤਾ ਲੱਗਾ ਕਿ ਅੱਜ ਜਲੰਧਰ ਵਿਚ ਸ਼੍ਰੋਮਣੀ ਅਕਾਲੀ ਦਲ ਦੀ ਵਰਕਿੰਗ ਕਮੇਟੀ ਦੀ ਮੀਟਿੰਗ ਹੋ ਰਹੀ ਹੈ। ਪੁੱਛਣ ਤੇ ਪਤਾ ਲੱਗਾ ਕਿ ਇਹ ਮੀਟਿੰਗ ਸਕਾਈਲਾਰਕ ਹੋਟਲ ਵਿਚ ਹੈ। ਸਕੂਟਰ ਉਤੇ ਸਕਾਈਲਾਰਕ ਹੋਟਲ ਨੂੰ ਜਾਂਦਿਆਂ ਮੈਨੂੰ ਛੋਟੀ ਬਾਰਾਂਦਰੀ ਕੋਲ ਸਕਾਈ ਲਾਰਕ ਹੋਟਲ ਵੱਲ ਨੂੰ ਪੈਦਲ ਤੁਰੇ ਜਾਂਦੇ ਜਥੇਦਾਰ ਕੁਲਦੀਪ ਸਿੰਘ ਵਡਾਲਾ ਮਿਲ ਗਏ। ਮੈਂ ਰੁਕ ਕੇ ਉਹਨਾਂ ਨੂੰ ਭਾਈ ਜਸਵੰਤ ਸਿੰਘ ਖਾਲੜਾ ਦੇ ਪੁਲਿਸ ਵਲੋਂ ਚੁਕੇ ਜਾਣ ਦੀ ਜਾਣਕਾਰੀ ਦਿੱਤੀ। ਸਕਾਈਲਾਰਕ ਹੋਟਲ ਪਹੁੰਚਣ ਦਾ ਮੈਨੂੰ ਕਹਿ ਕੇ, ਉਹਨਾਂ ਨੇ ਦੱਸਿਆ ਕਿ ਬਾਦਲ ਸਾਹਿਬ ਆਏ ਹੋਏ ਨੇ, ਉਹਨਾਂ ਨਾਲ ਗੱਲ ਕਰਦੇ ਹਾਂ। ਜਦੋਂ ਮੈਂ ਸਕਾਈਲਾਰਕ ਹੋਟਲ ਪਹੁੰਚਿਆ ਤੇ ਹਾਲ ਵਿਚ ਗਿਆ ਤਾਂ ਉਥੇ ਮੈਨੂੰ ਜਥੇਦਾਰ ਗੁਰਚਰਨ ਸਿੰਘ ਟੌਹੜਾ ਜੀ ਬੈਠੇ ਦਿਸ ਪਏ। ਮੈਂ ਫਟਾਫਟ ਉਹਨਾਂ ਕੋਲ ਪੁਹੰਚ ਕੇ ਭਾਈ ਖਾਲੜੇ ਬਾਰੇ ਜਾਣਕਾਰੀ ਦਿੱਤੀ ਅਤੇ ਨਾਲ ਹੀ ਕਿਹਾ ਕਿ ਜੇ ਅੱਜ ਇਥੇ ਵਰਕਿੰਗ ਕਮੇਟੀ ਦੀ ਮੀਟਿੰਗ ਵਿਚ ਭਾਈ ਜਸਵੰਤ ਸਿੰਘ ਖਾਲੜਾ ਨੂੰ ਰਿਹਾਅ ਕਰਨ




ਬਾਰੇ ਮਤਾ ਨਾ ਪਾਇਆ ਗਿਆ ਤਾਂ ਉਹਨਾਂ ਦੀ ਜਾਨ ਨੂੰ ਖਤਰਾ ਹੈ। ਜਥੇਦਾਰ ਟੌਹੜਾ ਨੇ ਮੈਨੂੰ ਸ. ਬਾਦਲ ਨਾਲ ਗੱਲ ਕਰਨ ਲਈ ਕਿਹਾ। ਸ੍ਰ. ਬਾਦਲ ਸਭ ਤੋਂ ਅੱਗੇ ਬੈਠੇ ਹੋਏ ਸਨ। ਮੈਂ ਬਿਨਾ ਕਿਸੇ ਜ਼ਾਬਤੇ ਦੀ ਪ੍ਰਵਾਹ ਕੀਤੇ ਸ. ਪ੍ਰਕਾਸ਼ ਸਿੰਘ ਬਾਦਲ ਕੋਲ ਪਹੁੰਚ ਗਿਆ ਤੇ ਉਹਨਾ ਨੂੰ ਭਾਈ ਖਾਲੜੇ ਦੇ ਪੁਲਿਸ ਵਲੋਂ ਚੁੱਕੇ ਜਾਣ ਦੀ ਜਾਣਕਾਰੀ ਦਿੱਤੀ ਤੇ ਨਾਲ ਹੀ ਉਹਨਾਂ ਨੂੰ ਬੇਨਤੀ ਕੀਤੀ ਕਿ ਅੱਜ ਇਥੇ ਵਰਕਿੰਗ ਕਮੇਟੀ ਦੀ ਮੀਟਿੰਗ ਵਿਚ ਭਾਈ ਖਾਲੜਾ ਦੀ ਰਿਹਾਈ ਲਈ ਮਤਾ ਪਾਸ ਕੀਤੇ ਬਗੈਰ ਉਹਨਾਂ ਦੀ ਜਾਨ ਨਹੀਂ ਬਚ ਸਕਦੀ। ਸ. ਬਾਦਲ ਨੇ ਮੈਨੂੰ ਇਹ ਕਹਿ ਕੇ ਟਰਕਾ ਦਿਤਾ ਕਿ ਸ. ਮੇਜਰ ਸਿੰਘ ਨੂੰ ਮੇਰੇ ਵਲੋਂ ਕਹਿ ਸ. ਖਾਲੜਾ ਦੀ ਰਿਹਾਈ ਲਈ ਖਬਰ ਲੁਆ ਦੇ। ਮੈਂ ਕੁਝ ਤਲਖੀ ਭਰੇ ਲਹਿਜੇ ਵਿਚ ਬਾਦਲ ਸਾਹਿਬ ਨੂੰ ਇਹ ਵੀ ਕਿਹਾ ਕਿ ਏਨੀ ਕੁ ਖਬਰ ਤਾਂ ਮੈਂ ਆਪ ਵੀ ਲੁਆ ਸਕਦਾ ਸਾਂ। ਇਹ ਬੜੇ ਸਾਲਾਂ ਬਾਅਦ ਜਾ ਕੇ ਪਤਾ ਲੱਗਾ ਕਿ ਭਾਈ ਜਸਵੰਤ ਸਿੰਘ ਖਾਲੜਾ ਨੂੰ ਚੁੱਕ ਕੇ ਮਾਰ ਖਪਾਉਣ ਦੀ ਸ. ਬਾਦਲ ਨੇ ਸਹਿਮਤੀ ਦਿੱਤੀ ਸੀ।

ਗਦਰੀ ਬਾਬਿਆਂ ਦੇ ਪਰਿਵਾਰ ਵਿਚ ਜਨਮਿਆ ਤੇ ਪਲਿਆ ਭਾਈ ਜਸਵੰਤ ਸਿੰਘ ਖਾਲੜਾ ਮੁੱਢ ਤੋਂ ਹੀ ਇਨਕਲਾਬੀ ਸੀ। ਜਦੋਂ ਪੰਜਾਬ ਅੰਦਰ ਨਕਸਲਬਾੜੀ ਲਹਿਰ ਆਰੰਭ ਹੋਈ ਤਾਂ ਭਾਈ ਜਸਵੰਤ ਸਿੰਘ ਖਾਲੜਾ ਉਸ ਵੱਲ ਖਿੱਚੇ ਗਏ। ਉਹਨਾਂ ਨੇ ਆਪਣੇ ਇਲਾਕੇ ਵਿਚ ਇਸ ਲਹਿਰ ਦੇ ਪ੍ਰਭਾਵ ਹੇਠਲੀ ਨੌਜਵਾਨ ਭਾਰਤ ਸਭਾ ਦਾ ਮੁੱਢ ਬੰਨ੍ਹਿਆ ਅਤੇ ਸਭਾ ਦੀ ਅਗਵਾਈ ਵਿਚ ਇਸ ਖੇਤਰ ਅੰਦਰ ਪੁਲਿਸ ਜਬਰ ਦਾ ਡਟਵਾਂ ਵਿਰੋਧ ਕੀਤਾ। ਸੰਨ 1976 ਵਿਚ ਕਾਮਰੇਡ ਮਾਓ-ਜ਼ੇ-ਤੁੰਗ ਦੇ ਅਕਾਲ ਚਲਾਣੇ ਤੋਂ ਬਾਅਦ, ਜਦੋਂ 1980ਵਿਆਂ ਦੇ ਆਰੰਭ ਵਿਚ ਆਲਮੀ ਕਮਿਊਨਿਸਟ ਲਹਿਰ ਦੇ ਇਤਿਹਾਸ ਉਤੇ ਮੁੜ ਝਾਤ ਮਾਰਨ ਦਾ ਦੌਰ ਸ਼ੁਰੂ ਹੋਇਆ ਤੇ ਇਸ ਨਾਲ ਜੁੜ ਕੇ ਲਹਿਰ ਵਿਚ ਟੁੱਟ-ਭੱਜ ਸ਼ੁਰੂ ਹੋਈ, ਤਾਂ ਜਸਵੰਤ ਸਿੰਘ ਖਾਲੜੇ ਹੁਰੀਂ ਰਾਮ ਪਿਆਰੇ ਸਰਾਫ ਗਰੁੱਪ ਨਾਲ ਜੁੜ ਗਏ। ਸ੍ਰੀ ਰਾਮ ਪਿਆਰੇ ਸਰਾਫ ਨੇ ਪਹਿਲੀ ਵਾਰੀ ਆਲਮੀ ਕਮਿਊਨਿਸਟ ਲਹਿਰ ਵਲੋਂ ਕੁਦਰਤ ਤੇ ਮਨੁੱਖ ਦੇ ਸਿੱਧੇ ਰਿਸ਼ਤੇ ਨੂੰ ਅਣਗੌਲਿਆ ਕਰਨ ਦੀ ਜਾਣਕਾਰੀ ਦਿੱਤੀ ਸੀ। ਰਾਮ ਪਿਆਰੇ ਸਰਾਫ ਗਰੁੱਪ ਉਹਨਾਂ ਕੁਝ ਕੁ ਕਮਿਊਨਿਸਟ ਗਰੁੱਪਾਂ ਵਿਚ ਸ਼ਾਮਿਲ ਸੀ, ਜਿਨ੍ਹਾਂ ਨੇ ਸਿਖ ਸੰਘਰਸ਼ ਦੀ ਹਮਾਇਤ ਕੀਤੀ। ਜਦੋਂ ਕਿ ਇਲਾਕੇ ਦੇ ਪ੍ਰਭਾਵ ਕਾਰਨ ਭਾਈ ਜਸਵੰਤ ਸਿੰਘ ਖਾਲੜਾ ਮੁੱਢੋਂ ਹੀ ਸਿੱਖ ਸੰਘਰਸ਼ ਦੇ ਹਮਾਇਤੀ ਸਨ। ਭਾਈ ਜਸਵੰਤ ਸਿੰਘ ਖਾਲੜਾ ਨੇ ਆਪਣੇ ਗੁੰਮ ਹੋਏ ਦੋਸਤਾਂ ਦੀ ਭਾਲ ਵਿਚ ਸ਼ਮਸ਼ਾਨਘਾਟਾਂ ਦੇ ਚੱਕਰ ਲਾਉਂਦਿਆਂ ਕੇਵਲ ਅੰਮ੍ਰਿਤਸਰ ਜ਼ਿਲ੍ਹੇ ਅੰਦਰ ਹੀ 2097 ਅਜਿਹੀਆਂ ਲਾਸ਼ਾਂ ਦੇ ਸਸਕਾਰ ਹੋਏ ਲੱਭ ਲਏ ਸਨ, ਜਿਨ੍ਹਾਂ ਨੂੰ ਪੁਲੀਸ ਨੇ 'ਅਣਪਛਾਤੀਆਂ' ਕਹਿ ਕੇ ਸਾੜਿਆ ਸੀ। ਸੁਪਰੀਮ ਕੋਰਟ ਦੀਆਂ ਹਦਾਇਤਾਂ ਉਤੇ ਸਰਕਾਰੀ ਏਜੰਸੀ ਸੀਬੀਆਈ. ਵਲੋਂ ਇਨ੍ਹਾਂ 'ਲਾਵਾਰਿਸ ਲਾਸ਼ਾਂ' ਦੀ ਪੁਸ਼ਟੀ ਹੋਈ। ਉਚ ਅਦਾਲਤ ਦੇ ਹੁਕਮਾਂ ਉਤੇ ਮਿੱਟੀ ਪਾਉਂਦਿਆਂ ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਨੇ ਪੰਜਾਬ ਦੇ ਬਾਕੀ ਜ਼ਿਲ੍ਹਿਆਂ ਵਿਚ ਅਜਿਹੀਆਂ ਅਣਪਛਾਤੀਆਂ ਲਾਸ਼ਾਂ ਦੀ ਪੜਤਾਲ ਹੀ ਨਹੀਂ ਹੋਣ ਦਿੱਤੀ। ਅੰਮ੍ਰਿਤਸਰ ਜ਼ਿਲ੍ਹੇ ਅਤੇ ਬਾਕੀ ਸਾਰੇ ਪੰਜਾਬ ਵਿਚ ਅਜਿਹੀਆਂ ਕਿੰਨੀਆਂ ਕੁ ਲਾਸ਼ਾਂ ਦਰਿਆਵਾਂ ਅਤੇ ਨਹਿਰਾਂ ਵਿਚ ਰੋੜ੍ਹੀਆਂ ਗਈਆਂ, ਉਨ੍ਹਾਂ ਦਾ ਕੋਈ ਲੇਖਾ ਜੋਖਾ ਨਹੀਂ ਹੋ ਸਕਿਆ। ਇਸ ਸਬੰਧ ਵਿਚ ਟਾਵੇਂ-ਟਾਵੇਂ ਵਾਰਿਸਾਂ ਵਲੋਂ ਅਦਾਲਤਾਂ ਵਿਚ ਕੀਤੇ ਗਏ ਕੇਸ ਕਈ-ਕਈ ਸਾਲਾਂ ਤੋਂ 'ਸਟੇਅ ਆਰਡਰਾਂ' ਦੀ ਬੁੱਕਲ ਵਿਚ ਫਸੇ ਪਏ ਹਨ। ਪੰਜਾਬ ਅਤੇ ਹਰਿਆਣਾ ਹਾਈਕੋਰਟ ਦੇ ਡਵੀਜ਼ਨ ਬੈਂਚ ਵਲੋਂ, ਭਾਈ ਜਸਵੰਤ ਸਿੰਘ ਖਾਲੜਾ ਨੂੰ ਘਰੋਂ ਚੁੱਕ ਕੇ ਮਾਰ ਖਪਾਉਣ ਦੇ ਦੋਸ਼ੀ ਚਾਰ ਪੁਲਸੀਆਂ ਦੀ ਹੇਠਲੀ ਅਦਾਲਤ ਵਲੋਂ ਦਿੱਤੀ ਸਜ਼ਾ,ਸੱਤ-ਸੱਤ ਸਾਲ ਦੀ ਕੈਦ ਨੂੰ ਉਮਰ ਕੈਦ ਵਿਚ ਬਦਲ ਦੇਣ ਨਾਲ, ਸਰਕਾਰੀ ਕੁਫਰ ਦਾ ਇਹ ਪਰਦਾ ਵੀ ਫਟ ਗਿਆ ਹੈ ਕਿ ਉਨ੍ਹਾਂ ਉਤੇ ਕਤਲ ਦਾ ਇਲਜ਼ਾਮ ਝੂਠਾ ਸੀ।

ਸੁਪਰੀਮ ਕੋਰਟ ਦੀਆਂ ਹਦਾਇਤਾਂ ਉਤੇ 3 ਅਪ੍ਰੈਲ 2012 ਨੂੰ ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਦੇ ਇਕ ਫੈਸਲੇ ਅਨੁਸਾਰ 1513 ਸਿੱਖ ਪਰਿਵਾਰਾਂ ਨੂੰ 27.94 ਕਰੋੜ ਰੁਪਏ ਮੁਆਵਜ਼ੇ ਵਜੋਂ ਦੇਣ ਦੇ ਹੁਕਮ ਜਾਰੀ ਕੀਤੇ ਗਏ। ਇਹ ਪਰਿਵਾਰ ਉਨ੍ਹਾਂ ਹਜ਼ਾਰਾਂ ਸਿੱਖ ਪਰਿਵਾਰਾਂ ਵਿਚ ਸ਼ਾਮਿਲ ਸਨ, ਜਿਨ੍ਹਾਂ ਦਾ ਕੋਈ ਨਾ ਕੋਈ ਜੀਅ ਸੰਨ 1984 ਤੋਂ ਲੈ ਕੇ ਸੰਨ 1994 ਤਕ ਦੇ ਖ਼ੂਨੀ ਦਹਾਕੇ ਦੌਰਾਨ ਪੰਜਾਬ ਪੁਲਿਸ ਵਲੋਂ ਝੂਠੇ ਪੁਲਿਸ ਮੁਕਾਬਲਿਆਂ ਵਿਚ ਕਤਲ ਕਰਨ ਤੋਂ ਬਾਅਦ ਲਾਵਾਰਿਸ ਕਰਾਰ ਦੇ ਕੇ ਸਾੜ ਦਿੱਤਾ ਗਿਆ ਸੀ। 16 ਸਾਲ ਦੀ ਲੰਬੀ ਅਦਾਲਤੀ ਜੱਦੋਜਹਿਦ ਤੋਂ ਬਾਅਦ ਮਿਲੇ ਇਸ ਅਧੂਰੇ ਇਨਸਾਫ ਨੇ ਜਿਥੇ ਹਿੰਦੁਸਤਾਨੀ ਨਿਆਂਪ੍ਰਬੰਧ ਦਾ ਖੋਖਲਾਪਣ ਸਾਬਿਤ ਕੀਤਾ, ਉਥੇ ਪੰਜਾਬ ਦੀਆਂ ਸਾਰੀਆਂ ਰਾਜਸੀ ਪਾਰਟੀਆਂ ਦੀ ਇਸ ਮਸਲੇ ਬਾਰੇ ਧਾਰੀ ਸਾਜ਼ਿਸ਼ੀ ਚੁੱਪ ਨੂੰ ਵੀ ਬੇਨਕਾਬ ਕਰ ਦਿੱਤਾ। ਇਥੇ ਖਾਸ ਧਿਆਨ ਦੇਣ ਵਾਲਾ ਨੁਕਤਾ ਇਹ ਹੈ ਕਿ ਇਹ 1513 ਸਿੱਖ ਪਰਿਵਾਰ, ਉਨ੍ਹਾਂ 2097 ਪਰਿਵਾਰਾਂ ਦਾ ਹਿਸਾ ਹਨ, ਜਿਨ੍ਹਾਂ ਦੇ ਕਿਸੇ ਨਾ ਕਿਸੇ ਜੀਅ ਦੇ ਗੁੰਮ ਹੋ ਜਾਣ ਦੀ ਪੜਤਾਲ, ਮਨੁੱਖੀ ਹੱਕਾਂ ਦੇ ਰਾਖੇ ਤੇ ਮਹਾਨ ਸ਼ਹੀਦ ਭਾਈ ਜਸਵੰਤ ਸਿੰਘ ਖਾਲੜਾ ਨੇ ਆਪਣੇ ਹਮਸਫਰਾਂ ਨੂੰ ਨਾਲ ਲੈ ਕੇ ਖੁਦ ਕੀਤੀ ਸੀ ਅਤੇ ਜਿਸ ਕਰਕੇ ਉਨ੍ਹਾਂ ਨੂੰ ਆਪ ਇਕ ਲਾਵਾਰਿਸ ਲਾਸ਼ ਬਣਨਾ ਪਿਆ ਸੀ। ਹੈਰਾਨੀਜਨਕ ਗੱਲ ਇਹ ਹੈ ਕਿ ਪੰਜਾਬ ਅੰਦਰ ਕੰਮ ਕਰਦੀਆਂ ਮਨੁੱਖੀ ਅਧਿਕਾਰ ਜਥੇਬੰਦੀਆਂ ਦੇ ਆਗੂਆਂ ਵੱਲੋਂ ਇਨ੍ਹਾਂ 2097 ਪਰਿਵਾਰਾਂ ਦੇ ਹਲਫ਼ੀਆ ਬਿਆਨ ਇਕੱਠੇ ਕਰਕੇ ਸੀਬੀਆਈ ਤੇ ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਨੂੰ ਸੌਂਪੇ ਜਾਣ ਦੇ ਬਾਵਜੂਦ, ਇਨ੍ਹਾਂ ਵਿਚੋਂ 532 ਪਰਿਵਾਰਾਂ ਨੂੰ ਇਸ ਨਿਗੂਣੇ ਮੁਆਵਜ਼ੇ ਦੇ ਯੋਗ ਵੀ ਨਹੀਂ ਸਮਝਿਆ ਗਿਆ।

# ਸਵਾਮੀ ਵਿਵੇਕਾਨੰਦ ਦਾ ਹਿੰਦੂ ਦਰਸ਼ਨ ਤੇ ਭਾਗਵਤ ਦੇ ਹਿੰਦੂਤਵ 'ਚ ਕੀ ਅੰਤਰ ਹੈ ?

**ਪ੍ਰੋ. ਬਲਵਿੰਦਰਪਾਲ ਸਿੰਘ**

ਹੁਣੇ ਜਿਹੇ ਆਰ ਐਸ ਐਸ ਦੇ ਮੁਖੀ ਮੋਹਨ ਭਾਗਵਤ ਸੰਨ 1893 ਵਿੱਚ ਸ਼ਿਕਾਗੋ ਵਿਖੇ ਵਿਸ਼ਵ ਧਰਮ ਸੰਸਦ ਵਿੱਚ ਦਿੱਤੇ ਸਵਾਮੀ ਵਿਵੇਕਾਨੰਦ ਦੇ ਭਾਸ਼ਣ ਦੀ 125ਵੀ ਵਰ੍ਹੇਗੰਢ ਮੌਕੇ ਕਰਵਾਈ ਜਾ ਰਹੀ ਕਾਨਫਰੰਸ ਵਿਚ ਪਹੁੰਚੇ ਸਨ ਤੇ ਉੱਥੇ ਉਨ੍ਹਾਂ ਨੇ ਵਿਵਾਦਪੂਰਨ ਬਿਆਨ ਦਿੱਤਾ ਸੀ ਕਿ ਸਾਰੇ ਹਿੰਦੂ ਇਕਮੁਠ ਹੋਣ। ਉਨ੍ਹਾਂ ਦਾ ਕਹਿਣਾ ਸੀ ਕਿ ਜੇਕਰ ਕੋਈ ਸ਼ੇਰ ਇਕੱਲਾ ਹੁੰਦਾ ਹੈ ਤਾਂ ਜੰਗਲੀ ਕੁੱਤੇ ਵੀ ਉਸ 'ਤੇ ਹਮਲਾ ਕਰਕੇ ਆਪਣਾ ਸ਼ਿਕਾਰ ਬਣਾ ਸਕਦੇ ਹਨ। ਹੁਣ ਇਸ ਤੋਂ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਭਾਗਵਤ ਹਿੰਦੂਤਵ ਦੀ ਗੱਲ ਕਰ ਰਹੇ ਹਨ, ਨਾ ਕਿ ਸਮੁੱਚੀ ਮਾਨਵਤਾ ਦੀ। ਉਨ੍ਹਾਂ ਦੇ ਬਿਆਨਾਂ ਤੋਂ ਨਫ਼ਰਤ ਦੀ ਭਾਸ਼ਾ ਝਲਕ ਰਹੀ ਹੈ। ਇਸ ਤੋਂ ਪਹਿਲਾਂ ਵੀ ਬਿਆਨ ਦੇ ਚੁੱਕੇ ਹਨ ਕਿ ਹਿੰਦੋਸਤਾਨ ਵਿਚ ਰਹਿ ਰਹੇ ਸਾਰੇ ਲੋਕ ਹਿੰਦੂ ਹਨ ਤੇ ਹਿੰਦੋਸਤਾਨ ਹਿੰਦੂਆਂ ਦਾ ਦੇਸ ਹੈ। ਚਾਹੇ ਇਥੇ ਮੁਸਲਮਾਨ ਰਹਿ ਰਹੇ ਹਨ, ਚਾਹੇ ਸਿੱਖ ਰਹੇ ਹਨ, ਚਾਹੇ ਇਸਾਈ ਰਹਿ ਰਹੇ ਹਨ, ਚਾਹੇ ਬੋਧੀ, ਜੈਨੀ ਰਹਿ ਰਹੇ ਹਨ, ਸਭ ਦਾ ਪਿਛੋਕੜ ਹਿੰਦੂ ਹੈ। ਇਨ੍ਹਾਂ ਬਿਆਨਾਂ 'ਤੇ ਵੱਖ-ਵੱਖ ਧਰਮਾਂ ਦੇ ਬੁੱਧੀਜੀਵੀਆਂ ਤੇ ਨੇਤਾਵਾਂ ਨੇ ਕਿੰਤੂ ਪਰੰਤੂ ਵੀ ਕੀਤਾ ਸੀ। ਅਜਿਹੇ ਬਿਆਨ ਸਮਾਜ ਵਿਚ ਫੁਟ ਪਾਉਣ ਵਾਲੇ ਹਨ। ਆਰ ਐਸ ਐਸ 'ਤੇ ਦੋਸ਼ ਲੱਗਦੇ ਰਹੇ ਹਨ ਕਿ ਉਹ ਹਿੰਦੂ ਰਾਸ਼ਟਰ ਸਿਰਜਣਾ ਚਾਹੁੰਦੀ ਹੈ ਤੇ ਉਹ ਭਾਰਤੀ ਸੰਵਿਧਾਨ ਵਿਚ ਵਿਸ਼ਵਾਸ ਨਹੀਂ ਰੱਖਦੀ। ਅਰੁੰਧਤੀ ਰਾਇ, ਤੀਸਤਾ ਸੀਤਲਵਾੜ, ਕਨੱਈਆ ਵਰਗੇ ਬੁੱਧੀਜੀਵੀ ਕਹਿ ਚੁੱਕੇ ਹਨ ਕਿ ਦੇਸ ਲਈ ਆਰ ਐਸ ਐਸ ਖਤਰਾ ਬਣਦੀ ਜਾ ਰਹੀ ਹੈ। ਜਿਸ ਮਹਾਂਪੁਰਖ ਸਵਾਮੀ ਵਿਵੇਕਾਨੰਦ ਦੀ ਯਾਦ ਮਨਾਉਣ ਭਾਗਵਤ ਅਮਰੀਕਾ ਗਏ ਹਨ, ਉਹ ਮਨੁੱਖੀ ਅਜ਼ਾਦੀ ਦੇ ਪੈਰੋਕਾਰ ਸਨ। 12 ਜਨਵਰੀ 1863 ਨੂੰ ਕਲਕੱਤਾ ਦੇ ਜਨਮੇ ਸਵਾਮੀ ਵਿਵੇਕਾਨੰਦ ਨੇ ਧਰਮ ਨੂੰ ਵਿਗਿਆਨਕ ਨਜ਼ਰਾਂ ਨਾਲ ਦੇਖਣ ਦਾ ਨਵਾਂ ਨਜ਼ਰੀਆ ਦਿੱਤਾ। ਕਿਹਾ ਜਾ ਸਕਦਾ ਹੈ ਕਿ ਆਧੁਨਿਕ ਭਾਰਤ ਦੀ ਨੀਹ ਜੇਕਰ ਕਿਸੇ ਨੇ ਰੱਖੀ ਤਾਂ ਉਹ ਸਵਾਮੀ ਵਿਵੇਕਾਨੰਦ ਹੀ ਸਨ। ਸਵਾਮੀ ਵਿਵੇਕਾਨੰਦ ਦਾ ਜਨਮ ਕੋਲਕਾਤਾ (ਪੱਛਮੀ ਬੰਗਾਲ) ਵਿਖੇ ਨੂੰ 'ਦੱਤ' ਗੋਤਰ ਦੇ ਕਾਇਸਥ ਪਰਿਵਾਰ ਵਿਚ ਹੋਇਆ ਸੀ। ਉਨ੍ਹਾਂ ਦੇ ਪਿਤਾ ਵਿਸ਼ਵਨਾਥ ਦੱਤ ਅਤੇ ਮਾਤਾ ਭੁਵਨੇਸ਼ਵਰੀ ਦੇਵੀ ਨੇ ਆਪਣੇ ਪੁੱਤਰ ਦਾ ਨਾਂਅ ਨਰਿੰਦਰ ਨਾਥ ਰੱਖਿਆ ਸੀ। ਉਨ੍ਹਾਂ ਦੇ ਪਿਤਾ ਉੱਥੇ ਹਾਈਕੋਰਟ ਦੇ ਸਰਕਾਰੀ ਵਕੀਲ ਸਨ। ਕਾਲਜ ਦੀ ਪੜ੍ਹਾਈ ਵੇਲੇ ਉਨ੍ਹਾਂ ਨੇ ਪੱਛਮੀ ਤਰਕ ਸ਼ਾਸਤਰ ਤੇ ਦਰਸ਼ਨ ਤੇ ਯੂਰਪ ਦਾ ਇਤਿਹਾਸ ਆਦਿ ਵਿਸ਼ੇ ਲਏ ਸਨ। ਮਾਤਾ-ਪਿਤਾ ਵਾਂਗ ਉਨ੍ਹਾਂ ਦੀ ਰੁਚੀ ਵੇਦਾਂ, ਉਪਨਿਸ਼ਦਾਂ, ਸ੍ਰੀਮਦ ਭਗਵਤ ਗੀਤਾ, ਵਾਲਮੀਕਿ ਰਮਾਇਣ ਤੇ ਪੁਰਾਣਾਂ ਵਿੱਚ ਸੀ। ਸਵਾਮੀ ਵਿਵੇਕਾਨੰਦ ਜੀ ਨੇ ਪਹਿਲੀ ਮਈ 1897 ਨੂੰ ਕੋਲਕਾਤਾ ਵਿੱਚ 'ਰਾਮ ਕ੍ਰਿਸ਼ਣ ਮਿਸ਼ਨ' ਦੀ ਸਥਾਪਨਾ ਕੀਤੀ। ਇਹ 'ਧਰਮਾਰਥ ਟਰੱਸਟ' ਸਵਾਮੀ ਰਾਮ ਕ੍ਰਿਸ਼ਣ 'ਪਰਮ ਹੰਸ' ਦੇ ਪੂਜਾ ਅਤੇ ਨਿਵਾਸ ਅਸਥਾਨ (ਰਾਮ ਕ੍ਰਿਸ਼ਣ ਮੱਠ) ਅਖਵਾਉਣ ਵਾਲੇ 'ਬੇਲੂਰ ਮੱਠ' ਵਿਖੇ ਮੌਜੂਦ ਹੈ। ਇਸ ਮਗਰੋਂ ਵਿਵੇਕਾਨੰਦ ਜੀ ਨੇ ਅਲਮੋੜਾ (ਉਤਰਾਖੰਡ) ਦੇ ਨੇੜੇ 'ਮਾਇਆਵਤੀ' ਕਸਬੇ ਅਤੇ 'ਮਦਰਾਸ' (ਤਾਮਿਲਨਾਡੂ) ਵਿਖੇ 'ਅਦ੍ਵੈਤ ਆਸ਼ਰਮ' ਸਥਾਪਿਤ ਕੀਤੇ। ਅਮਰੀਕਾ ਦੇ ਸ਼ਿਕਾਗੋ ਨਗਰ ਵਿੱਚ 11 ਸਤੰਬਰ ਤੋਂ 27 ਸਤੰਬਰ 1893 ਤਕ ਸੋਲਾਂ ਦਿਨ ਚੱਲਣ ਵਾਲੇ ਵਿਸ਼ਵ ਧਰਮ ਸੰਸਦ ਦੀ ਖਬਰ ਸਵਾਮੀ ਵਿਵੇਕਾਨੰਦ ਨੇ ਅਖਬਾਰਾਂ ਵਿੱਚ ਪੜ੍ਹੀ ਸੀ।



ਇਸ ਵਿੱਚ ਸ਼ਾਮਲ ਹੋਣ ਲਈ ਉਨ੍ਹਾਂ ਨੂੰ ਨਾ ਤਾਂ ਕੋਈ ਸੱਦਾ ਪੱਤਰ ਮਿਲਿਆ ਸੀ ਅਤੇ ਨਾ ਹੀ ਉਨ੍ਹਾਂ ਕੋਲ ਉੱਥੇ ਜਾਣ ਦਾ ਕੋਈ ਟਿਕਾਣਾ ਸੀ। ਪ੍ਰਬੰਧਕਾਂ ਨੇ ਫਟਾਫਟ ਅੰਗਰੇਜ਼ੀ ਬੋਲਣ ਵਾਲੇ ਭਗਵੇਂ ਬਸਤਰਾਂ ਵਾਲੇ ਬਿਨ ਬੁਲਾਏ ਮਹਿਮਾਨ ਨੂੰ 'ਜੀ ਆਇਆਂ ਨੂੰ' ਆਖਿਆ ਅਤੇ ਵਿਚਾਰ-ਵਟਾਂਦਰਾ ਕਰਕੇ ਵਿਵੇਕਾਨੰਦ ਜੀ ਨੂੰ ਚਾਰ ਦਿਨ ਬੋਲਣ ਦਾ ਸਮਾਂ ਦਿੱਤਾ। ਠੀਕ 125 ਸਾਲ ਪਹਿਲਾਂ ਸਵਾਮੀ ਵਿਵੇਕਾਨੰਦ ਨੇ ਆਪਣੇ ਇਤਿਹਾਸਕ ਭਾਸ਼ਣ ਦੇ ਰਾਹੀਂ ਭਾਰਤ ਦੀ ਇਕ ਮਨੁੱਖਤਾ ਪੱਖੀ ਸੋਚ ਰੱਖਦੇ ਹੋਏ ਹਿੰਦੂ ਧਰਮ ਦਾ ਉਦਾਰਵਾਦੀ ਚਿਹਰਾ ਦੁਨੀਆਂ ਦੇ ਸਾਹਮਣੇ ਰੱਖਿਆ। ਉਹ ਸੰਮੇਲਨ ਕਿਸੇ ਧਰਮ ਵਿਸ਼ੇਸ਼ ਦਾ ਸੰਮੇਲਨ ਨਹੀਂ ਸੀ, ਪਰ ਉਸ ਸੰਮੇਲਨ ਵਿਚ ਸਵਾਮੀ ਵਿਵੇਕਾਨੰਦ ਦੇ ਦਿੱਤੇ ਗਏ ਇਸ ਪ੍ਰਗਟਾਵੇ ਦੀ ਯਾਦ ਵਿਚ ਬੀਤੇ ਦਿਨੀਂ ਆਰ ਐਸ ਐਸ ਤੇ ਵਿਸ਼ਵ ਹਿੰਦੂ ਪ੍ਰੀਸ਼ਦ ਨੇ ਜੋ ਸੰਮੇਲਨ ਕੀਤਾ ਉਹ ਐਲਾਨੀ ਤੌਰ 'ਤੇ ਹਿੰਦੂ ਸੰਮੇਲਨ ਸੀ, ਜਿਸ ਵਿਚ ਮੁੱਖ ਬੁਲਾਰੇ ਦੇ ਤੌਰ 'ਤੇ ਆਰ ਐਸ ਐਸ ਦੇ ਮੁਖੀ ਮੋਹਨ ਭਾਗਵਤ ਨੇ ਬਹੁਤ ਹੀ ਅਨੈਤਿਕ ਪੂਰਨ ਸ਼ਬਦਾਵਲੀ ਵਿਚ ਆਪਣੇ ਹਿੰਦੂਤਵ ਦੇ ਸੰਕੀਰਨ ਦਰਸ਼ਨ ਨੂੰ ਪੇਸ਼ ਕੀਤਾ। ਇਹੀ ਨਹੀਂ, ਉਨ੍ਹਾਂ ਨੇ ਆਪਣੇ ਉਸ ਦਰਸ਼ਨ ਨੂੰ ਸਵਾਮੀ ਵਿਵੇਕਾਨੰਦ ਦੀ ਵਿਰਾਸਤ ਨਾਲ ਜੋੜਦੇ ਹੋਏ ਸਵਾਮੀ ਵਿਵੇਕਾਨੰਦ ਦੇ ਹਿੰਦੂ ਦਰਸ਼ਨ ਦਾ ਵੀ ਮਜ਼ਾਕ ਉਡਾ ਦਿੱਤਾ। ਸੰਘ ਦੀ ਸਮੱਸਿਆ ਇਹ ਹੈ ਕਿ ਉਸ ਕੋਲ ਮਨੁੱਖੀ ਹਿੱਤ ਵਿਚ ਉਹ ਫਿਲਾਸਫੀ ਨਹੀਂ ਹੈ, ਜੋ ਸਵਾਮੀ ਵਿਵੇਕਾਨੰਦ ਕੋਲ ਸੀ, ਜਿਸ ਨੂੰ ਸਰਬੱਤ ਦੇ ਭਲੇ ਦੀ ਪ੍ਰਤੀਕ ਦੱਸਿਆ ਜਾਂਦਾ ਹੈ। ਸੰਘ ਸਿਰਫ਼ ਗੁਰੂ ਗੋਲਵਲਕਰ, ਸਾਵਰਕਰ ਤੇ ਮੁੰਜੇ ਦੀ ਮਨੁੱਖਤਾ ਵਿਰੋਧੀ ਫਿਲਾਸਫੀ ਨੂੰ ਅਪਨਾ ਰਿਹਾ ਹੈ। ਸੁਆਮੀ ਵਿਵੇਕਾਨੰਦ ਦੀ ਫਿਲਾਸਫੀ ਨਾਲ ਉਨ੍ਹਾਂ ਦਾ ਕੋਈ ਲੈਣਾ ਦੇਣਾ ਨਹੀਂ। ਗੁਰੂ ਗੋਲਵਲਕਰ ਦੀ ਲਿਖੀ 'ਬੰਚ ਆਫ ਥਾਟਸ' 'ਵੀ ਆਰ ਨੇਸ਼ਨ ਹੁੱਡ ਡਿਫਾਈਨਡ' ਵਿਚ ਜਰਮਨੀ ਵਿਚ ਨਾਤਸਕੀਆਂ ਦੁਆਰਾ ਕੀਤੀ ਗਈ ਯਹੂਦੀਆਂ ਦੀ ਨਸਲਕੁਸ਼ੀ ਤੇ ਇਟਲੀ ਦੇ ਫਾਸ਼ੀਵਾਦ ਦਾ ਭਰਪੂਰ ਸਮਰੱਥਨ ਕੀਤਾ ਗਿਆ ਹੈ। ਗੋਲਵਲਕਰ ਦਾ ਕਹਿਣਾ ਹੈ ਕਿ ਭਾਰਤ ਹਿੰਦੂ ਰਾਸ਼ਟਰ ਬਣ ਜਾਣਾ ਚਾਹੀਦਾ ਹੈ ਤੇ ਬਾਕੀ ਜਾਤੀਆਂ ਤੇ ਕੌਮਾਂ ਨੂੰ ਹਿੰਦੂ ਜਾਤੀ ਵਿਚ ਮਿਲ ਕੇ ਆਪਣੀ ਸੁਤੰਤਰ ਹੋਂਦ ਨੂੰ ਗੁਆ ਦੇਣੀ ਚਾਹੀਦੀ ਹੈ ਜਾਂ ਇਸ ਦੇਸ਼ ਵਿਚ ਪੂਰੀ ਤਰ੍ਹਾਂ ਹਿੰਦੂ ਰਾਸ਼ਟਰ ਦੀ ਗੁਲਾਮੀ ਕਰਦੇ ਹੋਏ ਬਿਨਾਂ ਕੋਈ ਮੰਗ ਕੀਤੇ, ਬਿਨਾਂ ਕਿਸੇ ਪ੍ਰਕਾਰ ਦਾ ਵਿਸ਼ੇਸ਼ ਅਧਿਕਾਰ ਮੰਗੇ, ਵਿਸ਼ੇਸ਼ ਵਿਹਾਰ ਦੀ ਕਾਮਨਾ ਕਰਨ ਦੀ ਉਮੀਦ ਹੀ ਨਾ ਕੀਤੀ ਜਾਵੇ। ਇੱਥੋਂ ਤੱਕ ਬਿਨਾਂ ਨਾਗਰਿਕਾਂ ਦੇ ਅਧਿਕਾਰ ਵਿਚ ਰਹਿਣਾ ਪਵੇਗਾ। ਅਸੀਂ ਇਕ ਪ੍ਰਾਚੀਨ ਰਾਸ਼ਟਰ ਹਾਂ। ਸਾਨੂੰ ਉਨ੍ਹਾਂ ਵਿਦੇਸ਼ੀ ਕੌਮਾਂ ਜੋ ਸਾਡੇ ਦੇਸ਼ ਵਿਚ ਰਹਿ ਰਹੀਆਂ ਹਨ, ਇਸ ਤਰ੍ਹਾਂ ਨਿਪਟਣਾ ਚਾਹੀਦਾ ਹੈ, ਜਿਵੇ ਕਿ ਪ੍ਰਾਚੀਨ ਰਾਸ਼ਟਰ ਵਿਦੇਸ਼ੀ ਨਸਲਾਂ ਨਾਲ ਨਿਪਟਿਆ ਕਰਦੇ ਸਨ।

(ਗੋਲਵਲਕਰ ਵੀ ਆਰ ਆਵਰ ਨੈਸ਼ਨਹੁੱਡ ਡਿਫਾਈਨਡ ਪੰਨਾ-47, 48)

ਜਦ ਕਿ ਦੂਸਰੇ ਪਾਸੇ ਸਵਾਮੀ ਵਿਵੇਕਾਨੰਦ ਸਾਂਝੀਵਾਲਤਾ ਦਾ ਸੁਨੇਹਾ ਦੇਣ ਵਾਲੇ ਭਾਰਤ ਦੇ ਮਹਾਨ ਪੁਰਸ਼ ਸਨ। ਉਨ੍ਹਾਂ ਲਈ ਗੁਰੂ ਗੋਬਿੰਦ ਸਿੰਘ ਜੀ ਮਹਾਨ ਨਾਇਕ ਸਨ, ਜਿਨ੍ਹਾਂ ਬਾਰੇ ਉਹ ਕਹਿੰਦੇ ਸਨ ਕਿ ਜੇਕਰ ਗੁਰੂ ਗੋਬਿੰਦ ਸਿੰਘ ਨਾ ਹੁੰਦੇ ਤਾਂ ਭਾਰਤ ਵਿਚ ਜਮਹੂਰੀਅਤ ਵੀ ਨਾ ਹੁੰਦੀ ਤੇ ਨਾ ਹੀ ਧਰਮਾਂ ਦੀ ਅਜ਼ਾਦੀ ਹੁੰਦੀ। ਉਨ੍ਹਾਂ ਕਿਹਾ ਸੀ, 'ਗੁਰੂ ਸਾਹਿਬ ਨੇ ਆਪਣੇ ਸਿੱਖਾਂ ਨੂੰ ਇਹੋ ਜਿਹੀ ਦੀਖਿਆ (ਅੰਮ੍ਰਿਤ ਦੀ ਦਾਤ) ਦਿੱਤੀ ਸੀ, ਜਿਸ ਨਾਲ ਉਨ੍ਹਾਂ ਵਿਚ ਅਥਾਹ ਸ਼ਕਤੀ ਦਾ ਸੰਚਾਰ ਹੋ ਗਿਆ ਸੀ। ਹਰ ਇਕ ਦੀਖਿਅਤ ਮਨੁੱਖ ਵਿਚ ਸਵਾ ਲੱਖ ਲੋਕਾਂ ਦੀ ਸ਼ਕਤੀ ਸਮਾ ਗਈ ਸੀ। ਭਾਰਤ ਵਿਚ, ਉਸ ਦੇ ਇਤਿਹਾਸ ਵਿਚ ਇਸ ਵਰਗੀ ਕੋਈ ਹੋਰ ਮਿਸਾਲ ਵਿਰਲੀ ਹੀ ਮਿਲੇਗੀ, ਜੋ ਕੁਝ ਗੁਰੂ ਗੋਬਿੰਦ ਸਿੰਘ ਜੀ ਨੇ ਕਰ ਦਿਖਾਇਆ ਸੀ।

ਸਵਾਮੀ ਜੀ ਰਾਜਨੇਤਾ ਨਹੀਂ ਸਨ। ਉਹ ਅਸਲ ਅਰਥਾਂ ਵਿਚ ਸੰਤ ਸਨ। ਉਹ ਹਿੰਦੂ ਫਿਲਾਸਫੀ ਜੋ ਮਨੁੱਖਤਾ ਦੇ ਹਿੱਤ ਵਿਚ ਸੀ, ਉਸ ਨੂੰ ਚੰਗੀ ਤਰ੍ਹਾਂ ਜਾਣੂ ਸਨ। ਉਨ੍ਹਾਂ ਨੇ ਹਿੰਦੂ ਫਿਰਕਾਪ੍ਰਸਤਾਂ ਤੇ ਪਾਖੰਡੀ ਗੁਰੂਆਂ ਨੂੰ ਲਲਕਾਰਦੇ ਹੋਏ ਕਾਸਟ ਕਲਚਰ ਐਂਡ ਸ਼ੋਸ਼ਲਿਜ਼ਮ ਵਿਚ ਕਿਹਾ ਕਿ ਸ਼ੂਦਰਾਂ ਨੇ ਆਪਣੇ ਹੱਕ ਮੰਗਣ ਦੇ ਲਈ ਜਦ ਵੀ ਮੂੰਹ ਖੋਲ੍ਹਿਆ ਉਨ੍ਹਾਂ ਦੀਆਂ ਜੀਭਾਂ ਕੱਟ ਦਿੱਤੀਆਂ ਗਈਆਂ। ਉਨ੍ਹਾਂ ਨੂੰ ਜਾਨਵਰਾਂ ਦੀ ਤਰ੍ਹਾਂ ਸਲੂਕ ਕੀਤਾ ਗਿਆ। ਪਰ ਹੁਣ ਤੁਸੀਂ ਉਨ੍ਹਾਂ ਦੇ ਅਧਿਕਾਰ ਵਾਪਸ ਦੇ ਦਿਓ, ਉਨ੍ਹਾਂ ਨੂੰ ਮਨੁੱਖ ਸਮਝੋ। ਜੇਕਰ ਉਹ ਜਾਗ ਗਏ ਤੇ ਤੁਹਾਡੇ ਕੀਤੇ ਹੋਏ ਜ਼ੁਲਮਾਂ ਤੇ ਸ਼ੋਸ਼ਣ ਨੂੰ ਸਮਝਣਗੇ ਤਾਂ ਉਹ ਤੁਹਾਨੂੰ ਤਬਾਹ ਕਰ ਦੇਣਗੇ। ਇਹ ਉਹੀ ਸ਼ੂਦਰ ਲੋਕ ਹਨ, ਜਿਨ੍ਹਾਂ ਨੇ ਤੁਹਾਨੂੰ ਸਭਿਅਤਾ ਸਿਖਾਈ ਹੈ ਤੇ ਇਹ ਹੀ ਤੁਹਾਨੂੰ ਹੇਠਾਂ ਸੁੱਟ ਦੇਣਗੇ। ਉਨ੍ਹਾਂ ਨੇ ਕਿਹਾ ਕਿ ਤੁਸੀਂ ਜਾਤ-ਪਾਤ ਆਪਣੇ ਸਿਰ ਤੇ ਲੱਦ ਕੀ ਕੀ ਹਾਸਲ ਕੀਤਾ? ਮਨੁੱਖ ਨੂੰ ਮਨੁੱਖ ਦਾ ਗੁਲਾਮ ਬਣਾ ਦਿੱਤਾ ਤੇ ਇਨਸਾਨੀਅਤ ਨੂੰ ਕੁਚਲ ਕੇ ਰੱਖ ਦਿੱਤਾ। ਆਓ ਹਿੰਦੂ ਬਣਨ ਤੋਂ ਪਹਿਲਾਂ ਮਨੁੱਖ ਬਣੀਏ ਤੇ ਉਨ੍ਹਾਂ ਪੰਡੇ-ਪੁਜਾਰੀਆਂ ਨੂੰ ਕੱਢ ਕੇ ਬਾਹਰ ਸੁੱਟੀਏ, ਜੋ ਹਮੇਸ਼ਾ ਸਮਾਜ ਦੀ ਪ੍ਰਗਤੀ ਦੇ ਖਿਲਾਫ਼ ਰਹੇ ਹਨ ਤੇ ਸਮਾਜ ਵਿਚ ਵੰਡੀਆਂ ਪਾਉਂਦੇ ਰਹੇ ਹਨ, ਜੋ ਕਦੀ ਸਮਾਜ ਦੇ ਵਿਕਾਸ ਵਿਚ ਹਿੱਸਾ ਨਹੀਂ ਪਾ ਸਕਦੇ ਤੇ ਜਿਨ੍ਹਾਂ ਦਾ ਹਿਰਦਾ ਕਦੇ ਵੀ ਵਿਸ਼ਾਲ ਨਹੀਂ ਬਣ ਸਕਦਾ। ਉਹ ਸਦੀਆਂ ਤੋਂ ਅੰਧ-ਵਿਸ਼ਵਾਸਾਂ ਦੀ ਉਪਜ ਹਨ ਤੇ ਸਮਾਜ ਤੇ ਜ਼ੁਲਮ ਕਰਦੇ ਰਹੇ ਹਨ। ਇਸ ਲਈ ਪਹਿਲਾਂ ਪੁਜਾਰੀਵਾਦ ਦਾ ਨਾਸ਼ ਕਰੋ, ਆਪਣੇ ਘਟੀਆ ਸੰਸਕਾਰਾਂ ਨੂੰ ਤੋੜੋ, ਮਨੁੱਖ ਬਣੋ ਤੇ ਮਾਨਵਤਾ ਲਈ ਜਿਓ। ਦੇਖੋ ਕਿ ਕਿਵੇਂ ਦੂਸਰੇ ਰਾਸ਼ਟਰ ਅੱਗੇ ਵਧ ਰਹੇ ਹਨ। ਨਫ਼ਰਤ ਫੈਲਾਉਣ ਦੇ ਆਪਣੇ ਤਹਿਤ ਸੰਘ ਤੇ ਉਨ੍ਹਾਂ ਦੀਆਂ ਜਥੇਬੰਦੀਆਂ ਧਰਮ ਬਦਲੀ ਦਾ ਖੂਬ ਸ਼ੋਰ ਮਚਾਉਂਦੇ ਹਨ। ਸਵਾਮੀ ਜੀ ਨੇ ਵੀ ਸਵੀਕਾਰਿਆ ਕਿ ਭਾਰਤ ਵਿਚ ਮੁਸਲਮ ਸ਼ਾਸ਼ਕਾਂ ਦੇ ਆਗਮਨ ਦੇ ਬਾਅਦ ਦੇਸ ਦੀ ਅਬਾਦੀ ਦੇ ਇਕ ਵੱਡੇ ਹਿੱਸੇ ਨੇ ਇਸਲਾਮ ਕਬੂਲ ਕਰ ਲਿਆ ਸੀ, ਪਰ ਨਾਲ ਉਹ ਇਹ ਵੀ ਕਹਿੰਦੇ ਹਨ ਕਿ ਇਹ ਸਭ ਤਲਵਾਰ ਦੇ ਜ਼ੋਰ ਨਾਲ ਨਹੀਂ ਹੋਇਆ ਸੀ। ਭਗਵੇਂ ਰਾਸ਼ਟਰਵਾਦੀ ਮੁਸਲਮਾਨਾਂ ਦੇ ਪ੍ਰਤੀ ਆਪਣੀ ਨਫ਼ਰਤ ਭਰੀ ਵਿਚਾਰਧਾਰਾ ਨੂੰ ਸੱਚ ਦਾ ਜਾਮਾ ਪਹਿਨਾਉਣ ਦੇ ਲਈ ਸੁਆਮੀ ਜੀ ਦੇ ਨਾਮ ਨੂੰ ਇਸਤੇਮਾਲ ਲੰਮੇ ਸਮੇਂ ਤੋਂ ਕਰਦੇ ਆ ਰਹੇ ਹਨ। ਪਰ ਸੁਆਮੀ ਜੀ ਨੇ ਕਦੇ ਵੀ ਨਫ਼ਰਤ ਭਰਪੂਰ ਪ੍ਰਚਾਰ ਨਹੀਂ ਕੀਤਾ। ਉਹ ਚਾਹੁੰਦੇ ਹਨ ਕਿ ਭਾਰਤ ਜਾਤੀਵਾਦ ਰਹਿਤ ਦੇਸ ਬਣੇ, ਜਿੱਥੇ ਸਾਰੇ ਧਰਮ ਵੰਨ ਸੁਵੰਨਤਾ ਦਾ ਅਨੰਦ ਮਾਣਨ, ਅਜ਼ਾਦੀ ਮਾਣਨ, ਖੁਸ਼ ਰਹਿਣ ਤੇ ਵਿਕਾਸ ਕਰਨ। ਪਰ ਆਰ ਐਸ ਐਸ ਦੀ ਵਿਚਾਰਧਾਰਾ ਬਿਲਕੁਲ ਸਵਾਮੀ ਵਿਵੇਕਾਨੰਦ ਦੀ ਵਿਚਾਰਧਾਰਾ ਤੋਂ ਉਲਟ ਹੈ, ਜੋ ਜਾਤੀਵਾਦ ਤੇ ਮਨੂਸਿਮਰਤੀਆਂ ਵਾਲੀ ਨਫ਼ਰਤ ਨਾਲ ਭਰੀ ਹੋਈ ਹੈ। ਇਹ ਲੋਕ ਬੁੱਧੀਜੀਵੀਆਂ ਨੂੰ ਸ਼ਹਿਰੀ ਨਕਸਲੀ ਤੇ ਦੂਜੇ ਧਰਮਾਂ ਨੂੰ ਹਿੰਦੂ ਵਿਰੋਧੀ ਕਰਾਰ ਦੇ ਕੇ ਪਾਕਿਸਤਾਨ ਚਲੇ ਜਾਣ ਦੀ ਸਲਾਹ ਦੇ ਰਹੇ ਹਨ। ਇਸ ਨਾਲ ਦੇਸ ਇਕਮੁਠ ਨਹੀਂ ਰਹਿ ਸਕਦਾ। ਸਵਾਮੀ ਜੀ ਦੀ ਵਿਚਾਰਧਾਰਾ ਹੀ ਭਾਰਤ ਨੂੰ ਇਕਮੁਠ ਕਰ ਸਕਦੀ ਹੈ।

## ਮੋਹਨ ਭਾਗਵਤ 21ਵੀਂ ਸਦੀ ਦਾ ਹਿਟਲਰ : ਸਵਰਨਜੀਤ ਸਿੰਘ ਖਾਲਸਾ

**ਨਿਊਯਾਰਕ/ਬਿਊਰੋ ਨਿਊਜ਼ :** ਸਵਰਨਜੀਤ ਸਿੰਘ ਖਾਲਸਾ ਪ੍ਰਧਾਨ ਸਿੱਖ ਸੇਵਕ ਸੁਸਾਇਟੀ ਯੂਐਸਏ, ਮੈਂਬਰ ਡਿਪਾਰਟਮੈਂਟ ਆਫ ਜਸਟਿਸ ਅਤੇ ਪਲੇਨਿੰਗ ਬੋਰਡ ਨੇ ਕਿਹਾ ਕਿ ਮੋਹਨ ਭਾਗਵਤ ਭਾਰਤ ਵਿਚ 21ਵੀਂ ਸਦੀ ਦਾ ਹਿਟਲਰ ਤੇ ਉਸ ਦਾ ਅਵਤਾਰ ਹੈ ਤੇ ਉਹ ਆਪਣੇ ਗੁਰੂ ਗੋਲਵਲਕਰ ਦੀ ਪੁਸਤਕ 'ਬੰਚ ਆਫ ਥਾਟਸ' ਦੇ ਸਿਧਾਂਤ ਅਨੁਸਾਰ ਚਲ ਰਿਹਾ ਹੈ ਕਿ ਭਾਰਤ ਹਿੰਦੂਆਂ ਦਾ ਦੇਸ ਹੈ ਤੇ ਭਾਰਤ ਹਿੰਦੂਆਂ ਲਈ ਹੈ। ਇਥੇ ਸਿਰਫ਼ ਹਿੰਦੂ ਸਭਿਆਚਾਰ ਹੀ ਕਾਇਮ ਰਹੇਗਾ। ਉਨ੍ਹਾਂ ਕਿਹਾ ਕਿ ਆਰ ਐਸ ਐਸ ਭਗਵੇਂ ਦਹਿਸ਼ਤਗਰਦਾਂ ਦਾ ਗਰੁੱਪ ਸਿਰਜ ਰਹੀ ਹੈ, ਜਿਸ ਤਹਿਤ ਨਾਜਾਇਜ਼ ਹਥਿਆਰ ਵੰਡੇ ਜਾ ਰਹੇ ਹਨ, ਟ੍ਰੇਨਿੰਗ ਦਿੱਤੀ ਜਾ ਰਹੀ ਹੈ ਤਾਂ ਜੋ ਹਿੰਦੂ ਰਾਸ਼ਟਰ ਸਿਰਜਣ ਲਈ ਦੰਗੇ ਕਰਵਾਏ ਜਾਣ। ਇਸੇ ਕਰਕੇ ਦਲਿਤਾਂ ਤੇ ਮੁਸਲਮਾਨਾਂ 'ਤੇ ਹਮਲੇ ਹੋ ਰਹੇ ਹਨ, ਨਕਲੀ ਸਿੱਖ ਤਿਆਰ ਕੀਤੇ ਜਾ ਰਹੇ ਹਨ ਤਾਂ ਜੋ ਮੁਸਲਮਾਨਾਂ ਤੇ ਦਲਿਤਾਂ ਵਿਰੁਧ ਵਰਤੇ ਜਾ ਸਕਣ।



ਉਨ੍ਹਾਂ ਇਹ ਵੀ ਕਿਹਾ ਕਿ ਸਿੱਖਾਂ ਦਾ ਨਕਲੀ ਇਤਿਹਾਸ ਤਿਆਰ ਕੀਤਾ ਜਾ ਰਿਹਾ ਹੈ ਤੇ ਅਸਲੀ ਤਬਾਹ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਇਸ ਸੰਬੰਧੀ ਉਹ ਅਮਰੀਕਾ ਵਿਚ ਆਰ ਐਸ ਐਸ ਦੇ ਕੇਸ ਕਰਨਗੇ, ਕਿਉਂਕਿ ਉਨ੍ਹਾਂ ਕੋਲ ਇਕ ਮਜ਼ਬੂਤ ਸਬੂਤ ਹੈ। ਉਨ੍ਹਾਂ ਕਿਹਾ ਕਿ ਅਮਰੀਕਾ ਦੀਆਂ ਸਿੱਖ, ਮੁਸਲਮ, ਇਸਾਈ ਤੇ ਦਲਿਤ ਜਥੇਬੰਦੀਆਂ ਨੇ ਵਿਰੋਧ ਕਰਕੇ ਇਤਿਹਾਸਕ ਕਾਰਜ ਕੀਤਾ ਹੈ, ਇਸ ਦੀ ਉਹ ਸ਼ਲਾਘਾ ਕਰਦੇ ਹਨ। ਉਨ੍ਹਾਂ ਕਿਹਾ ਕਿ ਆਰ ਐਸ ਐਸ ਸਵਾਮੀ ਵਿਵੇਕਾਨੰਦ ਦੇ ਨੇੜੇ ਤੇੜੇ ਵੀ ਨਹੀਂ ਖਲੋਂਦੀ ਜਿਸ ਨੇ ਸ਼ਾਂਤ ਹਿੰਦੂ ਧਰਮ ਦਾ ਸਿਧਾਂਤ ਦਿੱਤਾ, ਜੋ ਹਰੇਕ ਧਰਮ ਦਾ ਸਤਿਕਾਰ ਕਰੇ। ਉਨ੍ਹਾਂ ਕਿਹਾ ਕਿ ਮੋਹਨ ਭਾਗਵਤ ਵਲੋਂ ਹਿੰਦੂਆਂ ਨੂੰ ਸ਼ੇਰ ਦੱਸਣਾ ਤੇ ਬਾਕੀ ਕੌਮਾਂ ਨੂੰ ਕੁੱਤੇ ਦੱਸਣਾ ਆਪਣੇ ਆਪ ਵਿਚ ਵੀ ਹੰਕਾਰ ਦੀ ਨਿਸ਼ਾਨੀ ਹੈ, ਜੋ ਕਿ ਮਨੁੱਖਤਾ ਨਹੀਂ ਹੈ।

# ਡੇਰਾ ਬੱਲਾਂ ਦੇ ਸ਼ਰਧਾਲੂਆਂ ਦੀਆਂ ਭਾਵਨਾਵਾਂ ਭੜਕਾਉਣ ਦੇ ਦੋਸ਼ ਹੇਠ ਜਥੇਦਾਰ ਭੌਰ ਖ਼ਿਲਾਫ਼ ਕਾਰਵਾਈ ਦਾ ਸਿਆਸੀ ਤਾਣਾ-ਬਾਣਾ

- **ਡੇਰਾ ਸ਼ਰਧਾਲੂਆਂ ਸਤਪਾਲ ਸਾਹਲੋਂ, ਸਤਪਾਲ ਜੱਸੀ ਨੇ ਦਰਜ ਕਰਵਾਇਆ ਕੇਸ**
- **ਜਥੇਦਾਰ ਭੌਰ ਦੀ ਕਾਗਜ਼ ਪੂਰੇ ਨਾ ਹੋਣ ਕਾਰਨ ਜ਼ਮਾਨਤ ਨਾ ਹੋ ਸਕੀ**
- **ਜਥੇਦਾਰ ਮੰਡ ਨੇ ਕਿਹਾ ਕਿ ਦਲਿਤ ਭਾਈਚਾਰਾ ਕੇਸ ਵਾਪਸ ਲਵੇ**

**ਬੰਗਾ/ਬਿਊਰੋ ਨਿਊਜ਼ :** ਪੰਜਾਬ ਪੁਲੀਸ ਨੇ ਧਾਰਮਿਕ ਭਾਵਨਾਵਾਂ ਭੜਕਾਉਣ ਦੇ ਮਾਮਲੇ ਵਿਚ ਸ਼੍ਰੋਮਣੀ ਕਮੇਟੀ ਦੇ ਸਾਬਕਾ ਜਨਰਲ ਸਕੱਤਰ ਜਥੇਦਾਰ ਸੁਖਦੇਵ ਸਿੰਘ ਭੌਰ 'ਤੇ ਪਰਚਾ ਦਰਜ ਕੀਤਾ ਹੈ। ਡੇਰਾ ਬੱਲਾਂ ਦੇ ਸ਼ਰਧਾਲੂਆਂ ਨੇ ਜਥੇਦਾਰ ਭੌਰ ਦੇ ਘਰ ਅੱਗੇ ਰੋਸ ਪ੍ਰਦਰਸ਼ਨ ਕੀਤਾ। ਬੁਲਾਰਿਆਂ ਨੇ ਜਥੇਦਾਰ ਭੌਰ ਵੱਲੋਂ ਮਰਹੂਮ ਸੰਤ ਰਾਮਾਨੰਦ



ਡੇਰਾ ਬੱਲਾਂ ਖਿਲਾਫ਼ ਵਰਤੀ ਕਥਿਤ ਇਤਰਾਜ਼ਯੋਗ ਭਾਸ਼ਾ ਦੀ ਸਖ਼ਤ ਨਿਖੇਧੀ ਕੀਤੀ। ਉਹ ਮੰਗ ਕਰ ਰਹੇ ਸਨ ਕਿ ਉਕਤ ਵਿਅਕਤੀ ਖਿਲਾਫ਼ ਸਖ਼ਤ ਕਾਨੂੰਨੀ ਕਾਰਵਾਈ ਕੀਤੀ ਜਾਵੇ। ਪੁਲੀਸ ਵੱਲੋਂ ਮਾਹੌਲ ਵਿਗੜਦਿਆਂ ਦੇਖ ਕੇ ਭੌਰ ਖਿਲਾਫ਼ ਧਾਰਮਿਕ ਭਾਵਨਾਵਾਂ ਭੜਕਾਉਣ ਸਬੰਧੀ ਵੱਖ ਵੱਖ ਧਾਰਾਵਾਂ ਤਹਿਤ ਪਰਚਾ ਦਰਜ ਕਰ ਲਿਆ ਗਿਆ ਹੈ ਤੇ ਗ੍ਰਿਫ਼ਤਾਰ ਕਰ ਲਿਆ ਗਿਆ। ਅਦਾਲਤ ਦੀਆਂ ਹਦਾਇਤਾਂ 'ਤੇ ਭੌਰ ਨੂੰ ਜੇਲ੍ਹ ਭੇਜ ਦਿੱਤਾ ਹੈ। ਅਦਾਲਤ ਨੇ ਜਿੱਥੇ ਭੌਰ ਪੱਖ ਦੇ ਵੱਲੋਂ ਲਗਾਈ ਗਈ ਜ਼ਮਾਨਤ ਦੀ ਮੰਗ ਖਾਰਿਜ ਕਰ ਦਿੱਤੀ, ਉੱਥੇ ਹੀ ਉੱਤੇ ਅਦਾਲਤ ਨੇ ਪੁਲਿਸ ਦੁਆਰਾ ਰਿਮਾਂਡ ਦੀ ਮੰਗ ਵੀ ਖਾਰਿਜ ਕਰ ਦਿੱਤੀ ਹੈ। ਪੁਲਿਸ ਮੁਤਾਬਕ ਅਦਾਲਤ ਦੇ ਵੱਲੋਂ ਭੌਰ ਨੂੰ 22 ਸਤੰਬਰ ਤੱਕ ਕਾਨੂੰਨੀ ਹਿਰਾਸਤ ਵਿੱਚ ਭੇਜ ਦਿੱਤਾ ਗਿਆ ਹੈ। ਪੁਲਿਸ ਦੇ ਵੱਲੋਂ ਅਦਾਲਤ ਦੇ ਸਾਹਮਣੇ ਤਿੰਨ ਦਿਨ ਦਾ ਰਿਮਾਂਡ ਮੰਗਿਆ ਗਿਆ। ਪੁਲਿਸ ਦੇ ਵੱਲੋਂ ਇਹ ਪੱਖ ਰੱਖਿਆ ਗਿਆ ਕਿ ਭੌਰ ਦੇ ਵੱਲੋਂ ਜੋ ਸ਼ਬਦਾਵਲੀ ਇਸਤੇਮਾਲ ਕੀਤੀ ਗਈ ਹੈ ਉਸ ਨਾਲ ਕਿਤੇ ਨਾ ਕਿਤੇ ਮਾਹੌਲ ਖ਼ਰਾਬ ਕਰਨ ਦੀ ਸਾਜਿਸ਼ ਲੱਗ ਰਹੀ ਹੈ।

**ਕੀ ਕਹਿੰਦੇ ਹਨ ਭੌਰ :** ਭੌਰ ਨੇ ਕਿਹਾ ਕਿ ਉਨ੍ਹਾਂ ਉੱਤੇ ਦਰਜ ਮਾਮਲਾ ਪੂਰੀ ਤਰ੍ਹਾਂ ਨਾਲ ਰਾਜਨੀਤੀ ਤੋਂ ਪ੍ਰੇਰਿਤ ਹੈ। ਉਹ ਭਾਈਚਾਰੇ ਦੀਆਂ ਭਾਵਨਾਵਾਂ ਦੀ ਕਦਰ ਕਰਦੇ ਹਨ। ਹਾਲਾਂਕਿ ਉਨ੍ਹਾਂ ਵੱਲੋਂ ਵੀਡੀਓ ਨੂੰ ਲੈ ਕੇ ਬਿਨਾਂ ਸ਼ਰਤ ਦੁੱਖ ਵੀ ਜ਼ਾਹਰ ਕੀਤਾ ਗਿਆ ਹੈ।

ਯਾਦ ਰਹੇ ਕਿ ਡੇਰਾ ਬੱਲਾਂ ਵਲੋਂ ਸਤਪਾਲ ਸਾਹਲੋਂ ਤੇ ਬਸਪਾ ਨੇਤਾ ਨਛੱਤਰ ਪਾਲ ਦੀ ਅਗਵਾਈ ਵਿੱਚ ਇਸ ਸਬੰਧ ਵਿੱਚ ਸ਼ਿਕਾਇਤ ਦਰਜ ਕਰਵਾਈ ਸੀ।

**ਜ਼ਮਾਨਤ ਨਾ ਹੋਈ :** ਇਲਾਕਾ ਮੈਜਿਸਟ੍ਰੇਟ ਦੇ ਸਾਹਮਣੇ ਜਥੇਦਾਰ ਭੌਰ ਵੱਲੋਂ ਸੀਨੀਅਰ ਵਕੀਲ ਅਜੀਤ ਸਿੰਘ ਸਮੇਤ ਇਕ ਦਰਜਨ ਵਕੀਲ ਪੇਸ਼ ਹੋਏ। ਸੁਣਵਾਈ ਦੌਰਾਨ ਰਿਕਾਰਡ ਪੁਲਸ ਵੱਲੋਂ ਰਿਕਾਰਡ ਪੇਸ਼ ਨਾ ਕਰਨ 'ਤੇ ਮੈਜਿਸਟ੍ਰੇਟ ਨੇ ਜ਼ਮਾਨਤ ਅਰਜ਼ੀ 13 ਸਤੰਬਰ ਤੱਕ ਮੁਲਤਵੀ ਕਰ ਦਿੱਤੀ ਹੈ। ਪ੍ਰਦਰਸ਼ਨਕਾਰੀ ਇਸ ਤੋਂ ਬਾਅਦ ਦੀਪਕ ਦੇ ਨਾਲ ਮਿਲੇ। ਉਨ੍ਹਾਂ ਨੇ ਇਕ ਅਰਜ਼ੀ ਦੇ ਕੇ ਮਾਮਲੇ ਵਿਚ ਹੋਰ ਧਾਰਾਵਾਂ ਜੋੜਨ ਦੀ ਮੰਗ ਕੀਤੀ। ਇਸ ਦੌਰਾਨ ਐੱਸ. ਐੱਸ. ਪੀ. ਹਿਲੇਰੀ ਨੇ ਉਨ੍ਹਾਂ ਨੂੰ ਭਰੋਸਾ ਦਿੱਤਾ ਕਿ ਉਹ ਵੀਡੀਓ ਸਬੰਧੀ

ਬਾਕੀ ਸਫ਼ਾ 32 'ਤੇ

# ਅਮਰੀਕਾ ਦੇ ਸਿੱਖ ਤੇ ਨਸਲਵਾਦ



**ਸਵਰਨਜੀਤ ਸਿੰਘ ਖਾਲਸਾ**

ਵਿਸ਼ਵ ਭਰ ਵਿਚ ਸਿਖ ਕੌਮ ਲਈ 'ਨਸਲੀ ਹਮਲਿਆਂ' ਦਾ ਵਰਤਾਰਾ ਬੇਹੱਦ ਚਿੰਤਾਜਨਕ ਬਣਿਆ ਹੋਇਆ ਹੈ। 9/11 ਦੇ ਅਮਰੀਕੀ ਵਿਸ਼ਵ ਵਪਾਰ ਕੇਂਦਰ 'ਤੇ ਹੋਏ



ਅੱਤਵਾਦੀ ਹਮਲੇ ਤੋਂ ਬਾਅਦ ਸਿਖਾਂ ਨੂੰ ਮੁਸਲਮਾਨਾਂ ਦੇ ਭੁਲੇਖੇ ਵੱਡੀ ਪੱਧਰ 'ਤੇ ਨਸਲੀ ਹਿੰਸਾ ਦਾ ਸਾਹਮਣਾ ਕਰਨਾ ਪਿਆ ਹੈ। ਭਾਵੇਂ ਕਿ ਇਹ ਗੱਲ ਸਾਬਤ ਹੋ ਚੁੱਕੀ ਹੈ ਕਿ ਇਹ ਹਮਲਾ ਓਸਾਮਾ ਬਿਨ ਲਾਦੇਨ ਨੇ ਕਰਵਾਇਆ ਸੀ ਪਰ ਬਹੁਤੇ ਗੋਰੇ ਲੋਕ ਹਾਲੇ ਵੀ ਸਿੱਖਾਂ ਅਤੇ ਮੁਸਲਮਾਨਾਂ ਵਿਚ ਫ਼ਰਕ ਨੂੰ ਸਮਝ ਨਹੀਂ ਸਕੇ। ਉਹ ਪਗੜੀਧਾਰੀ ਅਤੇ ਦਾਹੜੀ ਵਾਲੇ ਸਿਖਾਂ ਨੂੰ ਵੀ ਮੁਸਲਮਾਨ ਸਮਝ ਲੈਂਦੇ ਹਨ। ਇਸੇ ਭੁਲੇਖੇ ਕਾਰਨ 2001 ਤੋਂ ਲੈ ਕੇ ਹੁਣ ਤੱਕ ਇਕੱਲੇ ਅਮਰੀਕਾ ਵਿਚ ਹੀ ਸਿੱਖਾਂ 'ਤੇ 1000 ਤੋਂ ਉੱਪਰ ਨਸਲੀ ਹਮਲਿਆਂ/ਵਿਤਕਰਿਆਂ ਦੀਆਂ ਘਟਨਾਵਾਂ ਵਾਪਰ ਚੁੱਕੀਆਂ ਹਨ।

ਵੈਸੇ ਅੱਤਵਾਦ ਦੇ ਨਾਮ 'ਤੇ ਮੁਸਲਮਾਨਾਂ 'ਤੇ ਹਮਲੇ ਵੀ ਨਸਲਵਾਦੀ ਵਰਤਾਰਾ ਹੈ, ਇਸ ਸੰਬੰਧੀ ਹਰੇਕ ਮਨੁੱਖਤਾ ਪੱਖੀ ਕੌਮ ਨੂੰ ਇਸ ਬਾਰੇ ਡਟ ਕੇ ਨਿੰਦਾ ਕਰਨੀ ਚਾਹੀਦੀ ਹੈ। ਨਫਰਤੀ ਹਿੰਸਾ ਬਿਮਾਰ ਸਮਾਜ ਦੇ ਲੱਛਣ ਹਨ। ਇਸ ਲਈ ਇਸ ਵਿਰੁੱਧ ਵੱਡੇ ਪੱਧਰ 'ਤੇ ਮੁਹਿੰਮ ਚਲਾਉਣ ਦੀ ਲੋੜ ਹੈ। ਕੁਝ ਚਿਰ ਪਹਿਲਾਂ ਨਿਊਜਰਸੀ ਵਿਚ ਚਾਕੂ ਮਾਰ ਕੇ ਇਕ ਸਿਖ 55 ਸਾਲਾ ਤਰਲੋਕ ਸਿੰਘ ਦਾ ਕਤਲ ਕਰਨ ਦੇ ਦੋਸ਼ ਵਿੱਚ ਇੱਕ ਨਸਲਵਾਦੀ ਨੇਵਾਰਕ ਦੇ ਰਹਿਣ ਰੌਬਰੇਟੋ ਊਬੀਏਰਾ (55) ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ। ਬੀਤੀ 16 ਅਗਸਤ ਨੂੰ ਤਰਲੋਕ ਸਿੰਘ ਦੀ ਚਾਕੂਆਂ ਨਾਲ ਵਿੰਨ੍ਹੀ ਹੋਈ ਲਾਸ਼ ਉਸ ਦੇ ਭਰਾ ਨੂੰ ਮਿਲੀ ਸੀ। ਤਰਲੋਕ ਸਿੰਘ ਦੀ ਛਾਤੀ ਵਿਚ ਚਾਕੂ ਨਾਲ ਕਈ ਵਾਰ ਕੀਤੇ ਗਏ ਸਨ। ਇਸ ਤੋਂ ਪਹਿਲਾਂ ਬੀਤੀ ਛੇ ਅਗਸਤ ਨੂੰ ਕੈਲੇਫੋਰਨੀਆ ਦੇ ਮੈਨਟੇਕਾ ਵਿਚ ਸਵੇਰ ਦੀ ਸੈਰ 'ਤੇ ਨਿਕਲੇ 71 ਸਾਲਾ ਸਾਹਿਬ ਸਿੰਘ ਨੂੰ ਦੋ ਅੱਲ੍ਹੜ ਉਮਰ ਦੇ ਅਮਰੀਕੀ ਨੌਜਵਾਨਾਂ ਨੇ ਬੁਰੀ ਤਰ੍ਹਾਂ ਕੁੱਟਿਆ। ਇਸ ਮਾਮਲੇ ਵਿਚ ਗ੍ਰਿਫ਼ਤਾਰ ਕੀਤੇ ਨੌਜਵਾਨ ਟਾਇਰੌਨ ਮੈਕਅਲਿਸਟਰ ਸਥਾਨਕ ਪੁਲਿਸ ਮੁਖੀ ਦਾ ਪੁੱਤਰ ਹੈ ਤੇ ਹੁਣ ਬਜ਼ੁਰਗ 'ਤੇ ਮਾਰੂ ਹਥਿਆਰਾਂ ਨਾਲ ਹਮਲਾ ਕਰਨ ਵਰਗੇ ਗੰਭੀਰ ਦੋਸ਼ਾਂ ਦਾ ਸਾਹਮਣਾ ਕਰ ਰਿਹਾ ਹੈ।

ਇਸ ਤੋਂ ਪਹਿਲਾਂ ਬੀਤੀ 31 ਜੁਲਾਈ ਨੂੰ 50 ਸਾਲਾ ਸੁਰਜੀਤ ਸਿੰਘ ਮੱਲ੍ਹੀ ਉੱਪਰ ਉਸ ਸਮੇਂ ਹਮਲਾ ਕੀਤਾ ਗਿਆ ਸੀ, ਜਦ ਉਹ ਰਿਪਬਲੀਕਨ ਕਾਂਗਰਸਮੈਨ ਜੈੱਫ ਡੈਨਹਮ ਦੇ ਪੋਸਟਰ ਚਿਪਕਾ ਰਿਹਾ ਸੀ। ਹਮਲਾਵਰ ਨੇ ਉਸ ਨੂੰ ਆਪਣੇ ਦੇਸ਼ ਵਾਪਸ ਜਾਣ ਲਈ ਕਿਹਾ ਤੇ ਉਸ ਦੇ ਟਰੱਕ 'ਤੇ ਨਫ਼ਰਤ ਭਰੇ ਨਿਸ਼ਾਨ ਵੀ ਛਾਪ ਦਿੱਤੇ। ਪਿਛਲੇ ਕੁਝ ਤਿੰਨ ਹਫ਼ਤਿਆਂ ਵਿਚ ਸਿਖਾਂ 'ਤੇ ਹਮਲੇ ਦੀ ਇਹ ਤੀਜੀ ਘਟਨਾ ਵਾਪਰਨ ਨਾਲ ਭਾਈਚਾਰੇ ਵਿੱਚ ਖਾਸਾ ਰੋਸ ਪਾਇਆ ਜਾ ਰਿਹਾ ਹੈ।

ਯਾਦ ਰਹੇ ਕਿ ਉਸਾਮਾ ਬਿਨ ਲਾਦੇਨ ਦੇ ਅਤਿਵਾਦੀਆਂ ਵੱਲੋਂ ਵਰਲਡ ਟਰੇਡ ਸੈਂਟਰ 'ਤੇ 9 ਸਤੰਬਰ 2001 ਨੂੰ ਕੀਤੇ ਹਮਲੇ ਤੋਂ ਬਾਅਦ ਹਾਲਾਤ, ਖ਼ਾਸ ਤੌਰ 'ਤੇ ਸਿਖਾਂ ਲਈ ਬਹੁਤ ਖਤਰਨਾਕ ਹੋ ਗਏ। ਪਗੜੀ ਅਤੇ ਦਾੜ੍ਹੀ ਕੇਸਾਂ ਕਾਰਨ ਉਨ੍ਹਾਂ ਨੂੰ ਅਰਬੀ ਸਮਝਿਆ ਜਾਣ ਲੱਗਾ। ਇਸ ਹਿੰਸਾ ਦਾ ਸਭ ਤੋਂ ਪਹਿਲਾ ਸ਼ਿਕਾਰ 52 ਸਾਲਾ ਪੈਟਰੌਲ ਪੰਪ ਮਾਲਕ ਬਲਬੀਰ ਸਿੰਘ ਸੋਢੀ ਬਣਿਆ। ਉਸ ਨੂੰ ਅਰਬੀ ਸਮਝ ਕੇ 42 ਸਾਲਾ ਨਸਲਵਾਦੀ ਗੋਰੇ ਫਰੈਂਕ ਸਿਲਵਾ ਨੇ 15 ਸਤੰਬਰ 2001 ਵਾਲੇ ਦਿਨ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ। ਗੁਰਦੁਆਰਿਆਂ 'ਤੇ ਵੀ ਹਮਲੇ ਜਾਰੀ ਹਨ। 6 ਅਗਸਤ 2012 ਨੂੰ ਅਮਰੀਕਾ ਦੇ ਸ਼ਹਿਰ ਓਕ ਕਰੀਕ ਵਿਖੇ ਗੁਰਦੁਆਰਾ ਸਾਹਿਬ ਅੰਦਰ ਇਕ ਗੋਰੇ ਨਸਲਵਾਦੀ ਮਾਈਕਲ ਪੇਜ ਨੇ ਮਸ਼ੀਨਗੰਨ ਨਾਲ ਛੇ ਸਿਖ ਸ਼ਰਧਾਲੂਆਂ ਨੂੰ ਕਤਲ ਕਰ ਦਿੱਤਾ ਸੀ ਅਤੇ 20 ਤੋਂ ਜ਼ਿਆਦਾ ਨੂੰ ਜ਼ਖ਼ਮੀ ਕਰ ਦਿੱਤਾ ਸੀ। ਇਹ ਹੁਣ ਤੱਕ ਅਮਰੀਕਾ ਵਿਚ ਸਿੱਖਾਂ 'ਤੇ ਇਹ ਸਭ ਤੋਂ ਭਿਆਨਕ ਅਤੇ ਵੱਡਾ ਨਸਲੀ ਹਮਲਾ ਸੀ। ਸਕੂਲਾਂ ਵਿਚ ਸਿਖ ਬੱਚਿਆਂ ਨੂੰ ਗੋਰੇ ਬੱਚਿਆਂ ਤੋਂ ਮਜ਼ਾਕ ਅਤੇ ਅਪਮਾਨ ਸਹਿਣਾ ਪੈਂਦਾ ਹੈ। ਆਮ ਗੋਰਿਆਂ ਨੂੰ ਐਨੀ ਸਮਝ ਨਹੀਂ ਕਿ ਸਿਖ ਅਤੇ ਅਰਬੀ ਅਲੱਗ ਅਲੱਗ ਹਨ। ਅਜਿਹੇ ਹਮਲੇ ਵਧਣ ਵਿੱਚ ਟਰੰਪ ਦੀਆਂ ਗ਼ਲਤ ਨੀਤੀਆਂ ਦਾ ਬਹੁਤ ਵੱਡਾ ਹੱਥ ਹੈ। ਅਮਰੀਕਾ ਦੀ ਨਸਲੀ ਹਮਲਿਆਂ 'ਤੇ ਨਿਗਾਹ ਰੱਖਣ ਵਾਲੀ ਇਕ ਸੰਸਥਾ ਸਾਊਦਰਨ ਪਾਵਰਟੀ ਲਾਅ ਸੈਂਟਰ ਨੇ ਰਿਪੋਰਟ ਦਿੱਤੀ ਹੈ ਕਿ ਟਰੰਪ ਦੇ ਰਾਸ਼ਟਰਪਤੀ ਬਣਨ ਤੋਂ ਬਾਅਦ ਨਸਲੀ ਹਮਲਿਆਂ ਵਿੱਚ 10 ਫ਼ੀਸਦੀ ਵਾਧਾ ਹੋਇਆ ਹੈ। ਅਮਰੀਕਾ ਵਿੱਚ ਪਹਿਲਾਂ ਨਸਲੀ ਝਗੜਿਆਂ-ਹਮਲਿਆਂ ਦੀ ਔਸਤ 7-8 ਰੋਜ਼ਾਨਾ ਸੀ ਜੋ ਹੁਣ 200 ਤਕ ਵਧ ਗਈ ਹੈ। ਹਾਲਾਂ ਕਿ ਸਿਖਾਂ ਪ੍ਰਤੀ ਵੱਧ ਰਹੇ ਨਸਲੀ ਹਮਲਿਆਂ ਨੂੰ ਗੰਭੀਰਤਾ ਨਾਲ ਲੈਂਦਿਆਂ ਅਮਰੀਕਾ ਪ੍ਰਸ਼ਾਸਨ ਨੇ ਐਫ਼.ਬੀ.ਆਈ. ਤੋਂ ਸਿਖਾਂ ਖਿਲਾਫ਼ ਨਸਲੀ ਹਮਲਿਆਂ ਦੀ ਜਾਂਚ ਕਰਵਾਉਣ ਦਾ ਫ਼ੈਸਲਾ ਕੀਤਾ ਸੀ ਅਤੇ ਇਸੇ ਦੌਰਾਨ ਸਿਖਾਂ ਨਾਲ ਨਸਲੀ ਵਿਤਕਰੇ ਰੋਕਣ ਲਈ ਕੈਲੀਫ਼ੋਰਨੀਆ ਦੇ ਗਵਰਨਰ ਨੇ ਇਕ ਬਿੱਲ ਵੀ ਪਾਸ ਕੀਤਾ ਸੀ ਪਰ ਇਸ ਦੇ ਬਾਵਜੂਦ ਨਸਲੀ ਹਮਲੇ ਜਾਰੀ ਹਨ। ਟਰੰਪ ਨੇ ਭਾਵੇਂ ਨਸਲਵਾਦੀ ਹਮਲਿਆਂ ਦੀ ਨਿਖੇਧੀ ਕੀਤੀ ਹੈ ਪਰ ਉਸ ਦੇ ਮੁਸਲਮਾਨਾਂ ਖ਼ਿਲਾਫ਼ ਬਿਆਨ ਦੇਣ ਨਾਲ ਨਸਲਵਾਦੀ ਗੋਰੇ ਗਰੋਹਾਂ ਦੇ ਹੌਂਸਲੇ ਵਧੇ ਹਨ। ਮੁਸਲਮਾਨਾਂ ਨੂੰ ਨਫ਼ਰਤ ਕਰਨ ਵਾਲੇ ਗਰੋਹਾਂ ਦੀ ਗਿਣਤੀ ਤਿੰਨ ਗੁਣਾ ਵਧ ਗਈ ਹੈ ਤੇ ਮੁਸਲਮਾਨਾਂ ਦੇ ਖ਼ਿਲਾਫ਼ ਹਮਲਿਆਂ ਵਿੱਚ ਵੀ 67 ਫ਼ੀਸਦੀ ਵਾਧਾ ਹੋਇਆ ਹੈ। ਉਹ ਹਰ ਭੂਰੀ ਰੰਗਤ ਅਤੇ ਪਗੜੀ ਵਾਲੇ ਆਦਮੀ ਨੂੰ ਅਰਬੀ ਅਤਿਵਾਦੀ ਸਮਝਣ ਲੱਗ ਪਏ ਹਨ। ਭਾਵੇਂ ਕਿ ਅਮਰੀਕਾ ਵਿਚ ਭਾਰਤ ਤੋਂ ਬਾਅਦ ਸਿਖਾਂ ਦੀ ਆਬਾਦੀ ਤੀਜੇ ਨੰਬਰ 'ਤੇ (ਪੰਜ ਲੱਖ) ਹੈ ਪਰ ਅਮਰੀਕਾ ਦੀ 'ਸਿਖ ਅਮਰੀਕਨ ਲੀਗਲ ਡਿਫ਼ੈਂਸ ਐਂਡ ਐਜੂਕੇਸ਼ਨ' (ਸੈਲਡਫ) ਸੰਸਥਾ ਅਤੇ 'ਸਟੈਨਫੋਰਡ ਯੂਨੀਵਰਸਿਟੀ' ਵਲੋਂ ਸਾਂਝੇ ਤੌਰ 'ਤੇ 'ਟਰਬਨ ਮਾਈਥਸ' ਨਾਂਅ ਦੇ ਕੀਤੇ ਗਏ ਅਧਿਐਨ ਵਿਚ ਇਹ ਗੱਲ ਉਭਰ ਕੇ ਆਈ ਸੀ ਕਿ ਬਹੁਤੇ ਅਮਰੀਕੀ ਲੋਕ ਸਿਖਾਂ ਨੂੰ ਅਲਕਾਇਦਾ ਦੇ ਮਾਰੇ ਗਏ ਮੁਖੀ ਓਸਾਮਾ ਬਿਨ ਲਾਦੇਨ ਨਾਲ ਜੋੜ ਕੇ ਦੇਖਦੇ ਹਨ। 49 ਫ਼ੀਸਦੀ ਅਮਰੀਕੀ ਲੋਕ ਸਿਖਾਂ ਨੂੰ ਮੁਸਲਮਾਨ ਧਰਮ ਦਾ ਹਿੱਸਾ ਸਮਝਦੇ ਹਨ ਜਦੋਂਕਿ 70 ਫ਼ੀਸਦੀ ਗੋਰੇ ਕਿਸੇ ਸਿਖ ਦੀ ਸਹੀ ਪਛਾਣ ਨਹੀਂ ਕਰ ਸਕਦੇ। ਇਕ ਹੋਰ ਸਰਵੇਖਣ ਅਨੁਸਾਰ ਅਮਰੀਕੀ ਸਕੂਲਾਂ ਵਿਚ ਪੜ੍ਹਨ ਵਾਲੇ 50 ਫ਼ੀਸਦੀ ਸਿੱਖ-ਅਮਰੀਕੀ ਬੱਚਿਆਂ ਅਤੇ 67 ਫ਼ੀਸਦੀ ਦਸਤਾਰ ਬੰਨ੍ਹਣ ਵਾਲੇ ਸਿੱਖ ਬੱਚਿਆਂ ਨੂੰ ਅਕਸਰ ਬੁਲਿੰਗ ਯਾਨੀ ਤਾਅਨੇਬਾਜ਼ੀ ਦਾ ਸ਼ਿਕਾਰ ਹੋਣਾ ਪੈਂਦਾ ਹੈ। ਕਈ ਮਾਮਲਿਆਂ ਵਿਚ ਤਾਂ ਉਨ੍ਹਾਂ ਨੂੰ ਆਪਣੀ ਪੂਰੀ ਪੜ੍ਹਾਈ ਦੌਰਾਨ ਇਸ ਤਰ੍ਹਾਂ ਦੇ ਮਾਹੌਲ ਦਾ ਸਾਹਮਣਾ ਕਰਨਾ ਪੈਂਦਾ ਹੈ, ਜਿਸ ਵਿਚ ਉਨ੍ਹਾਂ ਨੂੰ ਵੱਖਰੀ ਨਜ਼ਰ ਨਾਲ ਦੇਖਿਆ ਜਾਂਦਾ ਹੈ।

ਇਹ ਚੰਗੀ ਗੱਲ ਹੈ ਕਿ ਅਮਰੀਕੀ ਸਿਖਾਂ ਨੇ ਸਿਖ ਧਰਮ ਦੀ ਵਿਲੱਖਣ ਹੋਂਦ ਅਤੇ ਪਛਾਣ ਨੂੰ ਸਮਾਜ ਵਿਚ ਉਜਾਗਰ ਕਰਨ ਲਈ ਇਕ ਜਾਗਰੂਕਤਾ ਮੁਹਿੰਮ ਤਹਿਤ 80 ਹਜ਼ਾਰ ਡਾਲਰ ਦਾ ਬਜਟ ਰੱਖਿਆ ਸੀ। ਅਮਰੀਕੀ ਪ੍ਰਸ਼ਾਸਨ ਵਲੋਂ ਵੀ ਕਮਿਊਨਿਟੀ ਪੁਲਿਸਿੰਗ ਰਾਹੀਂ ਸਿਖਾਂ ਪ੍ਰਤੀ ਸਮਾਜ ਵਿਚ ਜਾਗ੍ਰਿਤੀ ਪੈਦਾ ਕਰਨ ਦੇ ਉਪਰਾਲੇ ਕੀਤੇ ਜਾ ਰਹੇ ਹਨ। ਮੰਨੀ-ਪ੍ਰਮੰਨੀ ਅਮਰੀਕੀ ਕੰਪਨੀ 'ਗੈਪ' ਨੇ ਸਿਖ ਡਿਜ਼ਾਈਨਰ ਅਤੇ ਐਕਟਰ ਵਾਰਿਸ ਆਹਲੂਵਾਲੀਆ ਨੂੰ ਆਪਣੇ ਮਾਡਲ ਦੇ ਤੌਰ 'ਤੇ ਵਰਤਿਆ ਸੀ ਪਰ ਨਿਊਯਾਰਕ ਵਿਚ ਕੁਝ ਥਾਵਾਂ 'ਤੇ ਉਸ ਦੇ ਪੋਸਟਰਾਂ ਨੂੰ ਵੀ ਕਾਲਖ ਮਲ ਕੇ ਨਸਲੀ ਨਫ਼ਰਤ ਦਾ ਪ੍ਰਗਟਾਵਾ ਕੀਤਾ ਗਿਆ ਸੀ। ਪੋਸਟਰਾਂ 'ਤੇ 'ਓਸਾਮਾ ਵਾਪਸ ਜਾਓ, ਅੱਤਵਾਦੀ ਵਾਪਸ ਜਾਓ' ਵਰਗੇ ਨਾਅਰੇ ਵੀ ਲਿਖੇ ਸਨ। ਇਸ ਤੋਂ ਬਾਅਦ ਵਾਰਿਸ ਆਹਲੂਵਾਲੀਆ ਨੇ ਇਕ ਵਿਲੱਖਣ ਮੁਹਿੰਮ ਜ਼ਰੀਏ ਟੀ.ਵੀ. 'ਤੇ ਮਸ਼ਹੂਰੀਆਂ ਰਾਹੀਂ ਅਮਰੀਕੀਆਂ ਨੂੰ ਸਿੱਖਾਂ ਦੇ ਧਰਮ ਅਤੇ ਰਹੁ-ਰੀਤਾਂ ਬਾਰੇ ਦੱਸਣ ਦਾ ਉਪਰਾਲਾ ਵੀ ਵਿੱਢਿਆ ਸੀ।

'ਨੈਸ਼ਨਲ ਸਿਖ ਕੰਪੇਨ' ਵਲੋਂ 'ਹਾਰਟ ਰਿਸਰਚ ਐਸੋਸੀਏਟਸ' ਕੋਲੋਂ ਕਰਵਾਏ ਇਕ ਹੋਰ ਸਰਵੇਖਣ ਅਨੁਸਾਰ ਦਸਤਾਰਧਾਰੀ ਇਕ ਸਿਖ ਨੂੰ ਸਿਰਫ਼ 11 ਫ਼ੀਸਦੀ ਅਮਰੀਕਨ ਹੀ ਸਹੀ ਰੂਪ ਵਿਚ ਪਛਾਣ ਸਕੇ ਹਨ। 20 ਫੀਸਦੀ ਅਮਰੀਕੀ ਗੋਰਿਆਂ ਨੇ ਦਸਤਾਰਧਾਰੀ ਸਿਖ ਨੂੰ ਮੁਸਲਮਾਨ, 13 ਫ਼ੀਸਦੀ ਨੇ ਹਿੰਦੂ ਅਤੇ 28 ਫ਼ੀਸਦੀ ਨੇ ਪੱਛਮੀ ਏਸ਼ੀਆਈ ਮੰਨਿਆ ਹੈ। ਅਮਰੀਕਾ ਦੀ 'ਨੈਸ਼ਨਲ ਸਿੱਖ ਕੰਪੇਨ' ਜਥੇਬੰਦੀ ਦੁਆਰਾ ਓਬਾਮਾ ਦੀ ਮੀਡੀਆ ਟੀਮ 'ਏ.ਕੇ.ਪੀ.ਡੀ.' 2015 ਦੌਰਾਨ ਕਰਵਾਏ ਇਕ ਸਰਵੇਖਣ ਵਿਚ ਸਿਖ ਧਰਮ ਸਬੰਧੀ ਪੰਜ ਤਰ੍ਹਾਂ ਦੇ ਇਸ਼ਤਿਹਾਰ ਬਣਾ ਕੇ 600 ਅਮਰੀਕਨਾਂ ਨੂੰ ਦਿਖਾਏ ਗਏ, ਪਰ ਸਿਰਫ਼ 10 ਫ਼ੀਸਦੀ ਅਮਰੀਕਨਾਂ ਨੇ ਹੀ ਸਿੱਖਾਂ ਨੂੰ ਮੁਸਲਮਾਨਾਂ ਤੋਂ ਵੱਖਰੇ ਧਰਮ ਵਜੋਂ ਪਛਾਣਿਆ। ਇਸ ਅਧਿਐਨ ਵਿਚ ਇਹ ਵੀ ਪਾਇਆ ਗਿਆ ਕਿ ਸਰਵੇਖਣ ਵਿਚ ਸ਼ਾਮਲ ਲੋਕਾਂ ਨੂੰ ਜਦੋਂ ਸਿੱਖ ਇਤਿਹਾਸ ਅਤੇ ਧਰਮ ਦੀ ਜਾਣਕਾਰੀ ਦਿੱਤੀ ਗਈ ਤਾਂ ਉਨ੍ਹਾਂ ਦੇ ਹਾਵ-ਭਾਵ ਸਿੱਖਾਂ ਪ੍ਰਤੀ ਉਦਾਸੀਨਤਾ ਤੋਂ ਬਦਲ ਕੇ ਗਰਮਜੋਸ਼ੀ ਵਾਲੇ ਹੋ ਗਏ। ਸਿਖ ਪੰਥ ਦੇ ਲਈ ਖੁਸ਼ੀ ਦੀ ਗਲ ਇਹ ਹੈ ਕਿ ਅਮਰੀਕਾ, ਕੈਨੇਡਾ ਅਤੇ ਇੰਗਲੈਂਡ ਵਰਗੇ ਦੇਸ਼ਾਂ ਵਿਚ ਸਿਖਾਂ ਨੇ ਰਾਜਨੀਤੀ ਤੋਂ ਲੈ ਕੇ ਸਿਵਲ ਸੇਵਾਵਾਂ ਤੱਕ ਅਹਿਮ ਰੁਤਬੇ ਹਾਸਲ ਕੀਤੇ ਹਨ ਪਰ ਇਸ ਦੇ ਬਾਵਜੂਦ ਸਿਖ ਅਜੇ ਤੱਕ ਗੋਰਿਆਂ ਵਿਚ ਸਿਖ ਧਰਮ ਦੀ ਵੱਖਰੀ ਹੋਂਦ ਤੋਂ ਜਾਣੂ ਨਹੀਂ ਕਰਵਾ ਸਕੇ।

ਨਸਲੀ ਹਮਲਿਆਂ ਦੇ ਕਈ ਕਾਰਨ ਹਨ ਜਿਵੇਂ ਨਜਾਇਜ਼ ਇੰਮੀਗਰੇਸ਼ਨ, ਧਾਰਮਿਕ ਵਖਰੇਵਾਂ, ਸਾਮਾਜਿਕ ਅਤੇ ਆਰਥਿਕ ਪਾੜਾ। ਪਰ ਹੁਣ ਆਰਥਿਕ ਕਾਰਨ ਸਭ ਤੋਂ ਵੱਡਾ ਮਸਲਾ ਬਣਦਾ ਜਾ ਰਿਹਾ ਹੈ। ਪਰਵਾਸੀ ਘੱਟ ਤਨਖ਼ਾਹ 'ਤੇ ਕੰਮ ਕਰਨ ਲਈ ਤਿਆਰ ਹੋ ਜਾਂਦੇ ਹਨ, ਇਸ ਲਈ ਅਮਰੀਕਨ ਪਰਵਾਸੀਆਂ ਨੂੰ ਬੇਰੁਜ਼ਗਾਰੀ ਦਾ ਸਭ ਤੋਂ ਵੱਡਾ ਕਾਰਨ ਸਮਝਦੇ ਹਨ। ਅਮਰੀਕਾ ਵਿਚ ਆਰਥਿਕ ਪਾੜਾ ਵਧਦਾ ਜਾ ਰਿਹਾ ਹੈ ਤੇ ਲੋਕ ਗਾਹੇ ਬਗਾਹੇ ਹੋਣ ਵਾਲੇ ਅਤਿਵਾਦੀ ਹਮਲਿਆਂ ਤੋਂ ਬੁਰੀ ਤਰ੍ਹਾਂ ਡਰੇ ਪਏ ਹਨ। ਲੋਕ ਆਪਣੀ ਸੁਰੱਖਿਆ ਸਬੰਧੀ ਮੁਸ਼ਕਲਾਂ ਦਾ ਕਾਰਨ ਅਰਬੀ ਅਤਿਵਾਦੀਆਂ ਨੂੰ ਸਮਝਣ ਲੱਗ ਪਏ ਹਨ। ਇਸੇ ਕਾਰਨ ਬੇਗੁਨਾਹ ਸਿਖਾਂ 'ਤੇ ਹਮਲੇ ਜਾਰੀ ਹਨ। ਸਿਖਾਂ ਵਾਸਤੇ ਰਾਹਤ ਦੀ ਗੱਲ ਹੈ ਕਿ ਆਮ ਅਮਰੀਕਨ ਉਨ੍ਹਾਂ ਨੂੰ ਬਹੁਤ ਮਿਹਨਤੀ ਅਤੇ ਸਰੀਫ਼ ਮੰਨਦੇ ਹਨ। 2013 ਵਿੱਚ ਅਮਰੀਕੀ ਸੈਨੇਟ ਨੇ ਇਹ ਕਾਨੂੰਨ ਪਾਸ ਕਰ ਦਿੱਤਾ ਹੈ ਕਿ ਸਿਖਾਂ, ਹਿੰਦੂਆਂ, ਬੋਧੀਆਂ ਅਤੇ ਅਰਬਾਂ 'ਤੇ ਹੋਣ ਵਾਲੇ ਹਮਲੇ ਨਸਲਵਾਦੀ ਹਿੰਸਾ ਗਿਣੇ ਜਾਣਗੇ। ਇਸ ਕਾਰਨ ਅਮਰੀਕਨ ਪੁਲੀਸ ਅਤੇ ਅਦਾਲਤਾਂ ਹੁਣ ਨਸਲਵਾਦੀ ਜ਼ੁਰਮਾਂ ਨਾਲ ਬਹੁਤ ਸਖ਼ਤੀ ਨਾਲ ਨਿਪਟ ਰਹੀਆਂ ਹਨ। ਟਰੰਪ ਦੀ ਚੋਣ ਤੋਂ ਬਾਅਦ ਨਿਊਯਾਰਕ ਵਿਚ ਹੋਣ ਵਾਲੇ ਅੱਧੇ ਨਸਲੀ ਹਮਲੇ ਯਹੂਦੀਆਂ ਦੇ ਖ਼ਿਲਾਫ਼ ਸਨ ਜਦੋਂਕਿ ਟਰੰਪ ਦਾ ਜਵਾਈ ਖ਼ੁਦ ਯਹੂਦੀ ਹੈ। ਸਿੱਖਾਂ ਨੂੰ ਚਾਹੀਦਾ ਹੈ ਕਿ ਉਹ ਵੱਧ ਤੋਂ ਵੱਧ ਪ੍ਰਚਾਰ ਕਰ ਕੇ ਆਪਣੀ ਵਿਲੱਖਣ ਪਛਾਣ ਆਮ ਅਮਰੀਕਨਾਂ ਨੂੰ ਦੱਸਣ ਕਿ ਉਹ ਅਰਬੀ ਨਹੀਂ, ਬਲਕਿ ਸ਼ਾਂਤੀ ਪਸੰਦ ਸਿਖ ਹਨ, ਜੋ ਨਾ ਹਿੰਦੂ ਹਨ, ਨਾ ਮੁਸਲਮਾਨ ਹਨ, ਉਹ ਮਨੁੱਖਤਾ ਨੂੰ ਪਿਆਰ ਕਰਨ ਵਾਲੇ ਲੋਕ ਹਨ। ਮੇਰੀ ਬੇਨਤੀ ਇਹ ਵੀ ਹੈ ਕਿ ਗੁਰਦੁਆਰਿਆਂ ਵਿਚ ਸਿੱਖਾਂ ਨੂੰ ਲੜਾਈਆਂ ਤੇ ਹਿੰਸਾ ਬੰਦ ਕਰਨੀ ਚਾਹੀਦੀ ਹੈ, ਇਸ ਨਾਲ ਸਾਡਾ ਅਕਸ ਵਧੀਆ ਨਹੀਂ ਜਾਂਦਾ। ਸਾਨੂੰ ਵਧ ਤੋਂ ਵਧ ਖਾਲਸਾ ਏਡ ਤੇ ਯੂਨਾਈਟਿਡ ਸਿਖ ਵਾਂਗ ਗੁਰੂ ਗਰੰਥ ਸਾਹਿਬ ਦੇ ਮਿਸ਼ਨ ਨੂੰ ਅਪਨਾ ਕੇ ਮਨੁੱਖਤਾ ਦੀ ਸੇਵਾ ਕਰਨੀ ਚਾਹੀਦੀ ਹੈ ਤੇ ਮਨੁੱਖਤਾ ਦੇ ਸੰਕਟ ਵਿਚ ਰੱਬ ਦੇ ਦੂਤ ਬਣ ਕੇ ਸਿਖਾਂ ਨੂੰ ਖਲੋਣਾ ਚਾਹੀਦਾ ਹੈ।

ਅੱਜ ਜਦੋਂ ਦੁਨੀਆ ਭਰ ਵਿਚ ਅਸਹਿਣਸ਼ੀਲਤਾ, ਨਸਲਵਾਦ, ਫ਼ਿਰਕਾਪ੍ਰਸਤੀ ਕਾਰਨ ਸੱਭਿਅਤਾਵਾਂ, ਧਰਮਾਂ ਦਾ ਟਕਰਾਅ ਚਲ ਰਿਹਾ ਹੈ ਤਾਂ ਸਿੱਖ ਪੰਥ ਨੂੰ ਇਸ ਸੰਬੰਧ ਵਿਚ ਗੁਰੂ ਗ੍ਰੰਥ ਸਾਹਿਬ ਦੀ ਵਿਚਾਰਧਾਰਾ ਨੂੰ ਆਪਣੇ ਅਮਲ ਰਾਹੀਂ ਪਸਾਰਨ ਦੀ ਲੋੜ ਹੈ ਤਾਂ ਜੋ ਵਿਸ਼ਵ ਵਿਚ ਗੁਰੂ ਨਾਨਕ ਸਾਹਿਬ ਦੇ ਸਰਬੱਤ ਦੇ ਭਲੇ ਦਾ ਸੁਨੇਹਾ ਤੇ ਅਮਨ ਸ਼ਾਂਤੀ ਦਾ ਸੁਨੇਹਾ ਦਿੱਤਾ ਜਾ ਸਕੇ। ਸਿਖ ਧਰਮ 'ਕਿਰਤ ਕਰੋ, ਵੰਡ ਛਕੋ, ਨਾਮ ਜਪੋ' ਦਾ ਅਹਿਮ ਸੁਨੇਹਾ ਦਿੰਦਾ ਹੈ, ਜਿਹੜਾ ਦੁਨੀਆ ਵਿਚ ਬਰਾਬਰਤਾ ਵਾਲਾ ਸਮਾਜ ਸਿਰਜਣ ਦਾ ਆਧਾਰ ਬੰਨ੍ਹਦਾ ਹੈ।

ਜਦੋਂ ਲੇਖਕ ਸੈਮੂਅਲ ਹਟਿੰਗਟਨ ਦੀ ਪੁਸਤਕ 'ਦੀ ਕਲੈਸ਼ ਆਫ ਸਿਵਲਾਈਜ਼ੇਸ਼ਨਜ਼' ਵਿਚਲੇ ਥੀਸਸ ਅਨੁਸਾਰ ਇਸਾਈਅਤ ਤੇ ਇਸਲਾਮ ਵਿਚਾਲੇ ਤੀਸਰੀ ਵਿਸ਼ਵ ਜੰਗ ਛਿੜਨ ਵਾਲੀ ਹੈ ਜਿਸ ਵਿਚ ਇਸਲਾਮ ਜਿਤੇਗਾ। ਇਸ ਮੁਤਾਬਿਕ ਇਸਲਾਮਕ ਸਭਿਅਤਾ ਸਭ ਤੋਂ ਵੱਧ ਹਮਲਾਵਰ ਹੈ, ਕਿਉਂਕਿ ਉਹ ਪੱਛਮੀ ਸਭਿਅਤਾ ਨੂੰ ਨਫ਼ਰਤ ਕਰਦੀ ਹੈ, ਇਸ ਲਈ ਟਾਕਰਾ ਉਸ ਨਾਲ ਹੀ ਹੋਏਗਾ। ਹਟਿੰਗਟਨ ਟਕਰਾਅ ਦਾ ਵੱਡਾ ਕਾਰਨ ਇਹ ਕਹਿੰਦਾ ਹੈ ਕਿ ਮੁਸਲਮਾਨਾਂ ਦੀ ਵਧ ਰਹੀ ਆਬਾਦੀ ਐਟਮ ਬੰਬ ਹੈ, ਉਹ ਛੇਤੀ ਹੀ ਇਸਾਈਆਂ ਨੂੰ ਆਬਾਦੀ ਦੇ ਲਿਹਾਜ਼ ਨਾਲ ਪਿੱਛੇ ਛਡ ਜਾਣਗੇ। ਸਾਡਾ ਮੰਨਣਾ ਹੈ ਜਦੋਂ ਤੀਸਰੇ ਸੰਭਾਵੀ ਵਿਸ਼ਵ ਯੁਧ ਦੌਰਾਨ ਕੱਟੜਤਾ ਫੈਲੇਗੀ ਤਾਂ ਖਾਲਸਾ ਪੰਥ ਸਰਬੱਤ ਦੇ ਭਲੇ, ਮਨੁੱਖੀ ਅਧਿਕਾਰਾਂ, ਸੇਵਾ, ਕਿਰਤ ਦੀ ਫਿਲਾਸਫੀ ਲੈ ਕੇ ਪ੍ਰਗਟ ਹੋਵੇਗਾ ਤੇ ਦੁਨੀਆਂ ਦਾ ਸਭ ਤੋਂ ਅਗਾਂਹ ਵਧੂ ਧਰਮ ਵਜੋਂ ਸਤਿਕਾਰਿਆ ਜਾਵੇਗਾ। ਖਾਲਸਾ ਪੰਥ ਨੂੰ ਆਪਣਾ ਕਿਰਦਾਰ ਗੁਰਬਾਣੀ ਦੇ ਅਸੂਲਾਂ ਮੁਤਾਬਕ ਇੰਜ ਹੀ ਰੱਖਣਾ ਪਵੇਗਾ, ਕਿਉਂਕਿ ਭਵਿੱਖ ਖਾਲਸਾ ਪੰਥ ਦਾ ਹੈ, ਜੋ ਗੁਰੂ ਗਰੰਥ ਸਾਹਿਬ ਦੀ ਵਿਚਾਰਧਾਰਾ 'ਤੇ ਪਹਿਰਾ ਦਿੰਦਿਆਂ ਸਰਬੱਤ ਦੇ ਭਲੇ ਦਾ ਸਭਿਆਚਾਰ ਪੂਰੇ ਵਿਸ਼ਵ ਵਿਚ ਫੈਲਾਏਗਾ।

FREMONT GURDWARA SAHIB

## GURDWARA SAHIB FREMONT SPORTS ACADEMY

## PROUDLY PRESENTS



**Basketball, soccer and volleyball training and recruitment for Sikh youth**

### Participants Age Group

**Group 1 - 8-12 years**

**Group 2 - 12-14 years**

**Group 3 - 14-17 years**






**Sports do not build character.**

**They reveal it.**

Registration start already from
**09/02/2108**
It's open for 4 weeks untill
**09/23/2018**





# GSF SPORTS ACADEMY

**Registration starts September 2nd, 2018**
**Registration Fees: $20**

**For more details contact:**

Kamaljit Singh Longia - 5102098652
Tejpal Singh - 5103868297
Kamaljit Singh - 5104914796
Kanwaljit Singh - 5105987345

# Valley Real Estate Center



Better Deal will be given from New Builders to Book New home in Mountain House, Tracy, Manteca and lathrop

For agriculture and almond Farm,office building, Farm House and for Truck Yard in Tracy, Manteca, Lathrop and Stockton

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ
ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ
ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ,
ਫਾਰਮ ਹਾਊਸ ਅਤੇ ਟਰੱਕ ਯਾਰਡ ਲਈ
ਵੀ ਵਧੀਆ ਸੇਵਾਵਾਂ ਹਾਸਲ ਕਰੋ।

## Listing



**New Home for Sale:**
1830 William Moss Stockton
3 Bed, 2 Bath 1250 square foot
**$299,900**



**Truck Yard for Sale:**
3779 S El Dorado Road Stockton, 3.70 Acres,
60 Truck trailer parking in Permitted Truck parking Zone
**$1,250,000**

Two Acres Truck Yard with small shop Available in Manteca asking for **$950,000**



Ranjit S Mangat
(Lic: 01922089)

**ਨਵੀਂ ਜਾਂ ਪੁਰਾਣੀ ਜਾਇਦਾਦ ਖਰੀਦਣ ਜਾਂ ਵੇਚਣ ਲਈ ਕਾਲ ਕਰੋ**

## Ranjit S Mangat

**Valley Real Estate Center (Office Lic.: 01392267)**
**68 E 11th Street Ste 109, Tracy, CA 95376**
**Office: 209-956-1000 Cell : 408-355-5700**
**gbsingh84@gmail.com**

ਵਿਚਿ ਦੁਨੀਆ ਸੇਵ ਕਮਾਈਐ, ਤਾਂ ਦਰਗਹ ਬੈਸਣੁ ਪਾਈਐ ॥

# ਗੁਰਦੁਆਰਾ ਸਾਹਿਬ ਸਟਾਕਟਨ
# ਵਿਖੇ ਲੈਥਰੋਪ ਸਿਟੀ ਸੰਗਤ ਵੱਲੋਂ



**ਆਰੰਭ ਸ੍ਰੀ ਅਖੰਡ ਪਾਠ ਸਾਹਿਬ 14 ਸਤੰਬਰ**
**ਦਿਨ ਸ਼ੁੱਕਰਵਾਰ ਸਵੇਰੇ 9:30 ਵਜੇ**
**ਭੋਗ ਸ੍ਰੀ ਅਖੰਡ ਪਾਠ ਸਾਹਿਬ 16 ਸਤੰਬਰ**
**ਦਿਨ ਐਤਵਾਰ ਸਵੇਰੇ 9: 30 ਵਜੇ**

੧ਓ ਸਤਿਗੁਰ ਪ੍ਰਸਾਦਿ ॥
ਨਾਨਕ ਨਾਮ ਚੜ੍ਹਦੀ ਕਲਾ, ਤੇਰੇ ਭਾਣੇ ਸਰਬੱਤ ਦਾ ਭਲਾ
ਗੁਰੂ ਪਿਆਰੀ ਸਾਧ ਸੰਗਤ ਜੀ,
ਆਪ ਜੀ ਨੂੰ ਸਨਿਮਰ ਬੇਨਤੀ ਹੈ ਕਿ ਲੈਥਰੋਪ ਸ਼ਹਿਰ ਦੀ ਸੰਗਤ ਵੱਲੋਂ ਮਨੁੱਖਤਾ ਦੇ ਭਲੇ ਵਾਸਤੇ ਸ੍ਰੀ ਅਖੰਡ ਪਾਠ ਸਾਹਿਬ ਹਰ ਸਾਲ ਕਰਵਾਏ ਜਾਂਦੇ ਹਨ। ਉਹ ਇਸ ਸਤੰਬਰ ਮਹੀਨੇ ਵਿਚ ਗਦਰੀ ਬਾਬਿਆਂ ਦੇ ਇਤਿਹਾਸਕ ਸਥਾਨ ਗੁਰੂ ਘਰ ਸਟਾਕਟਨ ਵਿਖੇ ਕਰਵਾਏ ਜਾ ਰਹੇ ਹਨ, ਆਪ ਜੀ ਨੂੰ ਬੇਨਤੀ ਹੈ ਕਿ ਪਰਿਵਾਰ ਸਮੇਤ ਦਰਸ਼ਨ ਦੇਣ ਦੀ ਕ੍ਰਿਪਾਲਤਾ ਕਰਨੀ ਜੀ।

**Sikh Temple Stockton, 1930**
**Sikh Temple St. Stockton, CA 95206**
ਆਰੰਭਤਾ ਸ੍ਰੀ ਅਖੰਡ ਪਾਠ ਸਾਹਿਬ 14 ਸਤੰਬਰ ਦਿਨ ਸ਼ੁੱਕਰਵਾਰ ਸਵੇਰੇ 9:30 ਵਜੇ
ਭੋਗ ਸ੍ਰੀ ਅਖੰਡ ਪਾਠ ਸਾਹਿਬ 16 ਸਤੰਬਰ ਦਿਨ ਐਤਵਾਰ ਸਵੇਰੇ 9:30 ਵਜੇ




## ਹੋਰ ਜਾਣਕਾਰੀ ਲਈ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰੋ

| ਦਲਜੀਤ ਸਿੰਘ ਗੁਰਾਇਆ | ਬਲਜਿੰਦਰ ਸਿੰਘ ਮੱਲ੍ਹੀ | ਪਰਮਪ੍ਰੀਤ ਸਿੰਘ ਨਿੱਝਰ ਵਾਈਸ ਖਜ਼ਾਨਚੀ | ਸਨੀ ਧਾਲੀਵਾਲ ਮੇਅਰ ਸਿਟੀ ਆਫ਼ ਲੈਥਰੋਪ | ਕਰਨੈਲ ਸਿੰਘ ਬਰਾੜ ਮੈਂਬਰ ਗੁਰੂਘਰ ਕਮੇਟੀ |
|---|---|---|---|---|
| 408-375-0152 | 209-331-3389 | 510-377-5320 | 209-670-4053 | 209-676-9188 |

**ਵਲੋਂ : ਰਣਜੀਤ ਸਿੰਘ ਮਾਂਗਟ, ਮੋਬਾਇਲ :408-355-5700**

# ਦੂਸਰਾ ਸਾਲਾਨਾ 'ਜੌਹਰ-ਏ-ਤੇਗ' ਗੱਤਕਾ ਮੁਕਾਬਲਾ ਯਾਦਗਾਰੀ ਹੋ ਨਿਬੜਿਆ




**ਫਰੀਮਾਂਟ/ਬਿਊਰੋ ਨਿਊਜ਼ :**
ਕੈਲੀਫੋਰਨੀਆ ਗੱਤਕਾ ਦਲ ਅਤੇ ਫਰੀਮਾਂਟ ਅਖਾੜੇ ਦੇ ਸੇਵਾਦਾਰ ਵਲੋਂ ਇਸ ਸਾਲ ਦਾ ਸਾਲਾਨਾ "ਜੌਹਰ-ਏ-ਤੇਗ" ਮੁਕਾਬਲਾ ਗੁਰਦੁਆਰਾ ਸਾਹਿਬ ਫਰੀਮਾਂਟ ਵਿਖੇ ਆਯੋਜਿਤ ਕੀਤਾ ਗਿਆ। ਇਸ ਵਿਚ 30 ਟੀਮਾਂ ਨੇ ਭਾਗ ਲਿਆ। ਕੈਲੀਫੋਰਨੀਆ ਵਿਚੋਂ ਯੂਬਾ ਸਿਟੀ ਤੋਂ ਲੈ ਕੇ ਰਿਵਰਸਾਈਡ ਤੱਕ ਸਾਰੇ ਰਾਜ ਵਿਚੋਂ ਹੀ ਟੀਮਾਂ ਆਈਆਂ ਤੇ ਇਕ ਟੀਮ ਨਿਊਜਰਸੀ ਤੋਂ ਆਈ ਜੋ ਕਿ ਇਸ ਸਾਲ ਦੇ ਮੁਕਾਬਲੇ ਵਿਚ ਜੇਤੂ ਟੀਮ ਰਹੀ। ਇਹ ਪ੍ਰੋਗਰਾਮ ਸਵੇਰੇ 9 ਵਜੇ ਤੋਂ ਲੈ ਕੇ ਰਾਤ 10 ਵਜੇ ਤੱਕ ਚੱਲਿਆ ਤੇ ਵਿਸ਼ੇਸ਼ ਗੱਲ ਇਹ ਸੀ ਕਿ ਰਾਤ ਦੇ 10 ਵਜੇ ਵੀ ਸੰਗਤ ਤੇ ਦੇਖਣ ਵਾਲਿਆਂ ਦੀ ਗਿਣਤੀ ਉਨੀ ਹੀ ਸੀ ਜਿੰਨੀ ਸਵੇਰ ਦੇ ਸਮੇਂ ਸੀ। ਖਾਣ-ਪੀਣ ਦੇ ਲੰਗਰ ਸਾਰਾ ਦਿਨ ਅਤੁੱਟ ਵਰਤੇ। ਭਾਈ ਰਣਜੀਤ ਸਿੰਘ ਨੇ ਸਾਰਾ ਦਿਨ ਕੁਮੈਂਟਰੀ ਕਰਕੇ ਜਿੱਥੇ ਮੁਕਾਬਲਿਆਂ ਦੀ ਜਾਣਕਾਰੀ ਨਾਲੋ ਨਾਲ ਦਿੱਤੀ, ਉਥੇ ਆਪਣੀਆਂ ਗੱਲਾਂ, ਕਵਿਤਾਵਾਂ ਨਾਲ ਸਭ ਦਾ ਦਿਲ ਪਰਚਾਈ ਰੱਖਿਆ।

"ਜੌਹਰ-ਏ- ਤੇਗ" ਦੇ ਉਚੇਚੇ ਸੱਦੇ ਤੇ ਤਖਤ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਦੇ ਮੁੱਖ ਕਥਾਵਾਚਕ ਗਿਆਨ ਜੰਗਬੀਰ ਸਿੰਘ ਜੀ ਤੇ ਆਸਟ੍ਰੇਲੀਆ ਤੋਂ ਗੱਤਕਾ ਅਖਾੜਾ ਖੁਰਮਨੀਆਂ ਦੇ ਉਸਤਾਦ ਇੰਦਰਜੀਤ ਸਿੰਘ ਜੀ ਵੀ ਪਹੁੰਚੇ।

ਕੈਲੀਫੋਰਨੀਆ ਗੱਤਕਾ ਦਲ ਅਤੇ ਮਿਸਲ ਫਰੀਮਾਂਟ ਦੇ ਪ੍ਰਬੰਧਕਾਂ ਵਲੋਂ ਇਸ ਪ੍ਰੋਗਰਾਮ ਵਿੱਚ ਹਾਜ਼ਰੀ ਭਰ ਕੇ ਸਫਲਤਾ ਬਖਸ਼ਣ ਵਾਲੇ ਸਭ ਹਾਜ਼ਰੀਨ ਦਾ ਤਹਿ ਦਿਲੋਂ ਧੰਨਵਾਦ ਕੀਤਾ ਗਿਆ। ਫਰੀਮਾਂਟ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਦਾ ਵੀ ਵਿਸ਼ੇਸ਼ ਧੰਨਵਾਦ ਕੀਤਾ ਗਿਆ, ਜਿਨ੍ਹਾਂ ਨੇ "ਜੌਹਰ-ਏ-ਤੇਗ" ਦੀ ਸਫ਼ਲਤਾ ਲਈ ਪੂਰਾ ਯੋਗਦਾਨ ਪਾਇਆ ਅਤੇ ਪ੍ਰੋਗਰਾਮ ਦੇ ਅਖ਼ੀਰ ਤੱਕ ਹਾਜ਼ਰ ਰਹੇ ਅਤੇ ਖਿਡਾਰੀਆਂ ਦੀ ਹੌਸਲਾ ਅਫ਼ਜਾਈ ਕੀਤੀ।

ਜੇਤੂ ਟੀਮਾਂ ਦਾ ਵੇਰਵਾ : ਭੁਝੰਗੀਆਂ ਦੀ 12-15 ਸਾਲ ਦੀ ਉਮਰ ਦੀਆਂ 6 ਟੀਮਾਂ ਵਿਚੋਂ ਗਦਰ ਫੌਜ ਦੀ ਟੀਮ ਜੇਤੂ ਰਹੀ। ਭੁਝੰਗਣਾਂ ਦੀਆਂ 4 ਟੀਮਾਂ ਵਿਚੋਂ ਮਿਸਲ ਫਰੀਮਾਂਟ ਸਿਰੋਹੀ ਟੀਮ ਜੇਤੂ ਰਹੀ। ਭੁਝੰਗੀਆਂ ਦੀ 15 ਸਾਲ ਤੋਂ ਉਪਰ ਵਾਲਿਆਂ ਦੀਆਂ 11 ਟੀਮਾਂ ਵਿਚੋਂ ਬਾਬਾ ਦੀਪ ਸਿੰਘ ਗੱਤਕਾ ਅਖਾੜਾ ਨਿਊਜਰਸੀ ਦੀ ਟੀਮ ਪਹਿਲੇ ਨੰਬਰ 'ਤੇ ਰਹੀ। ਫੌਜ ਬਾਬਾ ਬਿਨੋਦ ਸਿੰਘ ਜੀ ਦੂਜੇ ਨੰਬਰ 'ਤੇ ਅਤੇ ਟੀਮ ਅਕਾਲੀ ਬਾਬਾ ਨੈਣਾ ਸਿੰਘ ਜੀ ਤੀਜੇ ਨੰਬਰ 'ਤੇ ਰਹੀ। ਭੁਝੰਗਣਾਂ ਦੀ 15 ਸਾਲ ਤੋਂ ਉਪਰ ਉਮਰ ਵਾਲੀਆਂ ਟੀਮਾਂ,ਜਿਨਾਂ ਦੀ ਗਿਣਤੀ 9 ਸੀ, ਵਿਚੋਂ ਟੀਮ ਫੌਜ ਮਾਤਾ ਸਾਹਿਬ ਕੌਰ ਜੀ ਪਹਿਲੇ ਨੰਬਰ 'ਤੇ, ਰਿਵਰਸਾਈਡ ਜੁਝਾਰਨਾਂ ਦੂਜੇ ਨੰਬਰ 'ਤੇ ਅਤੇ ਯੂਬਾ ਸਿਟੀ ਬੱਬਰ ਟੀਮ ਤੀਜੇ ਨੰਬਰ 'ਤੇ ਰਹੀ।

ਗੁਰਬਾਣੀ
24 ਘੰਟੇ ਸੁਣਨ ਲਈ
Dial 832.551.5029 Ext. 4
www.GurbaniRadio.org
ਪੰਜਾਬੀ ਗਾਣੇ
24 ਘੰਟੇ ਸੁਣਨ ਲਈ
Dial 832.551.5029 Ext. 3
www.NonStopPunjabi.com
ਪੰਜਾਬੀ ਰੇਡੀਓ ਯੂਐਸਏ
Punjabi RADIO USA
Uniting Punjabi's All Over
www.PunjabiRadioUSA.com
408-272-5200
DIAL TO LISTEN:
US: 832-551-5029 | 605-475-6868 | 712-432-5838 (METRO PCS)
UK: +44 203-519-0455
GERMANY: +511 80-90-40-41
NEW PROGRAM: TODAY IN SIKH HISTORY | ਅੱਜ ਦਾ ਦਿਨ ਸਿੱਖ ਇਤਿਹਾਸ ਵਿੱਚ DAILY | ਰੋਜ਼ਾਨਾ 9AM | 12PM

KHALSA INSURANCE AGENCY, INC.
Khalsa Insurance Agency is among TOP 50 agencies
2014 ACE INDIVIDUAL
» GUARANTEED COVERAGE
» NO ANNUAL LIMITS, NO DENIAL FOR PRE-EXISTING CONDITIONS
» RATES NOT BASED ON HEALTH STATUS
» AFFORDABLE COVERAGE – PUBLIC OR PRIVATE
» REQUIRED FOR INDIVIDUALS
COVERED CALIFORNIA
OBAMACARE
COVERED CALIFORNIA
AFFORDABLE CARE ACT
California Health Benefit Exchange
Call Now for the Lowest Health Insurance Premiums available
Some Households qualify for FREE HEALTHCARE
408-272-2500
Please Contact Harjot S Khalsa (Certified Covered CA Agent) | License # 0803546 | 3750 McKee Rd. # A, San Jose, CA 95127 Tel. 408-272-2500 | coveredca@khalsainsurance.com

SINGH TRANSPORT INC
ਔਕਲੈਂਡ ਪੋਰਟ, ਲਾਸ ਏਂਜਲਸ ਪੋਰਟ ਅਤੇ ਲੌਂਗ ਬੀਚ ਪੋਰਟ 'ਤੇ ਕੰਮ ਕਰਨ ਲਈ ਏ ਕਲਾਸ ਡਰਾਈਵਰਾਂ ਅਤੇ ਓਨਰ ਆਪ੍ਰੇਟਰਾਂ ਦੀ ਲੋੜ ਹੈ।
STUDENT DRIVER WELCOM
ਅਸੀਂ ਲਾਇਸੰਸ ਲੈਣ ਲਈ ਤੁਹਾਡੇ ਸਕੂਲ ਦਾ ਖਰਚਾ ਵੀ ਦਿੰਦੇ ਹਾਂ।
ਫਰਿਜ਼ਨੋ ਵੈਲੀ ਏਰੀਏ ਵਿਚੋਂ ਡਰਾਈਵਰਾਂ ਦੀ ਸਖ਼ਤ ਲੋੜ
- ਡ੍ਰਾਈ ਵੈਨ ਡਰਾਈਵਰਾਂ ਦੀ ਲੋੜ
- ਵਰਕ ਪਰਮਿਟ ਹੋਲਡਰ ਨਵੇਂ ਡਰਾਈਵਰਾਂ ਦਾ ਸਵਾਗਤ
- ਨਵੇਂ ਲਾਇਸੰਸ ਡਰਾਈਵਰਾਂ ਦਾ ਸਵਾਗਤ
- ਟ੍ਰੇਨਿੰਗ ਉਪਲਬੱਧ
- Double Endorsement ਵਾਲੇ ਡਰਾਈਵਰਾਂ ਦੀ ਲੋੜ ਹੈ।
- LA ਤੋਂ Bay Area-Sacramento-LA ਵਾਸਤੇ Hook Drop ਲੋਡ ਚੁੱਕੋ।
- ਅਸੀਂ ਡਰਾਈਵਰਾਂ ਨੂੰ 55 Cent ਤੱਕ per mile ਦਿੰਦੇ ਹਾਂ।
- ਸੋਮਵਾਰ ਤੋਂ ਸ਼ੁੱਕਰਵਾਰ ਪੰਜ ਦਿਨ ਕੰਮ ਕਰ ਕੇ ਮਹੀਨੇ ਦਾ ਡਾਲਰ $6000 ਕਮਾਓ।
- ਕੰਮ ਕਰਨ ਲਈ ਵਧੀਆ ਅਤੇ ਆਰਾਮਦਾਇਕ ਮਾਹੌਲ।
- ਅਸੀਂ ਪੋਰਟ 'ਤੇ ਸਭ ਤੋਂ ਜ਼ਿਆਦਾ ਪੈਸੇ ਦਿੰਦੇ ਹਾਂ।
- ਅਸੀਂ ਬੋਨਸ ਵੀ ਦਿੰਦੇ ਹਾਂ।
- ਰੋਜ਼ਾਨਾ ਸ਼ਾਮ ਨੂੰ ਘਰ ਜਾਓ।
ਟਰੱਕ ਰਿਪੇਅਰ ਮਕੈਨਿਕ ਦੀ ਲੋੜ
ਸੰਪਰਕ:
ਸਤਨਾਮ ਸਿੰਘ ਖਹਿਰਾ (510) 543-3778, ਜਗਤਾਰ ਸਿੰਘ (510) 918-2439, (510) 943-9578

Serving Around the World Community Since 1994
We Specialize to Asia, Europe, Middle East, Africa, Australia & etc.
Special fares to :
SFO TO DEL
LAX TO DEL
SERVICE TRUST
SKYWAY TRAVEL
DOMESTIC and INTERNATIONAL
Special fares to Amritsar & Delhi
ਦੋ ਜਾਂ ਦੋ ਤੋਂ ਵੱਧ ਟਿਕਟਾਂ ਖਰੀਦਣ 'ਤੇ ਇਕ ਭਾਰ ਤੋਲਣ ਵਾਲੀ ਮਸ਼ੀਨ ਮੁਫ਼ਤ ਦਿੱਤੀ ਜਾਵੇਗੀ।
Cst No. : 2054876-40
Book on line 24/7 : www.skywaytkt.com
Or Call (818) 762-9236
15549 Devonshire St., Ste. 206 Mission Hills, CA 91345

ਫਰੀਦਾ ਉਮਰ ਸੁਹਾਵੜੀ ਸੰਗਿ ਸੁਵੰਨੜੀ ਦੇਹ ॥ ਵਿਰਲੇ ਕੇਈ ਪਾਈਅਨਿ ਜਿੰਨ੍ਹਾ ਪਿਆਰੇ ਨੇਹ ॥

# ਆਗਮਨ ਪੁਰਬ ਬਾਬਾ ਸ਼ੇਖ ਫਰੀਦ ਜੀ

## 21 ਤੋਂ 23 ਸਤੰਬਰ 2018 ਤੱਕ



ਬਾਬਾ ਸ਼ੇਖ ਫਰੀਦ ਉਦ-ਦੀਨ ਮਸੂਦ ਗੰਜ-ਏ-ਸ਼ੱਕਰ ਜੀ

ਗੁਰੂ ਪਿਆਰੀ ਸਾਧ ਸੰਗਤ ਜੀਓ,
ਆਪ ਸਭ ਨੂੰ ਇਹ ਜਾਣ ਕੇ ਬੜੀ ਖੁਸ਼ੀ ਹੋਵੇਗੀ ਕਿ ਫਰੀਦਕੋਟ ਅਤੇ ਆਸ ਪਾਸ ਦੇ ਇਲਕਾ ਨਿਵਾਸੀਆਂ ਦੇ ਸਹਿਯੋਗ ਨਾਲ ਹਰ ਸਾਲ ਦੀ ਤਰ੍ਹਾਂ **ਮਹਾਨ ਸੂਫ਼ੀ ਸੰਤ ਬਾਬਾ ਸ਼ੇਖ ਫਰੀਦ ਜੀ** ਦਾ ਆਗਮਨ ਪੁਰਬ ਹਰ ਸਾਲ ਦੀ ਤਰ੍ਹਾਂ **ਗੁਰਦੁਆਰਾ ਸਾਹਿਬ ਫਰੀਮਾਂਟ, 300 ਗੁਰਦੁਆਰਾ ਰੋਡ, ਫਰੀਮਾਂਟ (ਕੈਲੀਫੋਰਨੀਆ) 94536, ਫੋਨ (510) 790-0177** ਵਿਖੇ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ।

## ਪ੍ਰੋਗਰਾਮ ਦਾ ਵੇਰਵਾ

**ਆਰੰਭ ਸ੍ਰੀ ਆਖੰਡ ਪਾਠ ਸਾਹਿਬ** : 21 ਸਤੰਬਰ 2018 ਦਿਨ ਸ਼ੁੱਕਰਵਾਰ, ਸਵੇਰੇ 10:00 ਵਜੇ
**ਭੋਗ ਸ੍ਰੀ ਆਖੰਡ ਪਾਠ ਸਾਹਿਬ** : 23 ਸਤੰਬਰ 2018 ਦਿਨ ਐਤਵਾਰ, ਸਵੇਰੇ 10.00 ਵਜੇ
ਉਪਰੰਤ ਪੰਥ ਪ੍ਰਸਿਧ ਰਾਗੀ ਜਥਿਆਂ ਵਲੋਂ ਕੀਰਤਨ ਅਤੇ ਬਾਬਾ ਫਰੀਦ ਜੀ ਦੇ ਜੀਵਨ ਅਤੇ ਮਿਸ਼ਨ ਬਾਰੇ ਦੱਸਿਆ ਜਾਵੇਗਾ।

*ਸਮੂਹ ਸਾਧ ਸੰਗਤ ਦੇ ਚਰਨਾਂ ਵਿਚ ਸਨਿਮਰ ਬੇਨਤੀ ਹੈ ਕਿ ਇਸ ਮਹਾਨ ਸਮਾਗਮ ਵਿਚ ਪਰਿਵਾਰ ਸਮੇਤ ਪਹੁੰਚ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।*

**ਵਧੇਰੇ ਜਾਣਕਾਰੀ ਲੈਣ ਲਈ ਸੰਪਰਕ ਕਰੋ :** ਡਾ. ਹਰਮਿੰਦਰ ਸਿੰਘ ਗਿੱਲ ਬਰਗਾੜੀ 408-368-2143, ਸਤਪਾਲ ਸਿੰਘ ਢਿੱਲਵਾਂ ਕਲਾਂ 510-952-6702 ਤਰਸੇਮ ਭਲਵਾਨ ਫਰੀਦਕੋਟ 510-258-9266, ਜਸਵੀਰ ਸਿੰਘ ਫਰੀਦਕੋਟ 510-303-8789 ਅਤੇ ਕਮਲ ਸਿੱਧੂ ਦੌਧਰ 510-717-9555

**ਵਲੋਂ : ਫਰੀਦਕੋਟ ਇਲਾਕਾ ਨਿਵਾਸੀ ਅਤੇ ਸਮੂਹ ਸਾਧ ਸੰਗਤ**

ਵੈਬਸਾਈਟ www.babafarid.net

ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ ॥

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ



## ਪਹਿਲਾ ਪ੍ਰਕਾਸ਼ ਅਤੇ ਸਿੱਖ ਪੰਥ ਦੇ ਪਹਿਲੇ ਗ੍ਰੰਥੀ

# ਬਾਬਾ ਬੁੱਢਾ ਜੀ

## ਦੇ ਜਨਮ ਦਿਹਾੜੇ ਨੂੰ ਸਮਰਪਿਤ ਸਮਾਗਮ



ਗੁਰਦੁਆਰਾ ਸਾਹਿਬ ਖਾਲਸਾ ਕੇਅਰ ਫਾਊਡੇਸ਼ਨ ਵਿਖੇ

**AT GURUDWARA SAHIB KHALSA CARE FOUNDATION**
**9989, Laurel Canyon Blvd, Pacoima, CA 91331**

**September 16 ( Sunday ) & September 23 ( Sunday )**
**Time : 10:00 am to 1:00 pm**
**September 17 ( Monday ) to September 22 ( Saturday )**
**Time : 6:30 pm to 8:30 pm**



Bhai Harjinder Singh Ji (Sri Nagar Wale)



Bhai Sahib Singh Ji (Canada Wale)



Bhai Varinder Singh Ji

## BHAI KANHIAIYA JEE LANGAR SEWA DAL

FOR MORE INFORMATION PLEASE CONTACT:
BALDEV SINGH (818) 468-9898, BALWINDER SINGH (818) 404-0811, MAKHAN SINGH (681) 225 - 7157, PARAMJIT SINGH (626) 354-6653


Chicago's Pizza
With a twist
FOR SALE
Great business opportunity available in the Livermore area.
Many varieties of Indian fusion pizza as well as pasta, wings, salads, etc.
Business has been profitable for the sellers.
Situated in a great location, off of 580.
ਲਿਵਰਮੋਰ ਸ਼ਹਿਰ ਵਿੱਚ ਸ਼ਿਕਾਗੋ ਪੀਜ਼ਾ ਸਟੋਰ ਵਿਕਾਊ ਹੈ।
Bhupinder Singh Dev
realtor92@yahoo.com
BRE# 01130627
510-459-7537
RE/MAX Active Realty
ਹੋਰ ਜਾਣਕਾਰੀ ਲਈ ਸੰਪਰਕ ਕਰੋ
ਸ. ਭੁਪਿੰਦਰ ਸਿੰਘ: 510-459-7537


ਅਮਰੀਕਾ ਵਿਚ ਇੰਡੀਅਨ ਗਰੋਸਰੀ ਦੇ ਨੰਬਰ ਵਨ
ਹੋਲਸੇਲਰ 1
MDH
SHAH
ASHOKA
ਅਸੀਂ ਇੰਡੀਅਨ ਸਟੋਰਸ, ਰੈਸਟੋਰੈਂਟਸ, ਹੋਟਲ ਅਤੇ ਕੇਟਰਿੰਗ ਨੂੰ ਇੰਡੀਅਨ ਗਰੋਸਰੀ, ਬਰਤਨ, ਦਾਲਾਂ, ਰਾਈਸ, ਸਪਾਈਸਿਜ਼ ਅਤੇ ਔਰਗੈਨਿਕ ਫੂਡ ਸਪਲਾਈ ਕਰਦੇ ਹਾਂ
Kulwant Singh (Shah)
Punjab Trading Inc
4710 B ST NW #103 Auburn, WA 98001
Phone:206-778-1823
shahbrands@gmail.com


Nargis Fakhri Rajkummar Rao
with Academy Award® Nominee Candy Clark and Golden Globe Nominee Bo Derek
5 WEDDINGS
A FILM BY NAMRATA SINGH GUJRAL
The Only Journey is the One Within
IN THEATERS SEPTEMBER 21ST


ਖ਼ੁਸ਼ਖ਼ਬਰੀ ਖ਼ੁਸ਼ਖ਼ਬਰੀ ਖ਼ੁਸ਼ਖ਼ਬਰੀ ਖ਼ੁਸ਼ਖ਼ਬਰੀ
ਪੰਜਾਬੀ ਢਾਬਾ
Now Open
Indiana
1480 N State Road 1, Cambridge City, IN 47327.
70
Exit 137
Diesel/Gas
ਟਰੱਕਾਂ ਵਾਲੇ ਭਰਾਵਾਂ ਲਈ ਖੁੱਲ੍ਹ ਗਿਆ
ਇਥੇ ਮੰਜਿਆਂ ਉਪਰ ਬੈਠਕੇ ਖਾਓ-ਪੀਓ ਅਤੇ ਨਾਲ ਲੈ ਕੇ ਜਾਵੋ...
ਸਵਾਦ ਅਤੇ ਮਾਹੌਲ, ਜਿਵੇਂ ਆਪਣਾ ਪੰਜਾਬ ਤੇ ਘਰ ਦੀ...
ਸਹੂਲਤਾਂ
ਕੀਮਤਾਂ ਬਹੁਤ ਹੀ ਵਾਜਬ !
ਪੰਜਾਬੀ ਢਾਬਾ
ਸਸਤਾ ਡੀਜ਼ਲ
Liquor, Beer & Wine
truck repair, new showers, scale.
Free Buffet over 100 gallons
open 6am to midnight
Phone: 765-478-6300


UNITED SPORTS CLUB CALIFORNIA, AMERICA
14TH WORLD KABADDI CUP
16 SEPTEMBER 2018, SUNDAY
(09:00am - 06pm)
(James Logan High School
1800 H Street, Union City, California 94587)
Amolak Singh Gakhal
Chief Patron, United Sports Club
Chief Guest
Sant Sewa Singh Ji
Khadoor Sahib Wale
ਤੀਰਥ ਗਾਖਲ
ਰੰਗ ਕਬੱਡੀ ਦੇ
Makhan Singh Bains Chairman
Iqbal Singh Gakhal Vice Chairman
Balvir Singh Bhatia President
Palwinder Singh Gakhal Director
Jugraj Singh Sahota Vice President
S. Ashok Bhaura Gen. Sec & Media Incharge
Pinki Atwal Director
Sadhu Singh Khlaur Advisor
Narinder Singh Sahota Treasurer
Makhan Singh Dhaliwal Director
Balwinder Padda Director
Natha Singh Gakhal Advisor
Debi Sohal Sidhwan Dona Director
Inderjit Thind
Bakhtawar Singh Gakhal Director
Gurpreet Singh Gakhal Director
Honor With Gold Medals
Major Gakhal
Kindu Ramidi
Lakha Gazipuria
Opening
Surjit Singh Tutt
Mike Boparai
Jaspreet Singh Attorney
Major Singh Bains
Hardaman Singh (Billa Sanghera)
Sponsor of 1st Prize
DIAMOND TRANSPORTATION
Gulwinder Gakhal, Pinki Atwal & Neki Atwal of Diamond Trucking
Sponsor of 2nd Prize
Jugraj Singh Sahota & Narinder Singh Sahota of Sahota Family
(Dedicated to Sweet Memory of Late. Kashmir Singh Sahota)
Sponsor of Under-25 First Prize
Sponsored byTakhar fainly in memory of late santokh s Takhar Apna punjab& Northern California club
Guest Of Honor
Jagir Singh Sabzi Mandi
Jaswant Dass Gill
Mani Grewal
Tarlochan S Lasher (Team Owner)
Shaba Thiara (Team Owner)
Baljit S sandhu (Team Owner)
Vicky Sammipuria (Team Owner)
Tari (Team Owner)
Pamna Deol (Team Owner)
Sewa Singh Randhawa (Team Owner)
Kulwant Singh Nijjar
Kulwant Singh Khaira
Randhir Singh Nijjar
Balwinder S Virk
Rana Dhillon
Sewa S Sidhu
Amarjit Samra
Sarabjit Deol
Dr. Baljinder Singh Grewal
Balwinder walia
Jaswant singh Hothi
Gurdip Singh Gakhal
Nirmal Singh Sahota
StarKabaddi Players who will participate in World Kabaddi Cup
Mangi Bagga Pind
Pala Jalalpur
Sandip Ludhar
Sukha Bhandal
Dulla Bagga Pind
Khushi Duggan
Pehlwan Kahlwan
Kamal Nawan Pind
Yaad Kotli
Rubi Harkhowal
Jatro
Arsh Chohla
Arshi Preetam
Yadha Surkhpur
Channa Bhetan
Lakha Cheema
Pali Chhanna
Gurlal Ghanaur
Sultan
Sandeep Surkhpur
Deesha Aalowal
Gagan Jogewal
Bana Dhaliwal
Sattu Khadoor Sahib
Hasoos
Sandeep Nangal Ambian
Taja Kala Sanghian
Gurpreet Burj Hari
Johny Gill
Daljit Saunspur
Sethi Harkhowal
Jagga Randhawa
Navi Johal
Kabaddi Clubs will participate
1. Sher-E-Punjab Sports Club, Loss Bennis (Lachhar Bro)
2. Royal Kings U.S.A (Shabba Thiara)
3. Mid West Kabaddi team (Viky Samipuria & Tari)
4. Bay Area Sports Club (Baljit Sandhu)
5. Canada Kabaddi Team (Pamma Deol & Sewa Singh Randhawa)
Under-25 Teams
1. United Sports Club
2. Yuba Brothers
3 Khalsa Sports Club, Yuba City
4. Shaheed Baba Deep Singh Sports Club, SA
With Support of United Sports Club, Raja Sweets, Gurdwara Fremont, San Jose, Stockton and Singh Sabha Milpitas will served tea Pakoura and Guru Ke Langar
Media In charge World Kabaddi Cup
S. Ashok Bhaura
Phone: 510 415 3315, Email: ashokbhaura@gmail.com
COMENTATORS
* Asha Sharma *Iqbal Galib
* Makhan Ali *Surjit Kakrari
All Kabaddi Lovers openly Inivited
Spectators have to reach at James Logan High School, International Law of Kabaddi will apply., United Sports Club has reserve the right for last decisions









## FUEL CARD

Our Over The Road (OTR) Fuel Card replaces cash and credit cards for fuel and maintenance - with low transaction fees - at over 6,600 truck stops across the country. We offer line of credit - $10,000 to $100,000.

## FACTORING

Fleet One introduces aggressive factoring program for Trans-Alliance members. We can beat any price to get your piece of business.

**ਪੰਜਾਬੀ ਵਿਚ ਜਾਣਕਾਰੀ ਲਈ 1.855.641.6955**

888.795.7035
sales@trans-alliance.com
www.trans-alliance.com

PETRO Stopping Centers
TA TravelCenters of America
Love's Travel Stops & Country Stores

# ਪੰਜਾਬ ਯੂਨੀਵਰਸਿਟੀ ਵਿਦਿਆਰਥੀ ਚੋਣਾਂ 'ਚ ਐਸਐਫਐਸ ਦੀ ਕਨੂਪ੍ਰਿਆ ਬਣੀ ਪ੍ਰਧਾਨ

## *ਬੀਜੇਪੀ ਤੇ ਆਰਐਸਐਸ ਪੱਖੀ ਏਬੀਵੀਪੀ ਦਾ ਸਫਾਇਆ*

**ਚੰਡੀਗੜ੍ਹ/ਬਿਊਰੋ ਨਿਊਜ਼ :** ਪੰਜਾਬ ਯੂਨੀਵਰਸਿਟੀ ਵਿਚ ਵਿਦਿਆਰਥੀ ਚੋਣਾਂ 'ਚ ਆਏ ਨਤੀਜਿਆਂ ਨੇ ਇਸ ਵਾਰ ਇਤਿਹਾਸ ਰਚਿਆ ਹੈ। ਜਿਥੇ ਇਕ ਪਾਸੇ ਪਹਿਲੀ ਮਹਿਲਾ ਪ੍ਰਧਾਨ ਕਨੂਪ੍ਰਿਆ ਬਣੀ ਹੈ, ਉਥੇ ਅਗਾਂਹਵਧੂ ਵਿਚਾਰਾਂ ਵਾਲੀ ਨਵੀਂ ਪਾਰਟੀ ਸਟੂਡੈਂਟ ਫਾਰ ਸੋਸਾਇਟੀ (ਐਸਐਫਐਸ) ਦਾ ਨਾਮ ਵੀ ਚਮਕਿਆ ਹੈ। ਕਨੂਪ੍ਰਿਆ ਦਾ ਕਹਿਣਾ ਹੈ ਕਿ ਹੋਰ ਯੂਨੀਵਰਸਿਟੀਆਂ ਵਿਚ ਆਰਐਸਐਸ ਅਤੇ ਬੀਜੇਪੀ ਦਾ ਰਾਜ ਹੋ ਸਕਦਾ ਹੈ ਪਰ ਪੰਜਾਬ ਯੂਨੀਵਰਸਿਟੀ ਵਿਚ ਅਜਿਹਾ ਨਹੀਂ ਹੈ। ਇਹਨਾਂ ਚੋਣ ਨਤੀਜਿਆਂ ਨੇ ਸਾਫ ਕਰ ਦਿੱਤਾ ਹੈ ਕਿ ਚੋਣਾਂ ਬਿਨਾ ਬਹੁਤੇ ਪੈਸੇ ਤੇ ਬਾਹੂਬਲ ਦੇ ਵੀ ਜਿੱਤੀਆਂ ਜਾ ਸਕਦੀਆਂ ਹਨ। ਪਹਿਲੀ ਮਹਿਲਾ ਪ੍ਰਧਾਨ ਚੁਣੀ ਗਈ ਐਸਐਫਐਸ ਦੀ ਪ੍ਰਤੀਨਿਧ ਕਨੂਪ੍ਰਿਆ ਜੀਆਓਲੌਜੀ ਦੀ ਵਿਦਿਆਰਥਣ ਹੈ। ਪਿਛਲੇ ਤਿੰਨ ਕੁ ਸਾਲਾਂ ਤੋਂ ਐਸਐਫਐਸ ਪੀਯੂ ਚੋਣਾਂ ਅਤੇ ਕਿਸੇ ਵੀ ਵਿਦਿਆਰਥੀ ਸੰਘਰਸ਼ ਦੌਰਾਨ ਕਾਫੀ ਜ਼ਿਆਦਾ ਪ੍ਰਭਾਵਸ਼ਾਲੀ ਰੋਲ ਅਦਾ ਕਰਦੀ ਆ ਰਹੀ ਸੀ। ਪਿਛਲੀਆਂ ਦੋ ਚੋਣਾਂ ਦੌਰਾਨ



ਤਾਂ ਪਾਰਟੀ ਦੇ ਪ੍ਰਤੀਨਿਧਾਂ ਨੂੰ ਕਾਫੀ ਵੋਟਾਂ ਮਿਲਦੀਆਂ ਰਹੀਆਂ ਹਨ। ਇਸ ਵਾਰ ਕਨੂਪ੍ਰਿਆ ਨੇ ੨੮੦੨ ਵੋਟਾਂ ਹਾਸਲ ਕੀਤੀਆਂ ਜਦਕਿ ਦੂਜੇ ਨੰਬਰ 'ਤੇ ਰਹੇ ਅਸ਼ੀਸ ਰਾਣਾ ਨੂੰ ੨੦੮੩ ਵੋਟ ਹੀ ਮਿਲੇ। ਅਸ਼ੀਸ ਰਾਣਾ ਅਖਿਲ ਭਾਰਤੀ ਵਿਦਿਆਰਥੀ ਪਰੀਸ਼ਦ (ਏਬੀਵੀਪੀ) ਵੱਲੋਂ ਚੋਣ ਲੜ ਰਿਹਾ ਸੀ ਜੋ ਬੀਜੇਪੀ ਨੂੰ ਸਮਰਥਨ ਦਿੰਦੇ ਹਨ। ਇਸੇ ਤਰ੍ਹਾਂ ਹੀ ਸਟੂਡੈਂਟ ਔਰਗੇਨਾਈਜੇਸ਼ਨ ਆਫ ਇੰਡੀਆ (ਸੋਈ) ਪਾਰਟੀ ਜੋ ਕੇ ਅਕਾਲੀ ਦਲ ਸਮਰਥਕ ਹੈ, ਵੱਲੋਂ ਪ੍ਰਧਾਨਗੀ ਲਈ ਖੜ੍ਹੇ ਇਕਬਾਲ ਸਿੰਘ ਨੂੰ ਤੀਜਾ ਸਥਾਨ ਮਿਲਿਆ। ਕਾਂਗਰਸ ਪਾਰਟੀ ਨੂੰ ਸਮਰਥਨ ਦੇਣ ਵਾਲੀ ਨੈਸ਼ਨਲ ਸਟੂਡੈਂਟ ਯੂਨੀਅਨ ਆਫ ਇੰਡੀਆ (ਐਨਐਸਯੂਆਈ) ਨੂੰ ਇਸ ਵਾਰ ਮੂੰਹ ਦੀ ਖਾਣੀ ਪਈ ਅਤੇ ਪਾਰਟੀ ਵੱਲੋ ਖੜ੍ਹੇ ਅਨੁਜ ਸਿੰਘ ਨੂੰ ਸਿਰਫ ੧੫੯੩ ਵੋਟ ਹੀ ਮਿਲੇ। ਪਿਛਲੇ ਸਾਲ ਐਨਐਸਯੂਆਈ ਦਾ ਪ੍ਰਧਾਨ ਚੁਣਿਆ ਗਿਆ ਸੀ ਅਤੇ ਹੇਠਲੇ ਦੋ ਪਦ ਵੀ ਪਾਰਟੀ ਦੇ ਨਾਮ ਰਹੇ ਸਨ। ਜਿੱਤ ਹਾਸਲ ਕਰਨ ਤੋਂ ਬਾਅਦ ਕਨੂਪ੍ਰਿਆ ਨੇ ਕਿਹਾ ਕਿ ਯੂਨੀਵਰਸਿਟੀ ਨੂੰ ਗੇੜੀ ਰੂਟ ਨਹੀ ਬਣਨ ਦਿੱਤਾ ਜਾਵੇਗਾ। ਕਨੂਪ੍ਰਿਆ ਨੇ ਯੂਨੀਵਰਸਿਟੀ ਦੇ ਵੀਸੀ ਨੂੰ ਵੀ ਵਿਦਿਆਰਥੀ ਕੌਂਸਲ ਦੇ ਕੰਮ ਵਿਚ ਦਖਲ ਨਾ ਦੇਣ ਦੀ ਬੇਨਤੀ ਕੀਤੀ ਹੈ। ਕਨੂਪ੍ਰਿਆ ਨੇ ਲੜਕੀਆਂ ਦੀ ਆਜ਼ਾਦੀ ਨੂੰ ਮਹੱਤਵਪੂਰਨ ਦੱਸਦਿਆਂ ਕਿਹਾ ਕਿ ਉਨ੍ਹਾਂ ਦੇ ਹੋਸਟਲਾਂ ਨੂੰ ਮੁੰਡਿਆਂ ਵਾਂਗ ਹੀ ਦਿਨ ਰਾਤ ਖੁੱਲ੍ਹਾ ਰੱਖਣ ਲਈ ਵੀ ਕੌਂਸਲ ਕਦਮ ਚੁੱਕੇਗੀ। ਕਨੂਪ੍ਰਿਆ ਨੇ ਇਹ ਵੀ ਐਲਾਨ ਕੀਤਾ ਕਿ ਯੂਨੀਵਰਸਿਟੀ ਵਿਚ ਹੋਣ ਵਾਲੇ ਵਿਦਿਆਰਥੀਆਂ ਦੇ ਪ੍ਰੋਗਰਾਮਾਂ ਵਿਚ ਵੀ ਅਜਿਹੇ ਗਾਇਕਾਂ ਨੂੰ ਸ਼ਾਮਲ ਨਹੀ ਹੋਣ ਦਿੱਤਾ ਜਾਵੇਗਾ ਜੋ ਆਪਣੇ ਗੀਤਾਂ ਵਿਚ ਲੜਕੀਆਂ ਨੂੰ ਬਦਨਾਮ ਕਰਦੇ ਹਨ। ਉਸ ਨੇ ਯੂਨੀਵਰਸਿਟੀ ਦੀਆਂ ਫੀਸਾਂ ਵਿਚ ਵਾਧਾ ਨਹੀਂ ਹੋਣ ਨੂੰ ਯਕੀਨੀ ਬਣਾਉਣ ਦੇ ਕਦਮ ਚੁੱਕਣ ਦਾ ਭਰੋਸਾ ਦਿੱਤਾ।

# ਆਸਟਰੇਲੀਅਨ ਏਅਰ ਫੋਰਸ ਵਿਚ ਚੁਣੀ ਗਈ ਪੰਜਾਬ ਦੀ ਧੀ ਗੁਰਵਿੰਦਰ ਕੌਰ

**ਐਡੀਲੇਡ/ਬਿਊਰੋ ਨਿਊਜ਼ :** ਪੰਜਾਬੀਆਂ ਨੇ ਸੱਤ ਸਮੁੰਦਰੋਂ ਪਾਰ ਜਾ ਕੇ ਵੀ ਦੇਸ਼ ਤੇ ਕੌਮ ਦਾ ਨਾਮ ਚਮਕਾਉਣ ਵਿਚ ਕੋਈ ਕਸਰ ਬਾਕੀ ਨਹੀਂ ਛੱਡੀ ਜਾ ਰਹੀ । ਅਜਿਹਾ ਹੀ ਇਕ ਹੋਰ ਕਾਰਨਾਮਾ ਪੰਜਾਬ ਦੀ ਧੀ ਗੁਰਵਿੰਦਰ ਕੌਰ ਨੇ ਅੰਜ਼ਾਮ ਦਿੱਤਾ ਹੈ। ਪੰਜਾਬ ਦੇ ਜ਼ਿਲ੍ਹਾ ਫਰੀਦਕੋਟ ਨਾਲ ਸਬੰਧਤ ਗੁਰਵਿੰਦਰ ਕੌਰ 'ਰਾਇਲ ਆਸਟਰੇਲੀਅਨ ਏਅਰ ਫੋਰਸ' ਲਈ ਚੁਣੀ ਗਈ ਹੈ। ਉਸ ਨੂੰ 'ਏਅਰ ਫੋਰਸ ਬੇਸ, ਪ੍ਰੋਟੈਕਸ਼ਨ ਐਂਡ ਸਕਿਉਰਿਟੀ' ਵਿੰਗ ਵਿੱਚ ਨਿਯੁਕਤ ਕੀਤਾ ਗਿਆ ਹੈ। ਗੁਰਵਿੰਦਰ ਕੌਰ ਨੇ ਦੱਸਿਆ ਕਿ ਉਹ ਸੰਨ 2008 ਵਿੱਚ ਪਰਿਵਾਰ ਸਮੇਤ ਦੱਖਣੀ ਆਸਟਰੇਲੀਆ ਦੇ ਸ਼ਹਿਰ ਐਡੀਲੇਡ ਆ ਕੇ ਵਸੇ ਸਨ। ਇਸ ਤੋਂ ਬਾਅਦ ਉਨ੍ਹਾਂ ਇੱਥੇ ਆ ਕੇ ਸਿਹਤ ਵਿਭਾਗ ਵਿੱਚ ਸਹਾਇਕ ਵਰਕਰ ਵੱਜੋਂ ਕੰਮ ਕਰਨਾ ਸ਼ੁਰੂ ਕੀਤਾ। ਗੁਰਵਿੰਦਰ ਨੇ ਦੱਸਿਆ ਕਿ ਬਚਪਨ ਤੋਂ ਹੀ ਉਸ ਦੀ ਦਿਲਚਸਪੀ ਏਅਰ ਫੋਰਸ ਵਿੱਚ ਸੀ, ਪਰ ਉਸ ਵੇਲੇ ਸਰੀਰਕ ਭਾਰ 106 ਕਿਲੋਗ੍ਰਾਮ ਹੋਣ ਕਾਰਨ ਉਹ ਅਜਿਹਾ ਨਹੀਂ ਕਰ ਸਕੀ। ਗੁਰਵਿੰਦਰ ਨੇ ਦੱਸਿਆ ਕਿ ਪਰਿਵਾਰਕ ਮੈਂਬਰਾਂ ਦੇ ਸਹਿਯੋਗ ਨਾਲ ਉਸ ਨੇ ਇਕ ਸਾਲ ਸਖ਼ਤ ਮਿਹਨਤ ਕਰਕੇ ਆਪਣਾ ਭਾਰ 30 ਕਿਲੋਗ੍ਰਾਮ ਘੱਟ ਕੀਤਾ ਤੇ ਸਰੀਰਕ ਤੌਰ 'ਤੇ ਫਿੱਟ ਹੋ ਕੇ ਰਾਇਲ ਏਅਰ ਫੋਰਸ ਦੀਆਂ ਨਿਧਾਰਿਤ ਸ਼ਰਤਾਂ ਪੂਰੀਆਂ ਕੀਤੀਆਂ। ਉਸ ਨੇ ਕਿਹਾ ਕਿ ਉਸ ਨੂੰ ਆਪਣੀ ਪ੍ਰਾਪਤੀ 'ਤੇ ਮਾਣ ਹੈ।

# ਡਾਲਰ ਮਹਿੰਗਾ ਹੋਣ ਕਾਰਨ ਭਾਰਤ 'ਚ ਤੇਲ ਦੀਆਂ ਕੀਮਤਾਂ ਨੇ ਲੋਕਾਂ ਦਾ ਤਰਾਹ ਕੱਢਿਆ

**ਮੁੰਬਈ/ਬਿਊਰੋ ਨਿਊਜ਼ :**
ਵੀਰਵਾਰ ਨੂੰ ਭਾਰਤੀ ਰੁਪਈਆ ਡਿੱਗ ਕੇ ਆਪਣੇ ਹੁਣ ਤਕ ਦੇ ਸਭ ਤੋਂ ਹੇਠਲੇ ਪੱਧਰ 'ਤੇ ਪਹੁੰਚ ਗਿਆ ਹੈ। ਅਮਰੀਕੀ ਡਾਲਰ ਦੇ ਮੁਕਾਬਲੇ ਇਹ 37 ਪੈਸੇ ਡਿੱਗ ਕੇ 72.12 ਰੁਪਏ 'ਤੇ ਪਹੁੰਚ ਗਿਆ ਹੈ। ਨਿਵੇਸ਼ਕਾਰਾਂ ਨੇ ਆਪਣਾ ਧਿਆਨ ਵਿੱਤੀ ਰਾਜਧਾਨੀ ਵੱਲ ਰੱਖਿਆ। ਰੁਪਏ ਵਿੱਚ ਗਿਰਾਵਟ ਲਗਾਤਾਰ ਛੇਵੇਂ ਦਿਨ ਤੋਂ ਜਾਰੀ ਰਹੀ ਜਦੋਂ ਇਹ ਅਮਰੀਕੀ ਡਾਲਰ ਦੇ ਮੁਕਾਬਲੇ 17 ਪੈਸੇ ਡਿੱਗ ਕੇ 71.75 'ਤੇ ਬੰਦ ਹੋਇਆ ਸੀ। ਵਿੱਤ ਮੰਤਰੀ ਅਰੁਣ ਜੇਤਲੀ ਨੇ ਕਿਹਾ ਸੀ ਕਿ ਰੁਪਈਏ ਵਿੱਚ ਇਹ ਗਿਰਾਵਟ ਸੰਸਾਰਕ ਕਾਰਨਾਂ ਕਰਕੇ ਹੈ। ਜ਼ਿਕਰਯੋਗ ਹੈ ਕਿ ਡਾਲਰ ਮਹਿੰਗਾ ਹੋਣ ਕਾਰਨ ਦੇਸ਼ ਵਿੱਚ ਪੈਟਰੋਲ ਤੇ ਡੀਜ਼ਲ ਦੀਆਂ ਕੀਮਤਾਂ ਵਿੱਚ ਵੀ ਲਗਾਤਾਰ ਵਾਧਾ ਹੋ ਰਿਹਾ ਹੈ। ਡਾਲਰ ਮਹਿੰਗਾ ਹੋਣ ਕਾਰਨ ਭਾਰਤ 'ਚ ਤੇਲ ਦੀਆਂ ਕੀਮਤਾਂ ਨੇ ਲੋਕਾਂ ਦਾ ਤਰਾਹ ਕੱਢਿਆ ਹੋਇਆ ਹੈ।

# ਬੀਜੇਪੀ ਵਿਧਾਇਕ ਦਾ ਕੁੜੀਆਂ ਨੂੰ ਚੁੱਕਣ ਦੇ ਬਿਆਨ ਵਾਲਾ ਵੀਡੀਓ ਵਾਇਰਲ

**ਮੁੰਬਈ/ਬਿਊਰੋ ਨਿਊਜ਼ :** ਮਹਾਰਾਸ਼ਟਰ ਵਿਚ ਸੱਤਾਧਾਰੀ ਬੀਜੇਪੀ ਦੇ ਵਿਧਾਇਕ ਦੇ ਇਕ ਬਿਆਨ ਦਾ ਵੀਡੀਓ ਵਾਇਰਲ ਹੋਇਆ ਹੈ, ਜਿਸ ਵਿਚ ਉਹ ਕਿਸੇ ਕੁੜੀ ਨੂੰ ਚੁੱਕ ਕੇ ਲੈ ਜਾਣ ਦੀ ਗੱਲ ਕਰਦੇ ਦਿਖਾਈ ਦੇ ਰਹੇ ਹਨ। ਉਨਾਂ ਨੇ ਵੀਡੀਓ ਵਿਚ ਨੌਜਵਾਨਾਂ ਨੂੰ ਸਪਸ਼ਟ ਕਿਹਾ ਕਿ ਉਹ ਜਿਸ ਲੜਕੀ ਨੂੰ ਪਸੰਦ ਕਰਦੇ ਹਨ, ਜੇ ਉਸ ਲੜਕੀ ਨੇ ਉਨਾਂ ਦਾ ਪ੍ਰਸਤਾਵ ਠੁਕਰਾਇਆ ਤਾਂ ਉਹ ਉਸ ਨੂੰ ਅਗਵਾ ਕਰ ਲੈਣਗੇ। ਵਿਧਾਇਕ ਰਾਮ ਕਦਮ ਨੇ ਮੁੰਬਈ ਦੇ ਘਾਟਕੋਪਰ ਵਿਧਾਨ ਸਭਾ ਖੇਤਰ ਵਿਚ 'ਦਹੀਹਾਂਡੀ' ਪ੍ਰੋਗਰਾਮ ਦੌਰਾਨ ਟਿੱਪਣੀ ਕੀਤੀ। ਉਹ ਘਾਟਕੋਪਰ ਵਿਧਾਨ ਸਭਾ ਖੇਤਰ ਤੋਂ ਹੀ ਵਿਧਾਇਕ ਹਨ। ਬੀਜੇਪੀ ਵਿਧਾਇਕ ਦੀ ਉਕਤ ਟਿੱਪਣੀ ਵਾਲੀ ਵੀਡੀਓ ਸੋਸ਼ਲ ਮੀਡੀਆ ਉਤੇ ਜੰਮ ਕੇ ਵੀ ਵਾਇਰਲ ਹੋ ਰਹੀ ਹੈ। ਵੀਡੀਓ ਵਿਚ ਉਹ ਨੌਜਵਾਨਾਂ ਦੀ ਭੀੜ ਨੂੰ ਇਹ ਕਹਿੰਦੇ ਵੀ ਦਿਖਾਈ ਦੇ ਰਹੇ ਹਨ ਕਿ ਉਹ ਕਿਸੇ ਵੀ ਕੰਮ ਲਈ ਉਨਾਂ ਨੂੰ ਮਿਲ ਸਕਦੇ ਹਨ। ਉਨਾਂ ਕਿਹਾ ਕਿ ਉਨਾਂ ਨੂੰ ਮਦਦ ਲਈ ਕੁਝ ਅਜਿਹੇ ਨੌਜਵਾਨਾਂ ਦੀਆਂ ਸ਼ਿਕਾਇਤਾਂ ਮਿਲੀਆਂ



ਹਨ ਜਿਨਾਂ ਦੇ ਪ੍ਰਸਤਾਵ ਨੂੰ ਕੁੜੀਆਂ ਨੇ ਠੁਕਰਾ ਦਿੱਤਾ ਹੈ।ਵੀਡੀਓ 'ਚ ਸੰਬੋਧਨ ਕਰਦਿਆਂ ਵਿਧਾਇਕ ਕਦਮ ਨੇ ਅੱਗੇ ਕਿਹਾ ਕਿ 100 ਫੀਸਦੀ ਉਹ ਇਸ ਕੰਮ ਵਿਚ ਨੌਜਵਾਨਾਂ ਦੀ ਮਦਦ ਕਰਨਗੇ। ਨੌਜਵਾਨ ਆਪਣੇ ਮਾਤਾ-ਪਿਤਾ ਨਾਲ ਉਨਾਂ ਕੋਲ ਆਉਣ। ਜੇ ਮਾਤਾ-ਪਿਤਾ ਰਜ਼ਾਮੰਦੀ ਦਿੰਦੇ ਹਨ ਤਾਂ ਉਹ ਸਬੰਧਤ ਲੜਕੀ ਨੂੰ ਅਗਵਾ ਕਰ ਲੈਣਗੇ ਤੇ ਵਿਆਹ ਲਈ ਨੌਜਵਾਨ ਦੇ ਹਵਾਲੇ ਕਰ ਦੇਣਗੇ। ਵੀਡੀਓ ਵਿੱਚ ਵਿਧਾਇਕ ਕਦਮ ਨੇ ਨੌਜਵਾਨਾਂ ਦੀ ਭੀੜ ਨਾਲ ਆਪਣਾ ਮੋਬਾਈਲ ਨੰਬਰ ਵੀ ਸਾਂਝਾ ਕੀਤਾ। ਇਸ ਕਲਿੱਪ ਬਾਰੇ ਪੁੱਛੇ ਜਾਣ 'ਤੇ ਕਦਮ ਨੇ ਕਿਹਾ ਕਿ ਉਨਾਂ ਦੀਆਂ ਟਿੱਪਣੀਆਂ ਨੂੰ ਤੋੜ-ਮਰੋੜ ਕੇ ਪੇਸ਼ ਕੀਤਾ ਗਿਆ ਹੈ।


A-ONE EXPRESS

ਸਾਨੂੰ ਤਜ਼ਰਬੇਕਾਰ ਡਰਾਈਵਰਾਂ ਅਤੇ ਓਨਰ ਅਪਰੇਟਰਾਂ ਦੀ ਲੋੜ ਹੈ

- ਲੰਬਾ ਸਮਾਂ ਕੰਮ ਕਰਨ ਵਾਲੇ ਡਰਾਈਵਰ ਵੀ ਟਰੇਂਡ ਕੀਤੇ ਜਾਂਦੇ ਹਨ
- ਕੈਲੀਫੋਰਨੀਆ ਤੋਂ ਮਿਡਵੈਸਟ, ਨਾਰਥ-ਈਸਟ, ਸਾਊਥ-ਈਸਟ
- ਸੌਖੇ ਲੋਡ, ਚੰਗੇ ਪੈਸੇ ਅਤੇ ਤਨਖ਼ਾਹ ਸਮੇਂ ਸਿਰ
- 50% ਹੁੱਕ ਡਰਾਪ
- ਨਵੇਂ 2015, 2016 ਅਤੇ 2017 ਮਾਡਲ ਦੇ ਟਰੱਕ ਚਲਾਓ, ਬਰੇਕ ਡਾਊਨ ਤੋਂ ਬਚੋ ਤੇ ਚੰਗੇ ਪੈਸੇ ਕਮਾਓ
- Excellent Payment
- Easy Aboard ELD Logbook



MC NO. # 464630

6120 Faith Home Rd Ceres, CA 95307

TAX ID #32-0065398

ਹੋਰ ਜਾਣਕਾਰੀ ਲਈ ਮਨਜੀਤ ਸਿੰਘ ਜਾਂ ਸੰਦੀਪ ਸਿੰਘ ਨਾਲ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰੋ

TOLL FREE 888.725.7441 OFFICE : 209.537.0975 FAX : 209.537.0375

### ਕਰਤਾਰਪੁਰ ਸਾਹਿਬ ਲਾਂਘਾ

## ਗੇਂਦ ਭਾਰਤ ਸਰਕਾਰ ਦੇ ਪਾਲੇ 'ਚ ਪਹੁੰਚੀ

**ਚੰਡੀਗੜ੍ਹ/ਬਿਊਰੋ ਨਿਊਜ਼ :** ਭਾਰਤ-ਪਾਕਿਸਤਾਨ ਸਰਹੱਦ ਉਤੇ ਸਥਿਤ ਸਿੱਖਾਂ ਦੀ ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਨਾਲ ਸਬੰਧਤ ਗੁਰਦੁਆਰਾ ਕਰਤਾਰਪੁਰ ਸਾਹਿਬ ਨੂੰ ਲਾਂਘਾ ਖੋਲ੍ਹਣ ਦੀ ਅਗਲੀ ਕਾਰਵਾਈ ਦੀ ਗੇਂਦ ਹੁਣ ਮੋਦੀ ਸਰਕਾਰ ਦੇ ਪਾਲੇ ਵਿਚ ਹੈ। ਪੰਜਾਬ ਦੇ ਸਥਾਨਕ ਸਰਕਾਰਾਂ ਬਾਰੇ ਮੰਤਰੀ ਨਵਜੋਤ ਸਿੰਘ ਸਿੱਧੂ ਨੇ ਲਈ ਕੇਂਦਰੀ ਵਿਦੇਸ਼ ਮੰਤਰੀ ਸ੍ਰੀਮਤੀ ਸੁਸ਼ਮਾ ਸਵਰਾਜ ਦੇ ਦਖ਼ਲ ਦੀ ਮੰਗ ਕਰਦਿਆਂ ਉਨ੍ਹਾਂ ਨੂੰ ਪੱਤਰ ਲਿਖਿਆ ਹੈ। ਮੀਡੀਆ ਨੂੰ ਇਸ ਪੱਤਰ ਦੀ ਕਾਪੀ ਜਾਰੀ ਕਰਦਿਆਂ ਸ੍ਰੀ ਸਿੱਧੂ ਨੇ ਵਿਦੇਸ਼ ਮੰਤਰੀ ਨੂੰ ਕਿਹਾ ਹੈ ਕਿ ਪਾਕਿਸਤਾਨ ਵੱਲੋਂ ਭਰੇ ਹੁੰਗਾਰੇ ਦਾ ਹਾਂ-ਪੱਖੀ ਜਵਾਬ ਦਿੰਦਿਆ ਗੁਰਦੁਆਰਾ ਕਰਤਾਰਪੁਰ ਸਾਹਿਬ ਨੂੰ ਲਾਂਘਾ ਖੋਲ੍ਹਣ ਦੇ ਇਸ ਕਾਰਜ ਨੂੰ ਸਿਰੇ ਚਾੜ੍ਹ ਕੇ ਕਰੋੜਾਂ ਸਿੱਖਾਂ ਦੀਆਂ ਭਾਵਨਾਵਾਂ ਦਾ ਸਤਿਕਾਰ ਕੀਤਾ ਜਾਵੇ।

ਉਨ੍ਹਾਂ ਕਿਹਾ ਕਿ ਸੰਨ 1947 ਵਿੱਚ ਦੇਸ਼ ਦੀ ਵੰਡ ਮੌਕੇ ਨਾ ਸਿਰਫ਼ ਭੂਗੋਲਿਕ, ਆਰਥਿਕ, ਭਾਵਨਾਤਮਕ ਅਤੇ ਸਮਾਜਿਕ ਮੁਸ਼ਕਲਾਂ ਪੇਸ਼ ਆਈਆਂ ਬਲਕਿ ਸਿੱਖਾਂ ਦੇ ਜ਼ਿਆਦਾਤਰ ਇਤਿਹਾਸਕ ਗੁਰਦੁਆਰੇ ਵੀ ਪਾਕਿਸਤਾਨ ਵਿੱਚ ਰਹਿ ਗਏ। ਉਨ੍ਹਾਂ ਕਿਹਾ ਕਿ ਵੰਡ ਸਮੇਂ ਪਾਕਿਸਤਾਨ ਵਿੱਚ ਰਹਿ ਗਏ ਇਤਿਹਾਸਿਕ ਗੁਰਦੁਆਰਿਆਂ ਵਿੱਚੋਂ ਗੁਰਦੁਆਰਾ ਕਰਤਾਰਪੁਰ ਸਾਹਿਬ ਵਿਸ਼ੇਸ਼ ਮਹੱਤਤਾ ਰੱਖਦਾ ਹੈ। ਇਹ ਉਹ ਅਸਥਾਨ ਹੈ ਜਿੱਥੇ ਗੁਰੂ ਨਾਨਕ ਦੇਵ ਨੇ ਆਪਣੀ ਜ਼ਿੰਦਗੀ ਦੇ ਲਗਪਗ 18 ਸਾਲ ਬਿਤਾਏ। ਗੁਰਦੁਆਰਾ ਸਾਹਿਬ ਕੌਮਾਂਤਰੀ ਸਰਹੱਦ ਦੇ ਬਹੁਤ ਨਜ਼ਦੀਕ ਹੈ। ਸ੍ਰੀ ਸਿੱਧੂ ਨੇ ਪੱਤਰ ਵਿੱਚ ਕੇਂਦਰੀ ਮੰਤਰੀ ਨੂੰ ਕਿਹਾ ਕਿ ਭਾਰਤ ਵਿਚਲੇ ਸ਼ਰਧਾਲੂਆਂ ਦੀ ਅਜਿਹੀ ਭਾਵਨਾ ਹੈ ਕਿ ਉਹ ਭਾਰਤ ਦੇ ਡੇਰਾ ਬਾਬਾ ਨਾਨਕ ਖੇਤਰ ਵਿੱਚ ਸਰਹੱਦ 'ਤੇ ਸੀਮਾ ਸੁਰੱਖਿਆ ਬਲ ਦੁਆਰਾ ਲਗਾਈ ਦੂਰਬੀਨ ਜ਼ਰੀਏ ਇਸ ਪਵਿੱਤਰ ਅਸਥਾਨ ਦੀ ਇਕ ਝਲਕ ਪਾਉਣ ਲਈ ਰੋਜ਼ਾਨਾ ਸਰਹੱਦ ਦਾ ਦੌਰਾ ਕਰਦੇ ਹਨ। ਪਾਕਿਸਤਾਨ ਸਰਕਾਰ ਨੇ ਵੀ ਕਰਤਾਰਪੁਰ ਸਾਹਿਬ ਗਲਿਆਰੇ ਦੀ ਮੰਗ ਪ੍ਰਤੀ ਸਾਕਾਰਾਤਮਕ ਰੁਖ਼ ਅਪਣਾਇਆ ਹੈ। ਉਨ੍ਹਾਂ ਕਿਹਾ ਕਿ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਦੇ ਸਹੁੰ ਚੁੱਕ ਸਮਾਰੋਹ ਵਿੱਚ ਸ਼ਰੀਕ ਹੋਣ ਮੌਕੇ ਇਸ ਮੁੱਦੇ ਪ੍ਰਤੀ ਸਾਕਾਰਾਤਮਕ ਰੁਖ਼ ਵੇਖਣ ਨੂੰ ਮਿਲਿਆ ਸੀ। ਪਾਕਿਸਤਾਨ ਦੇ ਸੂਚਨਾ ਮੰਤਰੀ ਫ਼ਵਾਦ ਚੌਧਰੀ ਨੇ ਹੁਣ ਸਪੱਸ਼ਟ ਕੀਤਾ ਹੈ ਕਿ ਗਲਿਆਰੇ ਖੋਲ੍ਹੇ ਜਾਣਗੇ ਅਤੇ ਗੁਰੂ ਨਾਨਕ ਦੇਵ ਦੇ 550ਵੇਂ ਜਨਮ ਦਿਹਾੜੇ ਨੂੰ ਮਨਾਉਣ ਦੇ ਹਿੱਸੇ ਵਜੋਂ ਵੀਜ਼ੇ ਦੀ ਵੀ ਲੋੜ ਨਹੀਂ ਪਵੇਗੀ ਅਤੇ ਸ਼ਰਧਾਲੂ ਬਿਨਾਂ ਵੀਜ਼ਾ ਕਾਰਵਾਈ ਦੇ ਹੀ ਸ੍ਰੀ ਕਰਤਾਰਪੁਰ ਸਾਹਿਬ ਵਿਖੇ ਨਤਮਸਤਕ ਹੋ ਸਕਣਗੇ। ਉਨ੍ਹਾਂ ਕਿਹਾ ਕਿ ਵਿਸ਼ਵ ਭਰ ਵਿੱਚ ਸਿੱਖ ਭਾਈਚਾਰੇ ਲਈ ਇਸ ਗਲਿਆਰੇ ਦਾ ਖੁੱਲਣਾ ਵੱਡੀ ਗੱਲ ਹੈ ਤੇ ਇਸ ਨਾਲ ਦੋਵਾਂ ਮੁਲਕਾਂ ਦਰਮਿਆਨ ਸ਼ਾਂਤੀ ਅਤੇ ਖੁਸ਼ਹਾਲੀ ਦਾ ਆਗਾਜ਼ ਹੋਵੇਗਾ।

## ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਪੁਰਬ ਮੌਕੇ ਦਰਬਾਰ ਸਾਹਿਬ ਅੰਮ੍ਰਿਤਸਰ ਵਿਚ ਲੱਖਾਂ ਸੰਗਤਾਂ ਹੋਈਆਂ ਨਤਮਸਤਕ

**ਅੰਮ੍ਰਿਤਸਰ/ਬਿਊਰੋ ਨਿਊਜ਼ :** ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਪੁਰਬ ਇਥੇ ਸ਼੍ਰੋਮਣੀ ਕਮੇਟੀ ਵੱਲੋਂ ਸੰਗਤਾਂ ਦੇ ਸਹਿਯੋਗ ਨਾਲ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਗਿਆ। ਇਸ ਮੌਕੇ ਸਾਰਾ ਦਿਨ ਹੀ ਵੱਡੀ ਗਿਣਤੀ ਵਿੱਚ ਸੰਗਤਾਂ ਦੀ ਆਮਦ ਸ੍ਰੀ ਹਰਿਮੰਦਰ ਸਾਹਿਬ ਵਿਚ ਜਾਰੀ ਰਹੀ।



ਪ੍ਰਕਾਸ਼ ਪੁਰਬ ਦੇ ਸਬੰਧ ਵਿੱਚ ਸਵੇਰੇ ਗੁਰਦੁਆਰਾ ਸ੍ਰੀ ਰਾਮਸਰ ਤੋਂ ਹਰਿਮੰਦਰ ਸਾਹਿਬ ਤਕ ਨਗਰ ਕੀਰਤਨ ਸਜਾਇਆ ਗਿਆ। ਗੁਰਦੁਆਰਾ ਰਾਮਸਰ ਉਹ ਥਾਂ ਹੈ, ਜਿਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਕੀਤੀ ਗਈ ਸੀ ਅਤੇ ਮੁੜ ਸੰਨ 1604 ਈਸਵੀ ਵਿਚ ਪੰਜਵੇਂ ਗੁਰੂ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਇਸ ਦਾ ਪ੍ਰਕਾਸ਼ ਸ੍ਰੀ ਹਰਿਮੰਦਰ ਸਾਹਿਬ ਵਿੱਚ ਕੀਤਾ। ਉਸ ਵੇਲੇ ਗੁਰਦੁਆਰਾ ਰਾਮਸਰ ਤੋਂ ਪਾਵਨ ਬੀੜ ਨੂੰ ਬਾਬਾ ਬੁੱਢਾ ਜੀ ਸੰਗਤਾਂ ਦੇ ਸਹਿਯੋਗ ਨਾਲ ਸ੍ਰੀ ਹਰਿਮੰਦਰ ਸਾਹਿਬ ਲੈ ਕੇ ਆਏ ਸਨ। ਇਸੇ ਪ੍ਰੰਪਰਾ ਮੁਤਾਬਕ ਹੁਣ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼ ਪੁਰਬ ਮੌਕੇ ਸਵੇਰ ਵੇਲੇ ਗੁਰਦੁਆਰਾ ਰਾਮਸਰ ਤੋਂ ਨਗਰ ਕੀਰਤਨ ਸਜਾਇਆ ਜਾਂਦਾ ਹੈ ਅਤੇ ਪਾਵਨ ਸਰੂਪ ਪਾਲਕੀ ਵਿਚ ਸੁਸ਼ੋਭਿਤ ਕਰਕੇ ਸ੍ਰੀ ਹਰਿਮੰਦਰ ਸਾਹਿਬ ਲਿਆਂਦਾ ਜਾਂਦਾ ਹੈ। ਨਗਰ ਕੀਰਤਨ ਸਮੇਂ ਅਰਦਾਸ ਮਗਰੋਂ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਗਿਆਨੀ ਜਗਤਾਰ ਸਿੰਘ ਨੇ ਪਾਵਨ ਸਰੂਪ ਨੂੰ ਆਪਣੇ ਸਿਰ ਤੇ ਰੱਖ ਕੇ ਪਾਲਕੀ ਤਕ ਲਿਆਂਦਾ ਅਤੇ ਮੁੜ ਨਗਰ ਕੀਰਤਨ ਦੇ ਰੂਪ ਵਿਚ ਸੰਗਤਾਂ ਇਸ ਨੂੰ ਸ੍ਰੀ ਹਰਿਮੰਦਰ ਸਾਹਿਬ ਲੈ ਕੇ ਪੁੱਜੀਆਂ। ਇਸ ਮੌਕੇ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਵੀ ਪੁੱਜੇ ਹੋਏ ਸਨ। ਨਗਰ ਕੀਰਤਨ ਚੌਕ ਕਰੋੜੀ, ਬਾਬਾ ਸਾਹਿਬ ਚੌਕ ਆਦਿ ਤੋਂ ਹੁੰਦਾ ਹੋਇਆ ਹਰਿਮੰਦਰ ਸਾਹਿਬ ਪੁੱਜ ਕੇ ਸਮਾਪਤ ਹੋਇਆ। ਰਸਤੇ ਵਿਚ ਗੱਤਕਾ ਪਾਰਟੀਆਂ ਨੇ ਗੱਤਕੇ ਦੇ ਜੌਹਰ ਦਿਖਾਏ। ਸਕੂਲੀ ਬੱਚਿਆਂ ਦੀਆਂ ਬੈਂਡ ਅਤੇ ਗੱਤਕਾ ਟੀਮਾਂ ਸ਼ਾਮਲ ਹੋਈਆਂ। ਸੰਗਤਾਂ ਜਾਪ ਕਰਦੀਆਂ ਹੋਈਆਂ ਨਗਰ ਕੀਰਤਨ ਵਿਚ ਸ਼ਾਮਲ ਹੋਈਆਂ। ਨਗਰ ਕੀਰਤਨ ਦੇ ਰਸਤੇ ਵਿਚ ਵੀ ਵਿਸ਼ੇਸ਼ ਸਜਾਵਟ ਕੀਤੀ ਗਈ ਸੀ ਅਤੇ ਥਾਂ ਥਾਂ ਤੇ ਲੰਗਰ ਵੀ ਲਾਏ ਗਏ ਸਨ।

ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਦੇਸ਼ ਵਿਦੇਸ਼ ਵਿਚ ਵਸਦੀ ਸਮੁੱਚੀ ਸਿੱਖ ਕੌਮ ਅਤੇ ਨਾਨਕ ਨਾਮਲੇਵਾ ਸੰਗਤ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼ ਪੁਰਬ ਦੀ ਵਧਾਈ ਦਿੱਤੀ। ਉਨ੍ਹਾਂ ਨੇ ਸਿੱਖ ਸੰਗਤ ਨੂੰ ਸ਼ਬਦ ਗੁਰੂ ਦੇ ਲੜ ਲੱਗਣ ਲਈ ਪ੍ਰੇਰਿਆ। ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਗਿਆਨੀ ਜਗਤਾਰ ਸਿੰਘ ਨੇ ਵੀ ਪ੍ਰਕਾਸ਼ ਪੁਰਬ ਦੀ ਵਧਾਈ ਦਿੰਦਿਆਂ ਸੰਗਤਾਂ ਨੂੰ ਇਤਿਹਾਸ ਬਾਰੇ ਜਾਣਕਾਰੀ ਦਿੱਤੀ। ਨਗਰ ਕੀਰਤਨ ਵਿੱਚ ਸ਼੍ਰੋਮਣੀ ਕਮੇਟੀ ਮੈਂਬਰ, ਅਧਿਕਾਰੀ, ਕਰਮਚਾਰੀ, ਸਿੱਖ ਸੰਗਤ ਤੇ ਹੋਰ ਪਤਵੰਤੇ ਵੱਡੀ ਗਿਣਤੀ ਵਿਚ ਹਾਜ਼ਰ ਸਨ।

ਇਸ ਦੌਰਾਨ ਸ੍ਰੀ ਹਰਿਮੰਦਰ ਸਾਹਿਬ ਵਿਖੇ ਸੁੰਦਰ ਫੁਲਾਂ ਦੀ ਸਜਾਵਟ ਕੀਤੀ ਗਈ ਸੀ ਅਤੇ ਸ੍ਰੀ ਹਰਿਮੰਦਰ ਸਾਹਿਬ ਤੋਂ ਇਲਾਵਾ ਸ੍ਰੀ ਅਕਾਲ ਤਖ਼ਤ ਅਤੇ ਗੁਰਦੁਆਰਾ ਬਾਬਾ ਅਟੱਲ ਰਾਏ ਵਿਖੇ ਸੁੰਦਰ ਜਲੌਅ ਸਜਾਏ ਗਏ। ਰਾਤ ਨੂੰ ਦੀਪਮਾਲਾ ਅਤੇ ਆਤਿਸ਼ਬਾਜ਼ੀ ਵੀ ਕੀਤੀ ਗਈ। ਫੁੱਲਾਂ ਦੀ ਸਜਾਵਟ ਲਈ ਲਗਪਗ ਸੌ ਕੁਇੰਟਲ ਫੁੱਲ ਵਰਤੇ ਗਏ ਹਨ, ਜੋ ਭਾਰਤ ਸਮੇਤ ਵੱਖ ਵੱਖ ਮੁਲਕਾਂ ਤੋਂ ਮੰਗਵਾਏ ਹੋਏ ਸਨ।

## ਬੇਅਦਬੀ ਕਾਂਡ ਵਿਚ ਸ਼ਮੂਲੀਅਤ ਦਾ ਮੁੱਦਾ ਬਾਦਲ ਦਲ ਦੀਆਂ ਜੜ੍ਹਾਂ ਵਿਚ ਬੈਠਿਆ

**ਚੰਡੀਗੜ੍ਹ/ਬਿਊਰੋ ਨਿਊਜ਼ :**

ਪੰਜਾਬ ਵਿਚ ਸਾਲ 2015 ਵਿਚ ਵਾਪਰੀਆਂ ਬੇਅਦਬੀ ਦੀਆਂ ਘਟਨਾਵਾਂ ਵਿਚ ਸਿਰਸੇ ਵਾਲੇ ਦੇ ਚੇਲਿਆਂ ਦੀ ਸ਼ਮੂਲੀਅਤ ਅਤੇ ਬਾਦਲ ਸਰਕਾਰ ਦੀ ਉਨ੍ਹਾਂ ਨੂੰ ਸ਼ਹਿ ਦੇਣ ਦਾ ਮੁੱਦਾ ਪਾਰਟੀ ਦੀਆਂ ਜੜ੍ਹਾਂ ਵਿਚ ਬੈਝਦਾ ਜਾ ਰਿਹਾ ਹੈ। ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਕਰਨ, ਬਹਿਬਲ ਕਲਾਂ ਤੇ ਕੋਟਕਪੂਰਾ ਗੋਲੀ ਕਾਂਡ ਦੇ ਦੋਸ਼ੀਆਂ ਦੀ ਗ੍ਰਿਫਤਾਰੀ ਨੂੰ ਲੈ ਕੇ ਪੰਥਕ ਧਿਰਾਂ ਵੱਲੋਂ ਬਰਗਾੜੀ ਵਿੱਚ ਪਿਛਲੇ ਕਈ ਮਹੀਨਿਆਂ ਤੋਂ ਲਾਇਆ ਮੋਰਚਾ ਭਾਵੇਂ ਕਿਸੇ ਪਾਰਟੀ ਨੂੰ ਫਾਇਦਾ ਦੇਵੇ ਜਾਂ ਨਾ ਪਰ ਅਕਾਲੀਆਂ ਦੀ ਸਿਆਸੀ ਬੇੜੀ ਵਿੱਚ ਵੱਟੇ ਪਾਉਣ ਦਾ ਕੰਮ ਜ਼ਰੂਰ ਕਰ ਰਿਹਾ ਹੈ। ਦੇਖਿਆ ਜਾਵੇ ਤਾਂ ਧਾਰਮਿਕ ਭਾਵਨਾਵਾਂ ਨਾਲ ਜੁੜਿਆ ਮੁੱਦਾ ਅਕਾਲੀਆਂ ਦੀ ਡਾਵਾਂਡੋਲ ਕਿਸ਼ਤੀ ਮੂਹਰੇ ਤੂਫਾਨ ਬਣਿਆ ਖੜ੍ਹਾ ਹੈ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਪੀੜਾ ਸਮਝੀ ਜਾ ਸਕਦੀ ਹੈ। ਇਹੀ ਕਾਰਨ ਹੈ ਕਿ ਛੋਟੇ ਬਾਦਲ ਇਨ੍ਹੀ ਦਿਨੀਂ ਪਾਕਿਸਤਾਨ ਦੀ ਖ਼ੁਫ਼ੀਆ ਏਜੰਸੀ ਆਈਐਸਆਈ ਦਾ ਰਾਗ ਕੁਝ ਜ਼ਿਆਦਾ ਹੀ ਅਲਾਪ ਰਹੇ ਹਨ। ਸਿਆਸੀ ਵਿਸ਼ਲੇਸ਼ਕਾਂ ਦਾ ਮੰਨਣਾ ਹੈ ਕਿ 'ਬਰਗਾੜੀ ਮੋਰਚਾ' ਅਕਾਲੀਆਂ ਦੀ ਸਿਅਸਤ 'ਤੇ ਭਾਰੂ ਪੈ ਰਿਹਾ ਹੈ। ਸਾਲ 20 19 ਵਿੱਚ ਹੋਣ ਵਾਲੀਆਂ ਲੋਕ ਸਭਾ ਚੋਣਾਂ 'ਤੇ ਵੀ ਇਸ ਦਾ ਸਪੱਸ਼ਟ ਅਸਰ ਪੈਂਦਾ ਦਿਖਾਈ ਦੇ ਰਿਹਾ ਹੈ।

ਪੰਜਾਬ ਦੀ ਰਾਜਨੀਤੀ ਉਪਰ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਘਟਨਾਵਾਂ, ਬਹਿਬਲ ਕਲਾਂ ਤੇ ਕੋਟਕਪੂਰਾ ਗੋਲੀ ਕਾਂਡ ਦਾ ਸਪੱਸ਼ਟ ਪਰਛਾਵਾਂ ਦੇਖਿਆ ਜਾ ਸਕਦਾ ਹੈ। ਇਸ ਦਾ ਸਭ ਤੋਂ ਜ਼ਿਆਦਾ ਸੇਕ ਸ਼੍ਰੋਮਣੀ ਅਕਾਲੀ ਦਲ ਨੂੰ ਝੱਲਣਾ ਪੈ ਰਿਹਾ ਹੈ। ਸੱਤਾਹੀਣ ਹੋਣ ਤੋਂ ਬਾਅਦ ਅਕਾਲੀਆਂ ਨੂੰ ਜਾਪਦਾ ਸੀ ਕਿ ਬਰਗਾੜੀ ਦਾ ਬੇਅਦਬੀ



ਮਾਮਲਾ ਅਤੇ ਗੋਲੀ ਕਾਂਡ ਦੀਆਂ ਘਟਨਾਵਾਂ ਨਾਲ ਹੁਣ ਮੌਕੇ ਦੀ ਹਕੂਮਤ (ਕਾਂਗਰਸ) ਨੇ ਹੀ ਜੂਝਣਾ ਹੈ। ਅਕਾਲੀ ਖੁਦ ਨੂੰ ਸੁਰਖ਼ਰੂ ਸਮਝੀ ਬੈਠੇ ਸਨ ਪਰ ਸੱਤਾ ਤਬਦੀਲੀ ਮਗਰੋਂ ਮਾਮਲਾ ਠੰਢਾ ਹੋਣ ਦੀ ਥਾਂ ਜ਼ਿਆਦਾ ਭਖਦਾ ਮੁੱਦਾ ਬਣ ਗਿਆ ਤੇ ਸਿਆਸੀ ਪਾਰਟੀਆਂ ਨੇ ਰੋਟੀਆਂ ਸੇਕਣੀਆਂ ਸ਼ੁਰੂ ਕਰ ਦਿੱਤੀਆਂ ਹਨ। ਦੂਜਾ ਵਿਧਾਨ ਸਭਾ ਵਿਚ ਪੇਸ਼ ਹੋਈ ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀ ਜਾਂਚ ਰਿਪੋਰਟ 'ਚ ਬਹਿਸ ਤੋਂ ਭੱਜਣਾ ਵੀ ਅਕਾਲੀ ਦਲ ਨੂੰ ਪੁੱਠਾ ਪੈ ਗਿਆ। 'ਬਰਗਾੜੀ' ਪੰਜਾਬ ਦੇ ਸਿਆਸੀ ਨਕਸ਼ੇ 'ਤੇ ਇੱਕ ਅਜਿਹੇ ਪਿੰਡ ਵਜੋਂ ਉਭਰ ਕੇ ਸਾਹਮਣੇ ਆਉਣ ਲੱਗਾ ਹੈ, ਜੋ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਹੋਰਨਾਂ ਸਿੱਖ ਸੰਸਥਾਵਾਂ ਦਾ ਕੰਟਰੋਲ ਕਰਦੀ ਆ ਰਹੀ 'ਪੰਥਕ ਪਾਰਟੀ' ਲਈ ਡਰਾਉਣਾ ਬਣਦਾ ਜਾ ਰਿਹਾ ਹੈ।

ਪੰਜਾਬ ਦੀ ਸਿਆਸਤ 'ਤੇ ਪੈਦਾ ਹੋਏ ਤਾਜ਼ਾ ਹਾਲਾਤ ਨਾਲ ਸਿੱਝਣ ਲਈ ਅਕਾਲੀਆਂ ਦੀ ਕੋਈ ਠੋਸ ਰਣਨੀਤੀ ਨਜ਼ਰ ਨਹੀਂ ਆਉਂਦੀ। ਕੋਰ ਕਮੇਟੀ ਦੀਆਂ ਮੀਟਿੰਗਾਂ ਕਰਕੇ ਕਾਂਗਰਸ ਨੂੰ ਭੰਡਣ 'ਤੇ ਜ਼ੋਰ ਤਾਂ ਲਾਇਆ ਜਾ ਰਿਹਾ ਹੈ ਪਰ ਪਿਛਲੀਆਂ ਗ਼ਲਤੀਆਂ ਨੂੰ ਸੁਧਾਰਨ ਦੀ ਲੋੜ ਨਹੀਂ ਸਮਝੀ ਜਾ ਰਹੀ। ਸੁਖਬੀਰ ਸਿੰਘ ਬਾਦਲ ਵੱਲੋਂ ਬਚਾਅ ਲਈ ਸ਼ੁਰੂ ਕੀਤੀ 'ਪੋਲ ਖੋਲ੍ਹ' ਮੁਹਿੰਮ ਸਿਆਸੀ ਮਾਹੌਲ ਆਪਣੇ ਪੱਖ ਦਾ ਬਣਾਉਣ ਦੀ ਥਾਂ ਟਕਰਾਅ ਵਾਲੀ ਰਣਨੀਤੀ ਵਜੋਂ ਜ਼ਿਆਦਾ ਦਿਖਾਈ ਦੇ ਰਹੀ ਹੈ। ਪੰਜਾਬ ਦੇ ਮਾਲਵਾ ਖਿੱਤੇ ਦੇ ਇਨ੍ਹਾਂ ਜ਼ਿਲ੍ਹਿਆਂ 'ਤੇ ਬਾਦਲਾਂ ਦਾ ਪ੍ਰਭਾਵ ਰਿਹਾ ਹੈ। ਪਿੰਡ ਬਰਗਾੜੀ, ਜਿਸ ਸੰਸਦੀ ਹਲਕੇ ਵਿੱਚ ਪੈਂਦਾ ਹੈ, ਉਸ ਹਲਕੇ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਤਿੰਨ ਸੰਸਦ ਮੈਂਬਰ ਵਜੋਂ ਨੁਮਾਇੰਦੀ ਕਰ ਚੁੱਕੇ ਹਨ। ਇਹ ਹਲਕਾ ਰਾਖਵੇਂਕਰਨ ਅਧੀਨ ਆਉਣ ਤੋਂ ਬਾਅਦ ਬਾਦਲਾਂ ਨੇ ਆਪਣੀ ਸਿਆਸਤ ਦਾ ਧੁਰਾ ਬਠਿੰਡਾ ਬਣਾ ਲਿਆ ਸੀ। ਇਸ ਹਲਕੇ ਦੀ ਨੁਮਾਇੰਦਗੀ ਪਿਛਲੇ 9 ਸਾਲਾਂ ਤੋਂ ਸ੍ਰੀਮਤੀ ਹਰਸਿਮਰਤ ਕੌਰ ਬਾਦਲ ਕਰ ਰਹੇ ਹਨ। ਸਿਆਸੀ ਤੌਰ 'ਤੇ ਇਹ ਮੰਨਿਆ ਜਾ ਰਿਹਾ ਹੈ ਕਿ 'ਬਰਗਾੜੀ' ਤੇ ਆਸ-ਪਾਸ ਹੋਈਆਂ ਘਟਨਾਵਾਂ ਅਤੇ ਬਰਗਾੜੀ ਵਿੱਚ ਲੱਗੇ ਮੋਰਚੇ ਦਾ ਅਸਰ ਫ਼ਰੀਦਕੋਟ, ਬਠਿੰਡਾ ਅਤੇ ਫਿਰੋਜ਼ਪੁਰ ਵਿੱਚ ਅਕਾਲੀ ਸਿਆਸਤ 'ਤੇ ਪੈ ਰਿਹਾ ਹੈ ਤੇ ਅਕਾਲੀਆਂ ਲਈ ਇਹ ਖੇਤਰ ਆਉਂਦੀਆਂ ਲੋਕ ਸਭਾ ਚੋਣਾਂ ਦੌਰਾਨ ਨੁਕਸਾਨਦੇਹ ਸਾਬਤ ਹੋ ਸਕਦਾ ਹੈ। ਸ਼੍ਰੋਮਣੀ ਅਕਾਲੀ ਦਲ ਦੇ ਆਗੂ ਖੁੱਲ੍ਹ ਕੇ ਭਾਵੇਂ ਇਸ ਅਸਰ ਨੂੰ ਕਬੂਲ ਨਹੀਂ ਕਰ ਰਹੇ ਪਰ ਦੱਬਵੀਂ ਸੁਰ ਵਿੱਚ ਮੰਨਦੇ ਹਨ ਕਿ ਬੇਅਦਬੀ ਨਾਲ ਜੁੜੀਆਂ ਘਟਨਾਵਾਂ ਅਕਾਲੀ ਦਲ ਦੇ ਅਕਸ ਨੂੰ ਸਿਆਸੀ ਤੌਰ 'ਤੇ ਡੂੰਘੀ ਸੱਟ ਮਾਰ ਰਹੀਆਂ ਹਨ। ਪੰਜਾਬ ਦਾ ਮਾਲਵਾ ਖਿੱਤਾ ਸਿਆਸੀ ਤੌਰ 'ਤੇ 'ਬਲੂ ਬੈਲਟ' ਵਜੋਂ ਜਾਣਿਆ ਜਾਂਦਾ ਸੀ। ਭਾਵ ਇਸ ਖੇਤਰ ਵਿੱਚ ਅਕਾਲੀਆਂ ਦਾ ਪ੍ਰਭਾਵ ਜ਼ਿਆਦਾ ਸੀ। ਅਕਾਲੀਆਂ ਵੱਲੋਂ ਵੱਡੀਆਂ ਰੈਲੀਆਂ ਵੀ ਇਸੇ ਖਿੱਤੇ ਵਿੱਚ ਕੀਤੀਆਂ ਜਾਂਦੀਆਂ ਰਹੀਆਂ ਹਨ।

ਸਿੱਖਾਂ ਦੀ ਨੁਮਾਇੰਦਗੀ ਕਰਦੀ ਆ ਰਹੀ ਇਸ ਪਾਰਟੀ ਵੱਲੋਂ ਬਦਲੀਆਂ ਹੋਈਆਂ ਰਣਨੀਤੀਆਂ ਅਤੇ ਸੋਸ਼ਲ ਇੰਜਨੀਅਰਿੰਗ ਦੇ

ਬਾਕੀ ਸਫ਼ਾ 32 'ਤੇ

## ਬੇਅਦਬੀ ਮਾਮਲੇ 'ਤੇ ਫੂਲਕਾ ਆਪਣੇ ਅਸਤੀਫ਼ੇ ਵਾਲੇ ਸਟੈਂਡ 'ਤੇ ਕਾਇਮ

**ਚੰਡੀਗੜ੍ਹ/ਬਿਊਰੋ ਨਿਊਜ਼ :** ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਅਤੇ ਦਾਖਾ ਵਿਧਾਨ ਸਭਾ ਹਲਕੇ ਤੋਂ ਵਿਧਾਇਕ ਐੱਚ. ਐੱਸ. ਫੂਲਕਾ ਨੇ ਪੰਜਾਬ ਦੇ ਪੰਜ ਮੰਤਰੀਆਂ ਨਵਜੋਤ ਸਿੰਘ ਸਿੱਧੂ, ਮਨਪ੍ਰੀਤ ਸਿੰਘ ਬਾਦਲ, ਤ੍ਰਿਪਤ ਰਾਜਿੰਦਰ ਸਿੰਘ ਬਾਜਵਾ, ਸੁਖਜਿੰਦਰ ਸਿੰਘ ਰੰਧਾਵਾ ਅਤੇ ਚਰਨਜੀਤ ਸਿੰਘ ਚੰਨੀ 'ਤੇ ਗੁੰਮਰਾਹ ਕਰਨ ਦੇ ਦੋਸ਼ ਲਾਏ ਹਨ। ਉਨ੍ਹਾਂ ਕਿਹਾ ਕਿ ਬੇਅਦਬੀ ਅਤੇ ਪੁਲੀਸ ਗੋਲੀਕਾਂਡਾਂ ਦੇ ਮੁੱਦੇ 'ਤੇ ਇਨ੍ਹਾਂ ਮੰਤਰੀਆਂ ਵੱਲੋਂ ਗਲਤ ਬਿਆਨੀ ਕੀਤੀ ਗਈ ਹੈ ਤੇ ਉਹ ਮੰਤਰੀਆਂ ਨੂੰ ਕਿਸੇ ਵੀ ਮੰਚ 'ਤੇ ਬਹਿਸ ਕਰਨ ਦੀ ਚੁਣੌਤੀ ਦਿੰਦੇ ਹਨ। ਉਨ੍ਹਾਂ ਆਪਣੇ ਅਸਤੀਫ਼ੇ ਦੇ ਐਲਾਨ ਨੂੰ ਦੁਹਰਾਉਂਦਿਆਂ ਕਿਹਾ ਕਿ 16 ਸਤੰਬਰ ਨੂੰ ਦਰਬਾਰ ਸਾਹਿਬ ਅੰਮ੍ਰਿਤਸਰ ਜਾ ਕੇ ਅਸਤੀਫ਼ਾ ਦੇਣਗੇ ਤੇ 17 ਸਤੰਬਰ ਨੂੰ ਅਸਤੀਫ਼ਾ ਵਿਧਾਨ ਸਭਾ ਦੇ ਸਪੀਕਰ ਰਾਣਾ ਕੇ.ਪੀ. ਸਿੰਘ ਨੂੰ ਸੌਂਪ ਦਿੱਤਾ ਜਾਵੇਗਾ। ਐਚ. ਐਸ. ਫੂਲਕਾ ਨੇ ਦੋਸ਼ ਲਾਇਆ ਕਿ ਕੈਪਟਨ ਸਰਕਾਰ ਬੇਅਦਬੀ ਅਤੇ ਗੋਲੀ ਕਾਂਡਾਂ ਦੇ ਮਾਮਲੇ 'ਤੇ ਸਿਆਸੀ ਰੋਟੀਆਂ ਸੇਕ ਰਹੀ ਹੈ। ਫੂਲਕਾ ਨੇ ਕਿਹਾ ਕਿ ਮੰਤਰੀਆਂ ਵੱਲੋਂ ਚੁੱਪ ਧਾਰ ਕਰ ਲੈਣ ਤੋਂ ਸਾਬਤ ਹੁੰਦਾ ਹੈ ਕਿ ਇਹ ਸਿਰਫ਼ ਗਰਜਣਾ ਹੀ ਜਾਣਦੇ ਹਨ ਤੇ ਕਾਰਵਾਈ ਦਾ ਦਮ ਨਹੀਂ ਹੈ ਤੇ ਇਹ ਲੋਕ ਸਿਆਸਤ ਖੇਡ ਕੇ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਇਨ੍ਹਾਂ ਕੇਸਾਂ ਵਿਚ ਹੀ ਉਨ੍ਹਾਂ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਅਤੇ ਸਾਬਕਾ ਪੁਲਿਸ ਮੁਖੀ ਸੁਮੇਧ ਸੈਣੀ ਤੋਂ ਪੁੱਛਗਿੱਛ ਦੀ ਮੰਗ ਕੀਤੀ ਸੀ।



'ਆਪ' ਵਿਧਾਇਕ ਨੇ ਕਿਹਾ ਕਿ ਜੇਕਰ ਕੈਪਟਨ ਸਰਕਾਰ ਉਨ੍ਹਾਂ ਤੋਂ ਪੁੱਛਗਿੱਛ ਨਹੀਂ ਕਰ ਸਕਦੀ ਤਾਂ ਸਾਫ਼ ਹੈ ਕਿ ਉਹ ਬੇਅਦਬੀ ਮਾਮਲਿਆਂ ਨੂੰ ਲਟਕਾਉਣਾ ਚਾਹੁੰਦੀ ਹੈ। ਫੂਲਕਾ ਨੇ ਕਿਹਾ ਹੈ ਕਿ ਕੈਪਟਨ ਸਰਕਾਰ ਬੇਅਦਬੀ ਰਿਪੋਰਟ ਦਾ ਆਉਂਦੀਆਂ ਪੰਚਾਇਤੀ ਚੋਣਾਂ ਅਤੇ ਲੋਕ ਸਭਾ ਚੋਣਾਂ ਵਿਚ ਲਾਹਾ ਲੈਣ ਲਈ ਇਸ 'ਤੇ ਕਾਰਵਾਈ ਨੂੰ ਜਾਣ ਬੁਝ ਕੇ ਲਟਕਾ ਰਹੀ ਹੈ।

# ਪੰਜਾਬ ਦੀ ਰਾਜਨੀਤੀ 'ਚ ਨਵਾਂ ਫਰੰਟ ਖੜ੍ਹਾ ਕਰਨ ਦੀਆਂ ਤਿਆਰੀਆਂ



ਲੁਧਿਆਣਾ 'ਚ ਮੌਜੂਦ ਸਿਆਸੀ ਆਗੂ ਬਲਵੰਤ ਸਿੰਘ ਰਾਮੂਵਾਲੀਆ, ਬੀਰ ਦਵਿੰਦਰ, ਸੁਖਪਾਲ ਸਿੰਘ ਖਹਿਰਾ ਤੇ ਹੋਰ।

**ਲੁਧਿਆਣਾ/ਬਿਊਰੋ ਨਿਊਜ਼ :**
ਪੰਜਾਬ ਦੀ ਰਾਜਨੀਤੀ ਵਿਚ ਨਵੇਂ ਸਿਆਸੀ ਮੁਹਾਜ਼ ਲਈ ਪੇਸ਼ਬੰਦੀਆਂ ਸ਼ੁਰੂ ਹੋ ਗਈਆਂ ਹਨ। ਆਉਣ ਵਾਲੇ ਦਿਨਾ ਦੌਰਾਨ ਇਸ ਬਾਬਤ ਕੋਈ ਗੱਲਬਾਤ ਸ਼ੁਰੂ ਹੋਣ ਦੇ ਆਸਾਰ ਬਣਦੇ ਨਜ਼ਰ ਆ ਰਹੇ ਹਨ। ਸੂਬੇ ਦੀਆਂ ਪ੍ਰਮੁੱਖ ਸਿਆਸੀ ਧਿਰਾਂ ਖ਼ਿਲਾਫ਼ ਮੋਰਚਾ ਖੜ੍ਹਾ ਕੀਤੇ ਜਾਣ ਦੇ ਸੰਕੇਤ ਇੱਥੇ ਹੋਏ ਇਕ ਸਮਾਗਮ ਦੌਰਾਨ ਉਸ ਵੇਲੇ ਨਜ਼ਰ ਆਏ ਜਦੋਂ ਵਿਰੋਧੀ ਧਿਰ 'ਆਪ' ਦੇ ਆਗੂ ਸੁਖਪਾਲ ਸਿੰਘ ਖਹਿਰਾ, ਜਗਮੀਤ ਸਿੰਘ ਬਰਾੜ, ਬੀਰ ਦਵਿੰਦਰ ਸਿੰਘ, ਬਲਵੰਤ ਸਿੰਘ ਰਾਮੂਵਾਲੀਆ, ਸੁੱਚਾ ਸਿੰਘ ਛੋਟੇਪੁਰ ਤੇ ਧਰਮਵੀਰ ਗਾਂਧੀ ਨੇ ਵਿਧਾਇਕ ਬੈਂਸ ਭਰਾਵਾਂ ਦੇ ਪਿਤਾ ਦੇ ਭੋਗ ਵਿੱਚ ਇਕੱਠਿਆਂ ਸ਼ਮੂਲੀਅਤ ਕੀਤੀ।
ਉਨ੍ਹਾਂ ਇਸ ਮੌਕੇ ਬੈਂਸ ਭਰਾਵਾਂ ਨਾਲ ਮਿਲ ਕੇ ਨਵਾਂ ਮੋਰਚਾ ਬਣਾਉਣ ਦਾ ਇਸ਼ਾਰਾ ਦਿੱਤਾ ਗਿਆ ਹੈ। ਤਮਾਮ ਆਗੂਆਂ ਨੇ ਸਪੱਸ਼ਟ ਕੀਤਾ ਕਿ ਉਹ ਸਾਰੇ ਇੱਕ ਮੰਚ 'ਤੇ ਇਕੱਠੇ ਹੋਣ ਲਈ ਤਿਆਰ ਹਨ, ਪਰ ਇਸ ਲਈ ਪਹਿਲਾਂ ਠੋਸ ਰਣਨੀਤੀ ਤੈਅ ਕਰਨ ਦੀ ਜ਼ਰੂਰਤ ਹੈ। ਹਾਲਾਂਕਿ ਭੋਗ ਸਮਾਗਮ ਹੋਣ ਕਾਰਨ ਸਾਰੇ ਆਗੂ ਇਸ਼ਾਰਿਆਂ ਵਿੱਚ ਹੀ ਲੁੱਕਵੇਂ ਜਿਹੇ ਢੰਗ ਨਾਲ ਗੱਠਜੋੜ ਬਾਰੇ ਗੱਲਬਾਤ ਕਰਦੇ ਨਜ਼ਰ ਆਏ।
ਸੂਤਰਾਂ ਮੁਤਾਬਕ ਨਵੇਂ ਮੋਰਚੇ ਲਈ ਵਿਧਾਇਕ ਬੈਂਸ ਭਰਾਵਾਂ ਤੇ 'ਆਪ' ਆਗੂ ਸੁਖਪਾਲ ਸਿੰਘ ਖਹਿਰਾ ਵੱਲੋਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਇਸ ਤੋਂ ਇਲਾਵਾ ਸਾਬਕਾ ਵਿਰੋਧੀ ਧਿਰ ਦੇ ਆਗੂ ਸੁਖਪਾਲ ਸਿੰਘ ਖਹਿਰਾ ਨੇ ਸੂਬੇ ਵਿੱਚ ਹੋਈਆਂ ਬੇਅਦਬੀਆਂ ਦੇ ਮਾਮਲਿਆਂ ਵਿੱਚ ਦੋਸ਼ੀਆਂ ਖ਼ਿਲਾਫ਼ ਕਾਰਵਾਈ ਵਿੱਚ ਦੇਰੀ ਦੇ ਮੁੱਦੇ 'ਤੇ 14 ਸਤੰਬਰ ਨੂੰ ਵੱਖ-ਵੱਖ ਧਿਰਾਂ ਨੂੰ ਮੀਟਿੰਗ ਦਾ ਸੱਦਾ ਦਿੱਤਾ ਹੈ। ਉਨ੍ਹਾਂ ਕਿਹਾ ਕਿ ਇਸ ਮੀਟਿੰਗ ਵਿੱਚ ਸਿਆਸੀ ਧਿਰਾਂ, ਇਨਸਾਫ਼ ਮੋਰਚਾ, ਪੰਥਕ ਮੋਰਚਾ, ਕਿਸਾਨ ਯੂਨੀਅਨ ਅਤੇ ਹੋਰਾਂ ਨੂੰ ਸੱਦਾ ਦਿੱਤਾ ਗਿਆ। ਉਨ੍ਹਾਂ ਕਿਹਾ ਕਿ ਮੀਟਿੰਗ ਤੋਂ ਬਾਅਦ ਕਾਰਵਾਈ ਲਈ ਸਰਕਾਰ ਨੂੰ 40 ਦਿਨ ਦਾ ਅਲਟੀਮੇਟਮ ਦਿੱਤਾ ਜਾਵੇਗਾ ਤੇ ਉਸ ਤੋਂ ਬਾਅਦ ਪੰਜਾਬ ਵਿੱਚ ਰੋਸ ਮੁਜ਼ਾਹਰੇ ਸ਼ੁਰੂ ਕੀਤੇ ਜਾਣਗੇ। ਇਸ ਮੌਕੇ ਸਾਬਕਾ ਕਾਂਗਰਸੀ ਆਗੂ ਜਗਮੀਤ ਸਿੰਘ ਬਰਾੜ, ਬੀਰ ਦਵਿੰਦਰ ਸਿੰਘ ਤੇ ਲੋਕ ਸਭਾ ਮੈਂਬਰ ਧਰਮਵੀਰ ਗਾਂਧੀ ਨੇ ਵੀ ਨਵੇਂ ਧੜੇ ਦੇ ਹੱਕ ਵਿੱਚ ਹਾਮੀ ਭਰੀ।

# ਅਕਾਲੀਆਂ ਦੀ 'ਪੋਲ ਖੋਲ' : ਕਾਂਗਰਸ ਦਾ 'ਹੱਲਾ-ਬੋਲ'



**ਜੈਤੋ/ਬਿਊਰੋ ਨਿਊਜ਼ :** ਪੰਜਾਬ ਦੀ ਰਾਜਨੀਤੀ ਵਿਚ ਜਸਟਿਸ ਰਣਜੀਤ ਸਿੰਘ ਰਿਪੋਰਟ ਨੂੰ ਲੈ ਕੇ ਅਕਾਲੀ ਦਲ ਤੇ ਕਾਂਗਰਸ ਦੋਵੇਂ ਸੜਕਾਂ ਉਤੇ ਉਤਰ ਆਏ ਹਨ। ਅਕਾਲੀ ਦਲ ਨੇ ਸੰਕਟ ਵਿਚੋਂ ਨਿਕਲਣ ਲਈ ਵਾਲੀਆਂ 'ਪੋਲ ਖੋਲ' ਰੈਲੀਆਂ ਕੀਤੀਆਂ ਜਾ ਰਹੀਆਂ ਹਨ। ਇਨਾਂ ਨੂੰ ਠੁੱਸ ਕਰਨ ਲਈ ਕਾਂਗਰਸ ਨੇ "ਹੱਲਾ-ਬੋਲ" ਦੇ ਨਾਮ ਹੇਠ ਹਮਲਾਵਰ ਰੁਖ ਅਖਤਿਆਰ ਕਰ ਲਿਆ ਹੈ। ਇਸ ਤਹਿਤ ਪੰਜਾਬ ਕਾਂਗਰਸ ਪ੍ਰਧਾਨ ਸੁਨੀਲ ਜਾਖੜ ਦੀ ਅਗਵਾਈ ਵਿੱਚ ਕਈ ਮੰਤਰੀਆਂ ਤੇ ਵਿਧਾਇਕਾਂ ਨੇ ਬੇਅਦਬੀ ਘਟਨਾਵਾਂ ਨਾਲ ਜੁੜੇ ਜੈਤੋ ਖੇਤਰ ਦੇ ਪਿੰਡਾਂ ਦਾ ਹੰਗਾਮੀ ਦੌਰਾ ਕੀਤਾ। ਕਾਂਗਰਸ ਆਗੂਆਂ ਨੇ ਬੇਅਦਬੀ ਮੁੱਦੇ ਉੱਤੇ ਅਕਾਲੀਆਂ ਨੂੰ ਘੇਰਦਿਆਂ ਹਮਲੇ ਕੀਤੇ। ਵਿਸ਼ੇਸ਼ ਗੱਲ ਇਹ ਰਹੀ ਕਿ ਕਿਸੇ ਵੀ ਬੁਲਾਰੇ ਦੀ ਜ਼ੁਬਾਨ 'ਤੇ ਆਮ ਆਦਮੀ ਪਾਰਟੀ ਦਾ ਨਾਂਅ ਤੱਕ ਨਹੀਂ ਆਇਆ।
ਕਾਂਗਰਸੀ ਮੰਤਰੀਆਂ ਦਾ ਕਾਫ਼ਲਾ ਪੰਜਗਰਾਈਂ ਖੁਰਦ 'ਚ ਰੁਪਿੰਦਰ ਸਿੰਘ ਤੇ ਜਸਵਿੰਦਰ ਸਿੰਘ ਦੇ ਘਰ ਗਿਆ। ਇਨਾਂ ਸਕੇ ਭਰਾਵਾਂ ਦਾ ਨਾਂਅ ਬਰਗਾੜੀ ਬੇਅਦਬੀ ਕਾਂਡ ਨਾਲ ਜੋੜ ਕੇ ਪੁਲੀਸ ਨੇ ਬੇਹੱਦ ਤਸ਼ੱਦਦ ਢਾਹਿਆ ਸੀ। ਲੋਕ ਵਿਦਰੋਹ ਅੱਗੇ ਝੁਕਦਿਆਂ ਬਾਅਦ ਵਿੱਚ ਸਰਕਾਰ ਨੂੰ ਇਨਾਂ ਉੱਤੇ ਦਰਜ ਪੁਲੀਸ ਕੇਸ ਰੱਦ ਕਰਨਾ ਪਿਆ ਸੀ। ਮੰਤਰੀਆਂ ਦੀ ਟੀਮ ਬੁਰਜ ਜਵਾਹਰ ਸਿੰਘ ਵਾਲਾ ਦੇ ਉਸ ਗੁਰੂ ਘਰ ਵਿਚ ਵੀ ਨਤਮਸਤਕ ਹੋਈ, ਜਿੱਥੋਂ ਪਾਵਨ ਸਰੂਪ ਦਿਨ ਦੀਵੀਂ ਚੋਰੀ ਹੋਇਆ ਸੀ। ਕਾਂਗਰਸੀ ਆਗੂਆਂ ਨੇ ਬਹਿਬਲ ਕਲਾ ਗੋਲੀ ਕਾਂਡ ਵਾਲੀ ਉਹ ਜਗਾ ਵੀ ਦੇਖੀ, ਜਿੱਥੇ ਪੁਲੀਸ ਫਾਇਰਿੰਗ ਵਿਚ ਦੋ ਨੌਜਵਾਨ ਮਾਰੇ ਗਏ ਸਨ।
ਬਾਅਦ ਵਿਚ ਬਹਿਬਲ ਕਲਾਂ ਵਿਖੇ ਵਿਸ਼ਾਲ ਜਨ ਸਭਾ ਦੌਰਾਨ ਸੁਨੀਲ ਜਾਖੜ ਨੇ ਦਰਜਨ ਤੋਂ ਵੀ ਵੱਧ ਵਾਰ ਸੁਖਬੀਰ ਸਿੰਘ ਬਾਦਲ ਨੂੰ ਵਿਅੰਗ ਨਾਲ 'ਸੁਖਬੀਰ ਇੰਸਾਂ' ਕਿਹਾ। ਉਨਾਂ ਆਖਿਆ ਕਿ ਕੋਲਿਆਂਵਾਲੀ ਨੂੰ ਨਾਲ ਲੈ ਕੇ ਚੱਲਣ ਵਾਲਿਆਂ ਨੂੰ ਦੂਰ ਧੱਕ ਕੇ ਬਿਠਾਏ ਬ੍ਰਹਮਪੁਰਾ, ਢੀਂਡਸਾ ਅਤੇ ਭੂੰਦੜ ਵਰਗਿਆਂ ਦੇ ਆਸਰੇ ਦੀ ਲੋੜ ਪੈ ਗਈ ਹੈ। ਨਵਜੋਤ ਸਿੰਘ ਸਿੱਧੂ ਨੇ ਬਾਦਲ ਪਿਓ-ਪੁੱਤਾਂ ਤੋਂ ਇਲਾਵਾ ਬਿਕਰਮ ਮਜੀਠੀਆ ਅਤੇ ਮਨਤਾਰ ਸਿੰਘ ਬਰਾੜ ਉੱਪਰ ਤਾਬੜਤੋੜ ਹਮਲੇ ਕਰਦਿਆਂ ਬੇਅਦਬੀ ਨਾਲ ਜੁੜੇ ਘਟਨਾਕ੍ਰਮ ਵਿਚ ਇਨਾਂ ਦੀ ਸ਼ਮੂਲੀਅਤ ਬਾਰੇ ਖੁਲਾਸੇ ਕੀਤੇ। ਸ੍ਰੀ ਸਿੱਧੂ ਨੇ ਅਕਾਲੀ ਲੀਡਰਾਂ ਨੂੰ ਗਲੀਆਂ ਵਿਚ ਘੇਰਨ ਦੀ ਅਪੀਲ ਕੀਤੀ ਤਾਂ ਲੋਕਾਂ ਨੇ ਇਸ ਦਾ ਪ੍ਰਤੀਕਰਮ ਜੋਸ਼ੀਲੇ ਜੈਕਾਰਿਆਂ ਨਾਲ ਦਿੱਤਾ। ਇਸ ਮੌਕੇ ਸੁਨੀਲ ਜਾਖੜ ਨੇ ਕਿਹਾ ਕਿ ਪੰਜਾਬ ਵਿੱਚ ਚੋਣ ਜ਼ਾਬਤਾ ਖਤਮ ਹੋਣ ਮਗਰੋਂ ਪਿੰਡ ਬੁਰਜ ਜਵਾਹਰ ਸਿੰਘ ਵਾਲਾ ਦੇ ਗ੍ਰੰਥੀ ਨੂੰ 5 ਲੱਖ ਰੁਪਏ ਅਤੇ ਪਿੰਡ ਪੰਜਗਰਾਈਂ ਖੁਰਦ ਨਾਲ ਸਬੰਧਤ ਤਸ਼ੱਦਦ ਦਾ ਸ਼ਿਕਾਰ 2 ਨੌਜਵਾਨਾਂ ਨੂੰ 15 ਲੱਖ ਰੁਪਏ ਅਤੇ ਰੁਜ਼ਗਾਰ ਮੁਹੱਈਆ ਕਰਵਾਇਆ ਜਾਵੇਗਾ।

# ਸੁਖਪਾਲ ਸਿੰਘ ਖਹਿਰਾ ਤੇ ਧਰਮਵੀਰ ਗਾਂਧੀ ਦੀ 'ਸਿਆਸੀ ਗਲਵੱਕੜੀ'

**ਪਟਿਆਲਾ/ਬਿਊਰੋ ਨਿਊਜ਼ :** ਆਮ ਆਦਮੀ ਪਾਰਟੀ ਦੇ ਬਾਗੀ ਧੜੇ ਵਲੋਂ ਸੁਖਪਾਲ ਸਿੰਘ ਖਹਿਰਾ ਦੀ ਅਗਵਾਈ ਵਿਚ ਪਟਿਆਲਾ ਵਿਖੇ ਕਨਵੈਨਸ਼ਨ ਕੀਤੀ ਗਈ। ਇਸ ਰੈਲੀ ਦੀ ਖਾਸ ਗੱਲ ਇਹ ਰਹੀ ਕਿ ਲੰਮੇ ਸਮੇਂ ਤੋਂ ਆਪਣੇ ਆਪ ਨੂੰ ਆਮ ਆਦਮੀ ਪਾਰਟੀ ਤੋਂ ਵੱਖ ਰੱਖਦੇ ਆ ਰਹੇ ਸੰਸਦ ਮੈਂਬਰ ਡਾ. ਧਰਮਵੀਰ ਗਾਂਧੀ ਵੀ ਸ਼ਾਮਲ ਹੋਏ। ਇਸ ਦੌਰਾਨ ਖਹਿਰਾ ਨੇ ਕਿਹਾ ਕਿ ਡਾ. ਧਰਮਵੀਰ ਗਾਂਧੀ ਕੈਪਟਨ ਅਤੇ ਬਾਦਲਾਂ ਨਾਲੋਂ ਵਧੀਆ ਸਿੱਖ ਹਨ, ਕਿਉਂਕਿ ਇਨ੍ਹਾਂ ਅੰਦਰ ਪੰਜਾਬ ਪ੍ਰਤੀ ਦੁੱਖ ਝਲਕਦਾ ਹੈ। ਖਹਿਰਾ ਤੇ ਗਾਂਧੀ ਦੀ ਇਸ ਮਿਲਣੀ ਬਾਰੇ ਭਾਵੇਂ ਪੰਜਾਬ ਦੇ ਸਿਆਸੀ ਵਿਸ਼ਲੇਸ਼ਕਾਂ ਨੇ ਹਾਲਾਂ ਕੋਈ ਖਾਸ ਟਿੱਪਣੀ ਨਹੀਂ ਕੀਤੀ ਪਰ ਮੰਨਿਆ ਜਾ ਰਿਹਾ ਕਿ ਧਰਮਵੀਰ ਗਾਂਧੀ ਪਟਿਆਲਾ ਲੋਕ ਸਭਾ ਸੀਟ ਨੂੰ ਦੁਬਾਰਾ ਆਪਣੇ ਕਬਜ਼ੇ ਵਿਚ ਕਰਨ ਦੀ ਰਣਨੀਤੀ ਉਤੇ ਚੱਲ ਰਹੇ ਹਨ। ਉਂਝ ਉਹ ਸੁਖਪਾਲ ਸਿੰਘ ਖਹਿਰੇ ਦੇ ਥੱਲੇ



ਲੱਗ ਕੇ ਰਾਜਨੀਤੀ ਕਰਨ ਨੂੰ ਵੀ ਰਾਜ਼ੀ ਨਹੀਂ ਜਾਪਦੇ ਤੇ ਉਨ੍ਹਾਂ ਆਮ ਆਦਮੀ ਪਾਰਟੀ ਵਿਚੋਂ ਸੁਖਪਾਲ ਖਹਿਰਾ ਧੜੇ ਦੀ ਹਾਲੀਆ ਬਗਾਵਤ ਮੌਕੇ ਵੀ ਕਿਹਾ ਸੀ ਕਿ ਉਨ੍ਹਾਂ ਵਿਚ ਸਿਧਾਂਤਕ ਮੱਤਭੇਦ ਹਨ। ਇਸ ਕਰਕੇ ਗਾਂਧੀ ਦਾ ਖਹਿਰਾ ਧੜੇ ਦੀ ਕਨਵੈਨਸ਼ਨ ਵਿਚ ਜਾਣਾ ਇਹ ਜ਼ਾਹਰ ਕਰਦਾ ਹੈ ਕਿ ਜਾਂ ਤਾਂ ਉਹ ਆਪਣੇ ਪੁਰਾਣੇ ਪੈਂਤੜੇ ਨੂੰ ਗਲਤ ਮੰਨ ਕੇ ਦੁਬਾਰਾ ਮਿਲ ਕੇ ਚੱਲਣ ਲਈ ਰਾਜ਼ੀ ਹੋਏ ਹਨ ਜਾਂ ਫਿਰ ਇਹ ਕੇਵਲ ਉਨ੍ਹਾਂ ਦੀ ਪਟਿਆਲਾ ਲੋਕ ਸਭਾ ਸੀਟ ਬਾਰੇ ਸਿਆਸੀ ਤੋਲ-ਮੋਲ ਦੀ ਰਣਨੀਤੀ ਹੀ ਹੈ।

## ਚੰਡੀਗੜ੍ਹ 'ਚ ਸਿੱਖ ਬੀਬੀਆਂ ਲਈ ਹੈਲਮਟ ਪੁਲਿਸ ਚਲਾਨ ਕੱਟਣ 'ਚ ਜੁਟੀ

**ਚੰਡੀਗੜ੍ਹ/ਬਿਊਰੋ ਨਿਊਜ਼ :**
ਚੰਡੀਗੜ੍ਹ ਪ੍ਰਸਾਸ਼ਨ ਵੱਲੋਂ ਸ਼ਹਿਰ ਵਿਚ ਦੋ ਪਹੀਆ ਵਾਹਨ ਚਲਾਉਣ ਵਾਲੀਆਂ ਔਰਤਾਂ ਲਈ ਹੈਲਮਟ ਦੀ ਵਰਤੋਂ ਜ਼ਰੂਰੀ ਕਰ ਦਿੱਤੀ ਗਈ ਹੈ ਪਰ ਇਸ ਫੈਸਲੇ ਵਿਚ ਪ੍ਰਸਾਸ਼ਨ ਨੇ ਸਿੱਖ ਔਰਤਾਂ ਲਈ ਹੈਲਮਟ ਦੀ ਰਿਆਇਤ ਸਿਰਫ਼ ਪਗੜੀ ਪਾਉਣ 'ਤੇ ਹੀ ਦਿੱਤੀ ਗਈ ਹੈ। ਬੀਤੇ ਕੁਝ ਦਿਨਾਂ ਵਿਚ ਸਿੱਖ ਜਥੇਬੰਦੀਆਂ ਵਲੋਂ ਚੰਡੀਗੜ੍ਹ ਪ੍ਰਸਾਸ਼ਨ ਦੇ ਇਸ ਫੈਸਲੇ ਨੂੰ ਵਾਪਸ ਲੈਣ ਲਈ ਪ੍ਰਦਰਸ਼ਨ ਵੀ ਕੀਤੇ ਜਾ ਚੁੱਕੇ ਹਨ ਪਰ ਪ੍ਰਸਾਸ਼ਨ ਆਪਣੇ ਫੈਸਲੇ 'ਤੇ ਅੜਿਆ ਹੋਇਆ ਹੈ ਅਤੇ ਚੰਡੀਗੜ੍ਹ ਪੁਲਿਸ ਚਲਾਨ

**ਬਾਕੀ ਸਫ਼ਾ 32 'ਤੇ**

# ਭਾਰਤ-ਅਮਰੀਕਾ ਗੱਲਬਾਤ : ਪਰਮਾਣੂ ਸਪਲਾਇਰ ਗਰੁੱਪ 'ਚ ਭਾਰਤ ਦੀ ਪੱਕੀ ਮੈਂਬਰੀ ਲਈ ਮਿਲ ਕੇ ਚੱਲਣ ਦਾ ਫੈਸਲਾ

ਨਵੀਂ ਦਿੱਲੀ/ਬਿਊਰੋ ਨਿਊਜ਼ :
ਭਾਰਤ ਤੇ ਅਮਰੀਕਾ ਵਿੱਚ ਇੱਥੇ 2+2 ਵਾਰਤਾ ਦੌਰਾਨ ਰੱਖਿਆ ਤਕਨੀਕਾਂ ਸਬੰਧੀ ਲੰਬੇ ਸਮੇਂ ਤੋਂ ਵਿਚਾਰ ਅਧੀਨ ਸਮਝੌਤੇ ਉੱਤੇ ਦੋਵਾਂ ਮੁਲਕਾਂ ਦੇ ਆਗੂਆਂ ਨੇ ਸਹੀ ਪਾ ਦਿੱਤੀ ਹੈ। ਇਸ ਤਹਿਤ ਅਮਰੀਕਾ ਭਾਰਤ ਨੂੰ ਰੱਖਿਆ ਤਕਨੀਕ ਮੁਹੱਈਆ ਕਰਵਾਏਗਾ। ਦੋਵਾਂ ਦੇਸ਼ਾਂ ਦੇ ਆਗੂਆਂ ਵਿੱਚ ਹੋਈ ਗੱਲਬਾਤ ਦੌਰਾਨ ਇਸ ਗੱਲ ਉੱਤੇ ਵੀ ਸਹਿਮਤੀ ਬਣੀ ਹੈ ਕਿ ਪਰਮਾਣੂ ਸਪਲਾਇਰ ਗਰੁੱਪ ਵਿੱਚ ਭਾਰਤ ਦੀ ਮੈਂਬਰੀ ਨੂੰ ਸੁਰੱਖਿਅਤ ਕਰਨ ਲਈ ਦੋਵੇਂ ਦੇਸ਼ ਮਿਲ ਕੇ ਕੰਮ ਕਰਨਗੇ।
ਹੋਰ ਮੁੱਢਲੇ ਮੁੱਦਿਆਂ ਦੇ ਨਾਲ ਸਰਹੱਦ ਪਾਰਲੇ ਅਤਿਵਾਦ, ਐੱਨਐੱਸਜੀ ਵਿੱਚ ਭਾਰਤ ਦੀ ਮੈਂਬਰੀ ਅਤੇ ਐੱਚ 1-ਬੀ ਵੀਜ਼ਾ ਨੂੰ ਜਾਰੀ ਰੱਖਣ ਬਾਰੇ ਅਹਿਮ ਗੱਲਬਾਤ ਹੋਈ। ਭਾਰਤ ਦੀ ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ, ਰੱਖਿਆ ਮੰਤਰੀ ਨਿਰਮਲਾ ਸੀਤਾਰਾਮਨ ਅਤੇ ਅਮਰੀਕਾ ਦੇ ਵਿਦੇਸ਼ ਮੰਤਰੀ ਮਾਈਕ ਆਰ ਪੌਂਪੀਓ, ਰੱਖਿਆ ਮੰਤਰੀ ਜੇਮਜ਼ ਮੈਟਿਜ਼ ਵਿਚਕਾਰ ਹੋਈ ਗੱਲਬਾਤ ਦੌਰਾਨ ਦੋਵਾਂ ਦੇਸ਼ਾਂ ਵਿੱਚ ਹੌਟਲਾਈਨ ਸਥਾਪਿਤ ਕਰਨ ਦਾ ਵੀ ਫੈਸਲਾ ਹੋਇਆ।
ਸਾਂਝੀ ਮੀਡੀਆ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਸ੍ਰੀਮਤੀ ਸਵਰਾਜ ਨੇ ਵੱਖ ਵੱਖ ਮੁੱਦਿਆਂ ਬਾਰੇ ਹੋਏ ਵਿਚਾਰ ਵਟਾਂਦਰੇ ਬਾਰੇ ਵੇਰਵੇ ਸਹਿਤ ਜਾਣਕਾਰੀ ਦਿੰਦਿਆਂ ਇਸ ਸ਼ੁਰੂਆਤੀ



ਸੰਵਾਦ ਉੱਤੇ ਤਸੱਲੀ ਦਾ ਪ੍ਰਗਟਾਵਾ ਕੀਤਾ ਹੈ। ਸ੍ਰੀ ਪੌਂਪੀਓ ਨੇ ਗੱਲਬਾਤ ਨੂੰ ਪ੍ਰਭਾਵਸ਼ਾਲੀ ਕਰਾਰ ਦਿੰਦਿਆਂ ਕਿਹਾ ਕਿ 'ਕਮਿਊਨੀਕੇਸ਼ਨ, ਕੰਪੈਟੇਬਾਲਿਟੀ, ਸਕਿਓਰਟੀ ਐਗਰੀਮੈਂਟ (ਸੀਓਐਮਸੀਏਐੱਸਏ) ਦੋਵਾਂ ਦੇ ਦੇਸ਼ਾਂ ਦੇ ਸਬੰਧਾਂ ਵਿੱਚ ਮੀਲ ਪੱਥਰ ਸਾਬਿਤ ਹੋਵੇਗਾ। ਸੀਤਾਰਾਮਨ ਨੇ ਕਿਹਾ ਕਿ ਰੱਖਿਆ ਸਮਝੌਤੇ ਨਾਲ ਭਾਰਤ ਦੀ ਰੱਖਿਆ ਸਮਰੱਥਾ ਅਤੇ ਮੁਸਤੈਦੀ ਵਧੇਗੀ। ਕੋਮਕਾਸਾ ਸਮਝੌਤੇ ਰਾਹੀਂ ਭਾਰਤ ਨੂੰ ਅਮਰੀਕਾ ਤੋਂ ਅਹਿਮ ਰੱਖਿਆ ਟੈਕਨਾਲੌਜੀ ਮਿਲੇਗੀ ਅਤੇ ਅਹਿਮ ਸੰਚਾਰ ਨੈੱਟਵਰਕ ਹਾਸਲ ਹੋਵੇਗਾ,ਜਿਸ ਦੇ ਰਾਹੀਂ ਭਵਿੱਖ ਵਿੱਚ ਭਾਰਤ ਤੇ ਅਮਰੀਕਾ ਦੀਆਂ ਸੈਨਾਵਾਂ ਵਿਚਕਾਰ ਕਾਰਵਾਈ ਨੂੰ ਅਸਰਦਾਰ ਢੰਗ ਦੇ ਨਾਲ ਅੰਜ਼ਾਮ ਦੇਣ ਦੀ ਸਮਰੱਥਾ ਵਧ ਜਾਵੇਗੀ।
ਸ੍ਰੀਮਤੀ ਸਵਰਾਜ ਨੇ ਇਹ ਵੀ ਦਾਅਵਾ ਕੀਤਾ ਹੈ ਕਿ ਇਸ ਵਾਰਤਾ ਤੋਂ ਇਹ ਵੀ ਪ੍ਰਭਾਵ ਪਿਆ ਹੈ ਕਿ ਦੋਵਾਂ ਦੇਸ਼ਾਂ ਦੇ ਆਗੂਆਂ ਦੀ ਇਹ ਦ੍ਰਿੜ ਇੱਛਾ ਹੈ ਕਿ ਦੋਵੇਂ ਦੇਸ਼ ਰੱਖਿਆ ਅਤੇ ਸੁਰੱਖਿਆ ਦੇ ਮੁੱਦਿਆਂ ਉੱਤੇ ਦੁਵੱਲੇ ਰਣਨੀਤਕ ਸਬੰਧ ਹੋਰ ਮਜ਼ਬੂਤ ਕਰਨ ਲਈ ਅੱਗੇ ਵਧਣ। ਉਨਾਂ ਕਿਹਾ ਕਿ ਅਮਰੀਕਾ ਵੱਲੋਂ ਭਾਰਤ ਨੂੰ ਰਣਨੀਤਕ ਵਪਾਰ ਲਈ ਅਧਿਕਾਰਤ ਯੋਗ ਦੇਸ਼ਾਂ ਦੀ ਸੂਚੀ ਵਿੱਚ ਸ਼ਾਮਲ ਕਰਕੇ (ਟਾਇਰ-1) ਲਾਇਸੈਂਸ ਤੋਂ ਛੋਟ ਦੇਣ ਤੋਂ ਭਾਰਤ ਦਾ ਆਪਣੇ ਵਪਾਰ ਨਾਲ ਸਬੰਧਤ ਮਜ਼ਬੂਤ ਬਰਾਮਦ ਨੀਤੀਆਂ ਉੱਤੇ ਕੰਟਰੋਲ ਦਾ ਪਤਾ ਚੱਲਦਾ ਹੈ।
ਉਨਾਂ ਕਿਹਾ ਕਿ ਵਿਚਾਰ ਵਟਾਂਦਰੇ ਦੌਰਾਨ ਦੋਵਾਂ ਦੇਸ਼ਾਂ ਵਿੱਚ ਇਸ ਗੱਲ ਉੱਤੇ ਵੀ ਸਹਿਮਤੀ ਬਣੀ ਹੈ ਕਿ ਪਰਮਾਣੂ ਸਪਲਾਇਰ ਗਰੁੱਪ ਵਿੱਚ ਭਾਰਤ ਦੀ ਮੈਂਬਰੀ ਨੂੰ ਸੁਰੱਖਿਅਤ ਕਰਨ ਲਈ ਦੋਵੇਂ ਦੇਸ਼ ਮਿਲ ਕੇ ਕੰਮ ਕਰਨਗੇ। ਉਨਾਂ ਨੇ ਸ੍ਰੀ ਪੌਂਪੀਓ ਨਾਲ ਮੁਲਾਕਾਤ ਦਾ ਜ਼ਿਕਰ ਕਰਦਿਆਂ ਕਿਹਾ ਕਿ ਉਨਾਂ ਨੇ ਭਾਰਤ ਤੇ ਅਮਰੀਕਾ ਦੇ ਆਪਸੀ ਸਬੰਧਾਂ ਵੱਲੋਂ ਪਿਛਲੇ ਮਹੀਨਿਆਂ ਵਿੱਚ ਅਖ਼ਤਿਆਰ ਕੀਤੀ ਨਵੀਂ ਦਿਸ਼ਾ ਬਾਰੇ ਚਰਚਾ ਕਰਨ ਦੇ ਨਾਲ ਨਾਲ ਖੇਤਰੀ ਮੁੱਦਿਆਂ ਨੂੰ ਵੀ ਵਿਚਾਰਿਆ ਅਤੇ ਭਾਰਤ ਦੀਆਂ ਫਿਕਰਮੰਦੀਆਂ ਤੋਂ ਜਾਣੂ ਕਰਵਾਇਆ।
ਸ੍ਰੀਮਤੀ ਸਵਰਾਜ ਨੇ ਕਿਹਾ ਕਿ ਅਸੀਂ ਉਨਾਂ ਨੂੰ ਐੱਚ1 ਵੀਜ਼ਾ ਉੱਤੇ ਬਿਨਾਂ ਕਿਸੇ ਵਿਤਕਰੇ ਦੇ ਯੋਗ ਪਹੁੰਚ ਅਖ਼ਤਿਆਰ ਕਰਨ ਦੇ ਭਾਰਤੀ ਪੱਖ ਤੋਂ ਵੀ ਜਾਣੂ ਕਰਵਾਇਆ ਹੈ। ਦੋਵੇਂ ਦੇਸ਼ਾਂ ਨੇ ਸੰਯੁਕਤ ਰਾਸ਼ਟਰ ਸਣੇ ਹੋਰ ਅੰਤਰਰਾਸ਼ਟਰੀ ਮੰਚਾਂ ਉੱਤੇ ਸਬੰਧ ਹੋਰ ਮਜ਼ਬੂਤ ਕਰਨ ਦੇ ਨਾਲ ਨਾਲ ਅੰਤਰਾਸ਼ਟਰੀ ਅਤਿਵਾਦ ਨਾਲ ਮਿਲ ਕੇ ਲੜਨ ਪ੍ਰਤੀ ਵੀ ਵਚਨਬੱਧਤਾ ਪ੍ਰਗਟਾਈ ਹੈ। ਉਨਾਂ ਨੇ ਪਾਕਿਸਤਾਨ ਵਿੱਚ ਪਣਪ ਰਹੇ ਅਤਿਵਾਦ ਤੋਂ ਅੰਤਰਰਾਸ਼ਟਰੀ ਭਾਈਚਾਰੇ ਨੂੰ ਪੈਦਾ ਖਤਰੇ ਨੂੰ ਵੀ ਸਮਝਿਆ ਹੈ। ਭਾਰਤ ਨੇ ਅਮਰੀਕਾ ਦੀ ਅਫਗਾਨ ਨੀਤੀ ਦੀ ਵੀ ਹਮਾਇਤ ਕੀਤੀ ਹੈ। ਭਾਰਤ ਨੇ ਅਮਰੀਕਾ ਵੱਲੋਂ ਲਸ਼ਕਰ-ਏ-ਤੌਇਬਾ ਨੂੰ ਅਤਿਵਾਦੀ ਸੂਚੀ ਵਿੱਚ ਸ਼ਾਮਲ ਕਰਨ ਦਾ ਵੀ ਸਵਾਗਤ ਕੀਤਾ ਹੈ। ਦੋਵਾਂ ਦੇਸ਼ਾਂ ਨੇ 26/11 ਹਮਲਿਆਂ ਦੀ ਦਸਵੀਂ ਵਰੇਗੰਢ ਉੱਤੇ ਪੀੜਤਾਂ ਨੂੰ ਇਨਸਾਫ਼ ਦੇ ਨਾਲ ਨਾਲ ਇਸ ਦੇ ਸਾਜਿਸ਼ਕਾਰਾਂ ਨੂੰ ਸਖਤ ਸਜ਼ਾਵਾਂ ਦੇਣ ਪ੍ਰਤੀ ਵੀ ਇੱਕਮੁੱਠਤਾ ਦਾ ਪ੍ਰਗਟਾਵਾ ਕੀਤਾ ਹੈ।
ਇਸ ਦੌਰਾਨ ਦੋਵਾਂ ਦੇਸ਼ਾਂ ਨੇ ਵਧੇਰੇ ਪੂੰਜੀ ਨਿਵੇਸ਼ ਨਾਲ ਦੁਵੱਲੇ ਵਪਾਰ ਤੇ ਆਰਥਿਕ ਭਾਈਵਾਲੀ ਨੂੰ ਮਜ਼ਬੂਤ ਕਰਨ ਅਤੇ ਰੁਜ਼ਗਾਰ ਦੇ ਵਧੇਰੇ ਮੌਕੇ ਪੈਦਾ ਕਰਨ ਲਈ ਵਚਨਬੱਧਤਾ ਪ੍ਰਗਟਾਈ ਹੈ। ਦੋਵੇਂ ਦੇਸ਼ ਇੰਡੋ-ਪ੍ਰਸ਼ਾਂਤ ਦੇਸ਼ਾਂ ਦੇ ਨਾਲ ਮਿਲ ਕੇ ਪਾਰਦਰਸ਼ੀ, ਜ਼ਿੰਮੇਵਾਰ, ਹੰਢਣਸਾਰ, ਮੁੱਢਲੇ ਢਾਂਚੇ ਦੇ ਵਿਕਾਸ ਲਈ ਆਰਥਿਕ ਸਹਾਇਤਾ ਦੇਣ ਲਈ ਵੀ ਸਹਿਮਤ ਹੋਏ ਹਨ। ਅਮਰੀਕਾ ਦੇ ਵਿਦੇਸ਼ ਮੰਤਰੀ ਮਾਈਕ ਪੌਂਪੀਓ ਨੇ ਰੂਸ ਅਤੇ ਇਰਾਨ ਦੇ ਮਾਮਲੇ ਵਿੱਚ ਭਾਰਤ ਨੂੰ ਪਾਬੰਦੀਆਂ ਤੋਂ ਛੋਟ ਦੇਣ ਬਾਰੇ ਕਿਹਾ ਕਿ ਇਸ ਮੁੱਦੇ ਉੱਤੇ ਗੱਲਬਾਤ ਜਾਰੀ ਹੈ। ਉਨਾਂ ਸਪਸ਼ਟ ਕੀਤਾ ਕਿ ਵਾਸ਼ਿੰਗਟਨ ਦੀ ਇਹ ਇੱਛਾ ਨਹੀ ਕਿ ਭਾਰਤ ਵਰਗੇ ਅਹਿਮ ਭਾਈਵਾਲ ਨੂੰ ਜਾਣਬੁੱਝ ਕੇ ਨਿਸ਼ਾਨਾ ਬਣਾਇਆ ਜਾਵੇ। ਦੋਵਾਂ ਦੇਸ਼ਾਂ ਵਿਚਕਾਰ ਅੱਜ ਹੋਈ ਗੱਲਬਾਤ ਦੌਰਾਨ ਦੋਵਾਂ ਦੇਸ਼ਾਂ ਦੇ ਵਿਦੇਸ਼ ਅਤੇ ਰੱਖਿਆ ਮੰਤਰਾਲਿਆਂ ਵਿੱਚ ਹੌਟਲਾਈਨਾਂ ਕਾਇਮ ਕਰਨ ਬਾਰੇ ਵੀ ਸਹਿਮਤੀ ਬਣੀ ਹੈ ਤਾਂ ਜੋ ਗੱਲਬਾਤ ਦੌਰਾਨ ਲਏ ਗਏ ਫੈਸਲਿਆਂ ਨੂੰ ਸਹੀ ਭਾਵਨਾ ਵਿੱਚ ਲਾਗੂ ਕੀਤਾ ਜਾ ਸਕੇ।

## ਦਿਲਾਂ ਨੂੰ ਜੋੜਦਾ ਬੰਦ ਲਾਂਘਾ

# ਸ੍ਰੀ ਕਰਤਾਰਪੁਰ ਸਾਹਿਬ



**ਪ੍ਰੋ. ਚਮਨ ਲਾਲ,** (ਸੰਪਰਕ: 98687-74820)

ਦੋ ਜੱਟਾਂ ਨਵਜੋਤ ਸਿੱਧੂ ਅਤੇ ਕਮਰ ਜਾਵੇਦ ਬਾਜਵਾ ਦੀ ਗਲਵੱਕੜੀ ਨੇ ਪੂਰੇ ਭਾਰਤ ਵਿਚ ਹੰਗਾਮਾ ਖੜ੍ਹਾ ਕਰ ਦਿੱਤਾ ਅਤੇ ਗੱਲ-ਗੱਲ 'ਤੇ



ਦੂਜਿਆਂ ਦੀ ਖਿੱਲੀ ਉਡਾਉਣ ਵਾਲਿਆਂ ਨੂੰ ਚੰਗਾ ਮਸਾਲਾ ਮਿਲ ਗਿਆ। ਦਰਅਸਲ, ਇਨ੍ਹਾਂ ਦੋਵੇਂ ਉੱਘੀਆਂ ਹਸਤੀਆਂ ਵਿੱਚੋਂ ਇਕ ਭਾਰਤੀ ਅਤੇ ਦੂਜੀ ਪਾਕਿਸਤਾਨੀ ਹੈ। ਸਿਆਸਤ ਜੋ ਵੀ ਹੋਵੇ, ਇਸ ਘਟਨਾ ਨੇ ਲੰਮੇ ਸਮੇਂ ਤੋਂ ਲਟਕਿਆ ਆ ਰਿਹਾ ਸਮਾਜਿਕ, ਸੱਭਿਆਚਾਰਕ ਤੇ ਧਾਰਮਿਕ ਆਧਾਰ 'ਤੇ ਭਾਵਨਾਤਮਿਕ ਮੁੱਦਾ ਇਕ ਵਾਰ ਫਿਰ ਭਖਾ ਦਿੱਤਾ ਹੈ। ਇਹ ਮੁੱਦਾ ਭਾਰਤ ਦੇ ਡੇਰਾ ਬਾਬਾ ਨਾਨਕ ਤੋਂ ਮਹਿਜ਼ ਸਾਢੇ ਚਾਰ ਕਿਲੋਮੀਟਰ ਦੂਰ ਪਾਕਿਸਤਾਨ ਵਿੱਚ ਪੈਂਦੇ ਗੁਰਦੁਆਰਾ ਕਰਤਾਰਪੁਰ ਸਾਹਿਬ ਦਾ ਲਾਂਘਾ ਖੋਲ੍ਹਣ ਦਾ ਹੈ। ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਦੇਵ ਜੀ ਨੇ ਆਪਣੀਆਂ ਚਾਰ ਉਦਾਸੀਆਂ ਤੋਂ ਪਰਤਣ ਅਤੇ ਆਪਣੇ ਸ਼ਾਗਿਰਦ ਭਾਈ ਲਹਿਣਾ ਜੀ ਨੂੰ ਗੁਰੂ ਅੰਗਦ ਦੇਵ ਜੀ ਨਾਮ ਦੇ ਕੇ ਗੁਰਗੱਦੀ ਸੌਂਪਣ ਮਗਰੋਂ ਆਪਣੇ ਜੀਵਨ ਦੇ ਅੰਤਲੇ 18 ਵਰ੍ਹੇ ਕਰਤਾਰਪੁਰ ਵਿਖੇ ਬਿਤਾਏ। ਗੁਰੂ ਨਾਨਕ ਦੇਵ ਜੀ ਨੇ ਗੁਰਮਤਿ ਅਤੇ ਸਿੱਖੀ ਦੀ ਕਸਵੱਟੀ ਉਤੇ ਖਰੀ ਸ਼ਰਧਾ ਸੇਵਕੀ ਨੂੰ ਤਰਜੀਹ ਦਿੰਦਿਆਂ ਆਪਣੇ ਗਿਆਨਵਾਨ ਵਿਦਵਾਨ ਪੁੱਤਰ ਸ੍ਰੀ ਚੰਦ ਨੂੰ ਗੁਰਗੱਦੀ ਦੇ ਕਾਬਲ ਨਹੀਂ ਸੀ ਸਮਝਿਆ ਜਿਨ੍ਹਾਂ ਨੇ ਬਾਅਦ ਵਿਚ ਆਪਣਾ ਵੱਖਰਾ ਉਦਾਸੀ ਸੰਪਰਦਾਏ ਚਲਾਇਆ। ਗੁਰੂ ਨਾਨਕ ਸਾਹਿਬ ਕਰਤਾਰਪੁਰ ਵਿਖੇ 70 ਸਾਲ ਦੀ ਉਮਰ ਵਿਚ ਜੋਤੀ ਜੋਤ ਸਮਾਏ। ਗੁਰੂ ਸਾਹਿਬ ਦੇ ਜੋਤੀ ਜੋਤ ਸਮਾਉਣ ਵਾਲੀ ਥਾਂ ਉੱਤੇ ਸੁਸ਼ੋਭਿਤ ਗੁਰਦੁਆਰਾ ਹੁਣ ਦਰਬਾਰ ਸਾਹਿਬ, ਕਰਤਾਰਪੁਰ ਵਜੋਂ ਜਾਣਿਆ ਜਾਂਦਾ ਹੈ। ਮੱਘਰ ਵਿਖੇ ਗੁਰੂ ਨਾਨਕ ਦੇ ਸਮਕਾਲੀ ਭਗਤ ਕਵੀ ਕਬੀਰ ਜੀ ਦਾ ਮਕਬਰਾ ਅਤੇ ਸਮਾਧੀ ਇਕੱਠੇ ਬਣੇ ਹੋਏ ਹਨ। ਉਸੇ ਤਰ੍ਹਾਂ ਗੁਰੂ ਨਾਨਕ ਦੇਵ ਜੀ ਯਾਦ ਵਿਚ ਵੀ ਇੱਕੋ ਥਾਂ ਗੁਰਦੁਆਰਾ, ਸਮਾਧੀ ਅਤੇ ਮਕਬਰਾ ਬਣਿਆ ਹੋਇਆ ਹੈ ਕਿਉਂਕਿ ਤਿੰਨਾਂ ਧਾਰਮਿਕ ਅਕੀਦਿਆਂ ਦੇ ਲੋਕਾਂ ਦੀ ਉਨ੍ਹਾਂ ਦੇ ਮਾਨਵਵਾਦੀ ਫਲਸਫ਼ੇ ਪ੍ਰਤੀ ਅਥਾਹ ਸ਼ਰਧਾ ਹੈ।

ਭਾਰਤ ਦੇ ਡੇਰਾ ਬਾਬਾ ਨਾਨਕ ਵਾਲੇ ਪਾਸਿਓਂ ਇਹ ਗੁਰਦੁਆਰਾ ਮਹਿਜ਼ ਸਾਢੇ ਚਾਰ ਕਿਲੋਮੀਟਰ ਦੂਰ ਹੈ ਜਦੋਂਕਿ ਪਾਕਿਸਤਾਨ ਦੇ ਸ਼ਹਿਰ ਲਾਹੌਰ ਵੱਲੋਂ ਸੌ ਕਿਲੋਮੀਟਰ ਤੋਂ ਵਧੇਰੇ ਦਾ ਪੰਧ ਤੈਅ ਕਰਕੇ ਉੱਥੇ ਪਹੁੰਚਣਾ ਪੈਂਦਾ ਹੈ। ਨਨਕਾਣਾ ਸਾਹਿਬ ਅਤੇ ਪੰਜਾ ਸਾਹਿਬ ਦੇ ਦਰਸ਼ਨਾਂ ਲਈ ਪਾਕਿਸਤਾਨ ਜਾਣ ਵਾਲਾ ਕੋਈ ਵੀ ਸ਼ਰਧਾਵਾਨ ਸਿੱਖ ਜਾਂ ਪੰਜਾਬੀ ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਦਾ ਮੌਕਾ ਖੁੰਝਾਉਣਾ ਨਹੀਂ ਚਾਹੁੰਦਾ। ਨਾਨਕ ਨਾਮ ਲੇਵਾ ਸੰਗਤ ਲਈ ਇਹ ਅਸਥਾਨ ਗੁਰੂ ਨਾਨਕ ਦੇਵ ਜੀ ਦੇ ਜਨਮ ਅਸਥਾਨ ਨਨਕਾਣਾ ਸਾਹਿਬ ਜਿੰਨਾ ਹੀ ਅਹਿਮ ਹੈ। ਫਿਰ ਵੀ ਇਹ ਵੱਡਾ ਮੁੱਦਾ ਨਹੀਂ ਬਣਿਆ ਕਿਉਂਕਿ ਸੰਨ 1965 ਜਾਂ ਸ਼ਾਇਦ ਸੰਨ 1971 ਤਕ ਅਣਅਧਿਕਾਰਤ ਰੂਪ ਵਿਚ ਡੇਰਾ ਬਾਬਾ ਨਾਨਕ ਵਾਲੇ ਪਾਸੇ ਤੋਂ ਕਰਤਾਰਪੁਰ ਜਾਣਾ ਸੁਖਾਲਾ ਸੀ ਪਰ ਸੰਨ 1971 ਦੀ ਜੰਗ ਮਗਰੋਂ ਹਾਲਾਤ ਬਦਲ ਗਏ। ਇਹ ਹੈਰਾਨੀ ਦੀ ਗੱਲ ਹੈ ਕਿ ਸੰਨ 1961 ਵਿਚ ਜਦੋਂ ਭਾਰਤ ਸਰਕਾਰ ਨੇ ਸ਼ਹੀਦ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦੀ ਹੁਸੈਨੀਵਾਲਾ ਯਾਦਗਾਰ ਵਾਪਸ ਲੈਣ ਖ਼ਾਤਰ ਪਾਕਿਸਤਾਨ ਨਾਲ ਕੁਝ ਪਿੰਡਾਂ ਦਾ ਤਬਾਦਲਾ ਕੀਤਾ ਸੀ ਤਾਂ ਉਦੋਂ ਹੀ ਸਰਹੱਦ ਨੇੜਲੇ ਕੁਝ ਹੋਰ ਪਿੰਡਾਂ ਦਾ ਵਟਾਂਦਰਾ ਕਰਕੇ ਗੁਰਦੁਆਰਾ ਕਰਤਾਰਪੁਰ ਸਾਹਿਬ ਕਿਉਂ ਨਹੀਂ ਮੰਗਿਆ ਗਿਆ? ਉਂਜ ਵੀ ਪੂਰੀ ਦੁਨੀਆ ਦੇ ਹੋਰ ਮੁਲਕਾਂ ਦੀਆਂ ਸਰਕਾਰਾਂ ਧਾਰਮਿਕ ਅਸਥਾਨਾਂ ਦੇ ਮਾਮਲੇ ਵਿਚ ਉਦਾਰਵਾਦੀ ਰਵੱਈਆ ਅਪਣਾਉਂਦੀਆਂ ਹਨ ਪਰ ਕਰਤਾਰਪੁਰ ਗੁਰਦੁਆਰਾ ਅਸਥਾਨ ਪਹਿਲਾਂ ਵੱਡਾ ਮੁੱਦਾ ਨਹੀਂ ਬਣ ਸਕਿਆ। ਸੰਨ 2000 ਵਿਚ ਤਤਕਾਲੀ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਦੀ ਲਾਹੌਰ ਫੇਰੀ ਮਗਰੋਂ ਦੋਵੇਂ ਮੁਲਕਾਂ ਦੀਆਂ ਸਰਕਾਰਾਂ ਦਰਮਿਆਨ ਇਸ ਸਰਹੱਦ 'ਤੇ ਸਥਿਤ ਗੁਰਦੁਆਰਾ ਦਰਬਾਰ ਸਾਹਿਬ, ਕਰਤਾਰਪੁਰ ਦਾ ਲਾਂਘਾ ਖੋਲ੍ਹਣ ਲਈ ਥੋੜ੍ਹੀ ਸਹਿਮਤੀ ਬਣੀ ਸੀ। ਡੇਰਾ ਬਾਬਾ ਨਾਨਕ ਦੇ ਬਾਸ਼ਿੰਦਿਆਂ, ਪੰਜਾਬੀਆਂ ਅਤੇ ਸਿੱਖਾਂ ਨੂੰ ਇਸ ਗੱਲ ਤੋਂ ਬਹੁਤ ਖ਼ੁਸ਼ੀ ਹੋਈ ਸੀ ਪਰ ਭਾਰਤ-ਪਾਕਿਸਤਾਨ ਦੇ ਸਬੰਧਾਂ ਵਿਚ ਮਗਰੋਂ ਆਈ ਕਸ਼ੀਦਗੀ ਕਾਰਨ ਉਨ੍ਹਾਂ ਦੀਆਂ ਆਸਾਂ 'ਤੇ ਪਾਣੀ ਫਿਰ ਗਿਆ। ਗ਼ੌਰਤਲਬ ਹੈ ਕਿ ਦੋਵਾਂ ਮੁਲਕਾਂ ਦਰਮਿਆਨ ਰਿਸ਼ਤੇ ਹੁਣ ਬਦ ਤੋਂ ਬਦਤਰ ਹੋ ਚੁੱਕੇ ਹਨ।

ਸਿਆਸੀ ਤੌਰ 'ਤੇ ਵੱਖ ਵੱਖ ਮੁਲਕਾਂ ਵਿੱਚ ਵੰਡੇ ਹੋਏ, ਪਰ ਸਾਂਝੀ ਭਾਸ਼ਾ ਅਤੇ ਸੱਭਿਆਚਾਰ ਵਾਲੇ ਲੋਕਾਂ ਦੀ ਸੱਭਿਆਚਾਰਕ ਸਾਂਝ ਦੀ ਪੇਚੀਦਗੀ ਨੂੰ ਗ਼ੈਰ-ਪੰਜਾਬੀ ਅਤੇ ਗ਼ੈਰ-ਬੰਗਾਲੀ ਲੋਕ ਨਹੀਂ ਸਮਝ ਸਕਦੇ। ਦੇਖਣ ਵਾਲੀ ਗੱਲ ਹੈ ਕਿ ਉੱਤਰੀ ਅਤੇ ਦੱਖਣੀ ਕੋਰੀਆ ਦੀ ਸਿਆਸੀ ਲੀਡਰਸ਼ਿਪ ਨੇ ਦਹਾਕਿਆਂ ਤਕ ਬਣਿਆ ਰਿਹਾ ਤਣਾਅ ਘਟਾਇਆ ਤਾਂ ਦੋਵੇਂ ਪਾਸਿਆਂ ਦੇ ਲੋਕਾਂ ਨੇ ਕਿਵੇਂ ਭਾਵਨਾਤਮਿਕ ਹੁੰਗਾਰਾ ਦਿੱਤਾ ਜਾਂ ਸੋਵੀਅਤ ਯੂਨੀਅਨ ਟੁੱਟਣ ਮਗਰੋਂ ਬਰਲਿਨ ਦੀ ਦੀਵਾਰ ਢਾਹੇ ਜਾਣ ਉੱਤੇ ਦੋਵਾਂ ਪਾਸਿਆਂ ਦੇ ਜਰਮਨ ਲੋਕਾਂ ਨੇ ਕਿੰਨੀ ਖ਼ੁਸ਼ੀ ਮਨਾਈ। ਆਰਐੱਸਐੱਸ ਦਾ ਅੰਧ-ਰਾਸ਼ਟਰਵਾਦ ਦੋਵੇਂ ਮੁਲਕਾਂ ਦੇ ਪੰਜਾਬੀਆਂ ਨੂੰ ਨਹੀਂ ਪੋਂਹਦਾ। ਸੰਨ 1947 ਦੀ ਦੇਸ਼-ਵੰਡ ਸਮੇਂ ਤਕਰੀਬਨ ਦਸ ਲੱਖ ਲੋਕਾਂ ਨੂੰ ਮਾਰ ਮੁਕਾਉਣ, ਇੱਕ ਕਰੋੜ ਲੋਕਾਂ ਨੂੰ ਉਜਾੜਨ ਅਤੇ ਔਰਤਾਂ ਉੱਤੇ ਅਸਹਿ ਤੇ ਅਕਹਿ ਜ਼ੁਲਮ ਢਾਹੁਣ ਦੇ ਬਾਵਜੂਦ ਹੁਣ ਦੋਵੇਂ ਮੁਲਕਾਂ ਦੇ ਪੰਜਾਬੀ ਜਦੋਂ ਵੀ ਆਪਸ ਵਿਚ ਮਿਲਦੇ ਹਨ ਤਾਂ ਕੱਟੜਪੰਥੀਆਂ ਦੇ ਪ੍ਰਭਾਵ ਅਧੀਨ ਇੱਕ ਦੂਜੇ ਖ਼ਿਲਾਫ਼ ਕੀਤੇ ਅਪਰਾਧਾਂ ਉੱਤੇ ਝੂਰਦੇ ਹਨ। ਸੱਭਿਆਚਾਰਕ

ਬਾਕੀ ਸਫ਼ਾ 32 'ਤੇ

# ਭਾਈ ਗੁਰਦਾਸ ਜੀ ਦੀ ਨਜ਼ਰ 'ਚ ਗੁਰੂ ਹਰਿਗੋਬਿੰਦ ਸਾਹਿਬ

**ਬਲਵਿੰਦਰ ਸਿੰਘ ਜੌੜਾ ਸਿੰਘਾ**

ਗੁਰਬਾਣੀ ਦਾ ਸ਼੍ਰੋਮਣੀ ਵਿਆਖਿਆਕਾਰ ਹੋਣ ਦਾ ਮਾਣ ਭਾਈ ਗੁਰਦਾਸ ਨੂੰ ਦਿੱਤਾ ਜਾਂਦਾ ਹੈ। ਭਾਈ ਸਾਹਿਬ ਨੇ 40 ਵਾਰਾਂ, 675 ਕਬਿੱਤ ਅਤੇ ਸੰਸਕ੍ਰਿਤ ਵਿਚ ਛੇ ਸਲੋਕ ਭਾਵੇਂ ਅਸ਼ੁੱਧ ਰੂਪ ਵਿਚ ਹਨ, ਲਿਖ ਕੇ ਗੁਰਮਤਿ ਸਾਹਿਤ ਦੇ ਖੇਤਰ ਵਿਚ ਆਪਣੀ ਵੱਖਰੀ ਥਾਂ ਬਣਾਈ ਹੈ। ਜਿੱਥੇ ਕਬਿੱਤ ਤੇ ਸਲੋਕਾਂ ਵਿਚ ਗੁਰਮਤਿ ਸਿਧਾਂਤਾਂ ਦੀ ਵਿਆਖਿਆ ਨੂੰ ਉਭਾਰਿਆ ਹੈ, ਉੱਥੇ ਵਾਰਾਂ ਵਿਚ ਗੁਰਬਾਣੀ ਦੀ ਵਿਆਖਿਆ ਦੇ ਨਾਲ-ਨਾਲ ਗੁਰੂ ਸਾਹਿਬਾਨਾਂ ਦੇ ਜੀਵਨ ਸੰਬੰਧੀ ਵੇਰਵੇ ਵੀ ਦਿੱਤੇ ਹਨ। ਇਸ ਤੋਂ ਬਿਨਾਂ ਗੁਰੂ ਘਰ ਦੇ ਵਿਰੋਧੀਆਂ, ਸਿੱਖ ਸੰਗਤਾਂ ਤੇ ਲਹਿਰ ਦੇ ਵਿਕਾਸ ਬਾਰੇ ਵੀ ਦੱਸਿਆ ਹੈ। ਭਾਈ ਗੁਰਦਾਸ ਦੀਆਂ ਵਾਰਾਂ ਵਿਚ ਗੁਰੂ ਹਰਿਗੋਬਿੰਦ ਬਾਰੇ ਭਾਵੇਂ ਵਿਸਥਾਰਤ ਜਾਣਕਾਰੀ ਮੌਜੂਦ ਨਹੀਂ, ਫਿਰ ਵੀ ਵਾਰ ਪਹਿਲੀ, ਤੀਜੀ, ਤੇਰਵੀਂ, ਵੀਹਵੀਂ, ਚੌਵੀਵੀਂ, ਪੰਝੀਵੀਂ, ਛੱਬੀਵੀਂ, ਪੈਂਤੀਵੀਂ ਅਤੇ ਉਨਤਾਲਵੀ ਦੀਆਂ ਕੁਝ ਪਉੜੀਆਂ ਵਿਚ ਜ਼ਿਕਰ ਹੈ।

ਸਮਕਾਲੀ ਪ੍ਰਸਥਿਤੀਆਂ : ਭਾਈ ਗੁਰਦਾਸ ਗੁਰੂ ਪਰਿਵਾਰ ਨਾਲ ਸੰਬੰਧਿਤ ਸਨ। ਉਹ ਗੁਰੂ ਅਮਰਦਾਸ ਦੇ ਭਤੀਜੇ ਲਗਦੇ ਸਨ। ਬਾਲ ਜੀਵਨ ਵਿਚ ਮਾਤਾ-ਪਿਤਾ ਗੁਜ਼ਰ ਜਾਣ ਕਰਕੇ ਇਨ੍ਹਾਂ ਦਾ ਪਾਲਣ ਪੋਸ਼ਣ ਗੁਰੂ ਅਮਰਦਾਸ ਦੀ ਨਿਗਰਾਨੀ ਹੇਠ ਗੋਇੰਦਵਾਲ ਵਿਖੇ ਹੋਇਆ। ਵੱਖ-ਵੱਖ ਭਾਸ਼ਾਵਾਂ ਤੇ ਧਰਮਾਂ ਦੇ ਗਿਆਨ ਗੁਰੂ ਦੀ ਸੰਗਤ ਕਰਕੇ ਹਾਸਲ ਕੀਤਾ। ਇੱਥੋਂ ਹੀ ਆਗਰੇ, ਬੁਰਹਾਨ ਪੁਰ ਆਦਿ ਥਾਵਾਂ ਤੇ ਸਿੱਖੀ ਦਾ ਪ੍ਰਚਾਰ ਕਰਨ ਗਏ। ਗੁਰੂ ਰਾਮਦਾਸ ਦੇ ਅੰਤਲੇ ਜੀਵਨ ਕਾਲ ਵਿਚ ਹੀ ਉਨ੍ਹਾਂ ਦੇ ਵੱਡੇ ਸਪੁੱਤਰ ਪ੍ਰਿਥੀ ਚੰਦ ਨੇ ਕਈ ਤਰ੍ਹਾਂ ਦੇ ਝਗੜੇ ਪੈਦਾ ਕਰਨੇ ਸ਼ੁਰੂ ਕਰ ਦਿੱਤੇ ਸਨ, ਜੋ ਗੁਰੂ ਜੀ ਦੇ ਜੋਤੀ-ਜੋਤਿ ਸਮਾਉਣ ਤੋਂ ਪਿੱਛੋਂ ਹੋਰ ਪ੍ਰਬਲ ਰੂਪ ਧਾਰ ਗਏ। ਗੁਰੂ ਅਰਜਨ ਦੇਵ ਦੇ ਗੁਰੂਗੱਦੀ ਉੱਤੇ ਬੈਠਣ ਤੇ ਪ੍ਰਿਥੀ ਚੰਦ ਨੇ ਵੱਖਰੇ ਤੌਰ 'ਤੇ ਗੁਰਗੱਦੀ ਬਣਾਉਣ ਦਾ ਜਤਨ ਕੀਤਾ। ਕੁਝ ਮਸੰਦਾਂ ਨੂੰ ਵਰਗਲਾ ਕੇ ਮਗਰ ਲਾ ਲਿਆ ਗਿਆ। ਗੁਰੂ ਘਰ ਪ੍ਰਤੀ ਸੰਗਤਾਂ ਨੂੰ ਗੁੰਮਰਾਹ ਕਰਨ ਤੋਂ ਬਿਨਾਂ ਚੜ੍ਹਾਵੇ ਨੂੰ ਜ਼ਬਰੀ ਲੈਣ ਲੱਗ ਪਿਆ। ਭਾਈ ਗੁਰਦਾਸ ਜਿਉਂ ਹੀ ਰਾਮਦਾਸ ਪੁਰ ਪਹੁੰਚੇ ਤਾਂ ਗੁਰੂ ਘਰ ਵਿਚ ਪਏ ਇਸ ਬਖੇੜੇ ਬਾਰੇ ਪਤਾ ਲੱਗਾ। ਸ਼ਾਂਤੀ ਦੇ ਪੁੰਜ ਪੰਚਮ ਪਿਤਾ ਕਿਸੇ ਝਗੜੇ ਵਿਚ ਨਹੀਂ ਪੈਣਾ ਚਾਹੁੰਦੇ ਸਨ, ਪਰ ਭਾਈ ਗੁਰਦਾਸ ਨੇ ਬਾਬਾ ਬੁੱਢਾ ਅਤੇ ਹੋਰ ਸਿੱਖਾਂ ਦੇ ਸਹਿਯੋਗ ਨਾਲ ਪ੍ਰਿਥੀ ਚੰਦ ਤੇ ਉਸ ਦੇ ਵਰਗਲਾਏ ਮਸੰਦਾਂ ਦੁਆਰਾ ਪੈਦਾ ਕੀਤੀਆਂ ਜਾ ਰਹੀਆਂ ਔਕੜਾਂ ਦੂਰ ਕਰਨ ਦਾ ਜਤਨ ਕੀਤਾ। ਸੰਗਤਾਂ ਨੂੰ ਅਸਲੀਅਤ ਤੋਂ ਜਾਣੂ ਕਰਵਾਇਆ। ਪ੍ਰਿਥੀ ਚੰਦ ਨੂੰ ਸਮਝਾਉਣ ਲਈ ਉਨ੍ਹਾਂ ਦੇ ਸਹੁਰੇ ਪਿੰਡ ਹੇਹਰ ਤੱਕ ਗਏ, ਭਾਵੇਂ ਕਿ ਪ੍ਰਿਥੀ ਚੰਦ ਨੇ ਵਿਰੋਧ ਹੀ ਕੀਤਾ। ਭਾਈ ਗੁਰਦਾਸ ਨੇ ਪ੍ਰਿਥੀ ਚੰਦ ਦੀ ਇਸ ਮਾੜੀ ਨੀਅਤ ਸੰਬੰਧੀ 'ਮੀਣਾ' ਸ਼ਬਦ ਵਰਤਿਆ ਹੈ। ਗੁਰੂ ਘਰ ਦੇ ਲੰਗਰ ਸੰਬੰਧੀ ਤੇ ਹੋਰ ਆਰਥਿਕ ਔਕੜਾਂ ਨੂੰ ਦੂਰ ਕਰਨ ਪਿੱਛੋਂ ਗੁਰੂ ਅਰਜਨ ਦੇਵ ਨੇ ਸਿੱਖ ਧਰਮ ਦੇ ਸੰਗਠਨ ਨੂੰ ਹੋਰ ਪਕੇਰਾ ਕਰਨ ਲਈ ਵਿਉਂਤਾਂ ਬਣਾਈਆਂ। ਭਾਈ ਗੁਰਦਾਸ ਜੀ ਗੁਰੂ ਸਾਹਿਬ ਜੀ ਦੀ ਅਗਵਾਈ ਵਿਚ ਸਿੱਖ ਗੁਰੂ ਸਾਹਿਬਾਨ ਦੀ ਬਾਣੀ ਨੂੰ ਇਕ ਥਾਂ ਇਕੱਤਰ ਕੀਤਾ ਤੇ ਗੁਰੂ ਗ੍ਰੰਥ ਸਾਹਿਬ ਦੀ ਆਦਿ ਬੀੜ ਦੇ ਪਹਿਲੇ ਲਿਖਾਰੀ ਹੋਣ ਦਾ ਮਾਣ ਪ੍ਰਾਪਤ ਕੀਤਾ। ਭਾਈ ਸਾਹਿਬ ਅੰਮ੍ਰਿਤ ਸਰੋਵਰ ਤੇ ਹਰਿਮੰਦਰ ਸਾਹਿਬ ਦੀ ਸੇਵਾ ਸੰਭਾਲ ਵਿਚ ਵੀ ਉਦਮ ਕਰਦੇ ਰਹੇ।

ਗੁਰੂ ਅਰਜਨ ਦੇਵ ਦੀ ਸ਼ਹਾਦਤ ਤੋਂ ਪਿੱਛੋਂ ਗੁਰੂ ਹਰਿਗੋਬਿੰਦ ਸਾਹਿਬ ਗੱਦੀ ਤੇ ਬੈਠੇ ਤਾਂ ਭਾਈ ਗੁਰਦਾਸ ਛੇਵੇਂ ਗੁਰੂ ਜੀ ਦੀ ਸੇਵਾ ਵਿਚ ਜੁਟ ਪਏ। ਗੁਰੂ ਘਰ ਦੀਆਂ ਵਿਸ਼ੇਸ਼ ਜ਼ਿੰਮੇਵਾਰੀਆਂ ਹੋਰ ਆ ਪਈਆਂ। ਅਕਾਲ ਤਖ਼ਤ ਦੀ ਸਥਾਪਨਾ ਤੋਂ ਬਾਅਦ ਪ੍ਰਚਾਰ ਕਰਦੇ ਹੋਏ ਵੱਖ-ਵੱਖ ਥਾਵਾਂ ਤੇ ਗਏ। ਗੁਰਮਤਿ ਸਾਹਿਤ ਰਚਨ ਦੀ ਸੇਵਾ ਵੀ ਨਾਲੋਂ-ਨਾਲ ਕਰੀ ਜਾਂਦੇ ਸਨ। ਭਾਈ ਗੁਰਦਾਸ ਜੀ ਦੀਆਂ ਵਾਰਾਂ ਤੋਂ ਗੁਰੂ ਹਰਿਗੋਬਿੰਦ ਸਾਹਿਬ ਸੰਬੰਧੀ ਹੇਠ ਲਿਖੇ ਨੁਕਤੇ ਮੁਖ ਰੂਪ ਵਿਚ ਉਭਰ ਕੇ ਦ੍ਰਿਸ਼ਟੀਗੋਚਰ ਹੁੰਦੇ ਹਨ :

(ੳ) ਗੁਰੂ ਸਾਹਿਬਾਨ ਦੀ 'ਏਕਾ ਗੁਰ ਜੋਤ' ਨੂੰ ਦਰਸਾਉਣਾ।

(ਅ) ਗੁਰੂ ਹਰਿਗੋਬਿੰਦ ਦੇ ਸਮੇਂ ਆਈਆਂ ਤਬਦੀਲੀਆਂ ਸੰਬੰਧੀ ਸ਼ੰਕਾਵਾਂ ਨੂੰ ਦੂਰ ਕਰਨ ਦਾ ਯਤਨ ਕਰਨਾ।

(ੲ) ਗੁਰੂ ਹਰਿਗੋਬਿੰਦ ਦੇ ਵਡ ਜੋਧਾ ਤੇ ਪਰਉਪਕਾਰੀ ਗੁਣਾਂ ਨੂੰ ਉਜਾਗਰ ਕਰਨਾ।

(ੳ) ਭਾਈ ਗੁਰਦਾਸ ਨੇ ਆਪਣੀਆਂ ਵਾਰਾਂ ਵਿਚ ਛੇ ਗੁਰੂ ਸਾਹਿਬਾਨ ਦੀ 'ਏਕਾ ਗੁਰ ਜੋਤ' ਨੂੰ ਦਰਸਾਉਣ ਦਾ ਯਤਨ ਕੀਤਾ ਹੈ। ਗੁਰੂ ਨਾਨਕ ਦੇਵ ਦੇ ਸਮੇਂ ਤੋਂ ਹੀ ਗੁਰਗੱਦੀ



ਦੇ ਅਸਲੀ ਵਾਰਸ ਸੰਬੰਧੀ ਗੁਰੂ ਪਰਿਵਾਰਾਂ ਵਿਚ ਕਿੰਤੂ-ਪਰੰਤੂ ਉਠ ਪਿਆ ਸੀ। ਬਾਬਾ ਸ੍ਰੀ ਚੰਦ ਤੇ ਲਖਮੀ ਦਾਸ ਨੇ ਗੁਰੂ ਅੰਗਦ ਦੇਵ ਨੂੰ ਪ੍ਰਵਾਨ ਨਾ ਕੀਤਾ। ਏਸੇ ਕਰਕੇ ਗੁਰੂ ਅੰਗਦ ਦੇਵ ਕਰਤਾਰਪੁਰ ਤੋਂ ਖਡੂਰ ਚਲੇ ਗਏ। ਗੁਰੂ ਪਰਿਵਾਰ ਦੇ ਦੋਵੇਂ ਪੁੱਤਰ ਕਰਤਾਰਪੁਰ ਦੀ ਜੱਦੀ ਜਾਇਦਾਦ ਲੈ ਕੇ ਕੁਝ ਹੱਦ ਤੱਕ ਤਾਂ ਸੰਤੁਸ਼ਟ ਹੋ ਗਏ। ਫਿਰ ਗੁਰੂ ਪੁੱਤਰਾਂ ਦਾਤੂ ਤੇ ਦਾਸੂ ਨੇ ਜੋ ਰਵੱਈਆ ਗੁਰੂ ਅਮਰਦਾਸ ਸੰਬੰਧੀ ਧਾਰਨ ਕੀਤਾ, ਉਹ ਵੀ ਵੇਖਣਯੋਗ ਹੈ। ਦਾਸੂ ਜੀ ਨੇ ਵੱਖਰੀ ਮੰਜੀ ਲਾ ਲਈ ਸੀ :

"ਮੰਜੀ ਦਾਸੁ ਬਹਾਲਿਆ
ਦਾਤਾ ਸਿਧਾਸਣ ਸਿਖਿ ਆਇਆ।"

ਗੁਰੂ ਰਾਮਦਾਸ ਵੇਲੇ ਮੋਹਨ ਤੇ ਮੋਹਰੀ ਜੀ ਵਲੋਂ ਕੋਈ ਵੱਡਾ ਸੰਕਟ ਤਾਂ ਨਾ ਖੜ੍ਹਾ ਕੀਤਾ ਗਿਆ, ਪਰ ਅੰਦਰੂਨੀ ਵਿਰੋਧਤਾ ਤੇ ਗੁਰਗੱਦੀ ਦੀ ਤਾਂਘ ਜ਼ਰੂਰ ਰਹੀ। ਗੁਰੂ ਅਰਜਨ ਦੇਵ ਵੇਲੇ ਭਾਵੇਂ ਨਾਨਕ ਜੋਤ ਗੁਰੂ ਪਰਿਵਾਰ ਵਿਚ ਹੀ ਪਸਰੀ। ਪ੍ਰਿਥੀ ਚੰਦ ਵੱਡਾ ਪੁੱਤਰ ਹੋਣ ਕਰਕੇ ਗੁਰਗੱਦੀ ਦਾ ਦਾਅਵੇਦਾਰ ਸੀ। ਏਥੇ ਆ ਕੇ ਪਰਿਵਾਰਕ ਵਿਰੋਧ ਦੁਸ਼ਮਣੀ ਧਾਰਨ ਕਰ ਗਿਆ। ਪ੍ਰਿਥੀ ਚੰਦ ਨੇ ਹਰ ਗਲਤ ਤਰੀਕੇ ਨਾਲ ਗੁਰਗੱਦੀ ਹਥਿਆਉਣ ਦੀ ਕੋਸ਼ਿਸ਼ ਕੀਤੀ। ਗੁਰੂ ਸਾਹਿਬਾਨਾਂ ਦੇ ਪਰਿਵਾਰਕ ਵਿਰੋਧਾਂ ਬਾਰੇ ਭਾਈ ਸਾਹਿਬ ਉਲੇਖ ਕਰਦੇ ਹਨ :

ਬਾਲ ਜਤੀ ਸਿਰੀ ਚੰਦ
ਬਾਬਾਣਾ ਦੇਹੁਰਾ ਬਣਾਇਆ।
ਲਖਮੀ ਦਾਸਹੁ ਧਰਮ ਚੰਦ
ਪੋਤਾ ਹੁਇ ਕੈ ਆਪ ਗਣਾਇਆ।
ਮੰਜੀ ਦਾਸ ਬਹਾਲਿਆ
ਦਾਤਾ ਸਿਧਾਸਣ ਸਿਖਿ ਆਇਆ।
ਮੋਹਣ ਕਮਲਾ ਹੋਇਆ
ਚਉਬਾਰਾ ਮੋਹਰੀ ਬਨਾਇਆ।
ਮੀਣਾ ਹੋਆ ਪ੍ਰਿਥੀਆ
ਕਰਿ ਕਰਿ ਤੋਢਕ ਬਰਲੁ ਚਲਾਇਆ।
ਮਹਾਂ ਦੇਉ ਅਹੰਮੇਉ ਕਰਿ
ਕਰਿ ਬੇਮੁਖ ਕੁਤਾ ਭਉਕਾਇਆ।(26/33)

ਭਾਈ ਗੁਰਦਾਸ ਜੀ ਨੇ ਮੁਕਾਬਲੇ ਤੇ ਖੜ੍ਹੀ ਕੀਤੀ ਜਾ ਰਹੀ ਗੁਰੂ ਸੰਸਥਾ ਦੇ ਝੂਠ ਦੇ ਪਾਜ ਨੂੰ ਖੋਲ੍ਹਣ ਅਤੇ ਸਤਿਗੁਰਾਂ ਦੇ ਦਰਬਾਰ ਦੇ ਸੱਚ ਨੂੰ ਉਭਾਰਨ ਦਾ ਯਤਨ ਕੀਤਾ ਹੈ :

ਦੁਨਿਆਵੀ ਪਾਤਿਸ਼ਾਹ
ਹੋਇ ਦੇਇ ਮਰੇ ਪੁੱਤੈ ਪਾਤਿਸ਼ਾਹੀ।
ਦੋਹੀ ਫਿਰੈ ਆਪਣੀ
ਹੁਕਮੀ ਬੰਦੇ ਸਭ ਸਿਪਾਹੀ।
ਕੁਤਬਾ ਜਾਇ ਪੜਾਇੰਦਾ
ਕਾਜੀ ਮੁਲਾਂ ਭਰੇ ਉਗਾਹੀ।
ਇਕ ਦੋਹੀ ਟਕਸਾਲ
ਇਕ ਕੁਤਬਾ ਤਖ਼ਤ ਸੱਚਾ ਦਰਗਾਹੀ
ਗੁਰਮੁਖ ਸੁਖ ਫਲ ਦਾਦ ਇਲਾਹੀ॥(23/31)

ਕਿ ਗੁਰੂ ਘਰ ਦੀ ਮਰਿਯਾਦਾ ਇਹੀ ਹੈ ਕਿ ਗੁਰੂ ਗੁਰਮੁਖਾਂ ਵਾਲਾ ਗਾਡੀ ਰਾਹ ਚਲਾਉਂਦਾ ਹੈ। ਏਥੇ ਇਕ ਅਕਾਲ ਪੁਰਖ ਦੇ ਨਾਂ ਦੀ ਦੁਹਾਈ ਹੈ। ਸਤ ਸੰਗਤ ਦੇ ਰੂਪ ਵਿਚ ਟਕਸਾਲ ਹੈ। ਇਕੋ ਗੁਰਬਾਣੀ ਦਾ ਰੂਪ ਕੁਤਬਾ ਹੈ। ਇਕੋ ਸੱਚਾ ਤਖ਼ਤ ਹੈ, ਇਕੋ ਨਿਆਂ ਦੇਣ ਵਾਲਾ ਹੈ। ਭਾਵ ਸੱਚਾ ਦਰਬਾਰ ਹੈ। ਇਸ ਨਿਆਂ ਦੇ ਰਾਹੀਂ ਹਰ ਗੁਰਮੁਖ ਸੁਖ ਫਲ ਪ੍ਰਾਪਤ ਕਰਦਾ ਹੈ। ਦੂਜੇ ਪਾਸੇ ਝੂਠ ਦੀ ਦੁਕਾਨ ਸੰਬੰਧੀ ਵਰਣਨ ਹੈ :

ਜੇ ਕੋ ਆਪ ਗਣਾਇਕੈ
ਪਾਤਸ਼ਾਹਾ ਤੇ ਆਕੀ ਹੋਵੈ।
ਹੋਇ ਕਤਲਾਮ ਹਰਾਮਖੋਰ
ਕਾਫ ਨ ਖੱਫਣ ਚਿਤਾ ਨਾ ਟੋਵੈ।
ਟਕਸਾਲਹੁੰ ਬਾਹਰ ਘੜੇ ਖੋਟੈ ਹਾਰਾ
ਜਨਮ ਵਿਗੋਵੈ।
ਲਿਬਾਸੀ ਫੁਰਮਾਨ ਲਿਖ ਹੋਇ
ਨੁਖਸਨੀ ਅੰਝੂ ਰੋਵੈ॥
ਗਿੱਦੜ ਕੀ ਕਰ ਸਾਹਿਬੀ ਬੋਲ
ਕੁਬੋਲ ਨ ਅਬਿਚਲ ਹੋਵੈ॥
ਮੂਹ ਕਾਲੈ ਗੱਦਹੁੰ ਚੜ੍ਹੇ
ਰਾਉ ਪੜੇਵੀ ਭਰਿਆ ਹੋਵੈ॥
ਦੂਜੇ ਭਾਇ ਕੁਥਾਇ ਖਲੋਵੈ॥

ਇਸ ਤਰ੍ਹਾਂ ਪ੍ਰਿਥੀ ਚੰਦ ਨੇ ਵੱਖਰੀ ਗੱਦੀ ਲਾ ਕੇ ਕਈ ਤਰ੍ਹਾਂ ਦੇ ਭੁਲੇਖੇ ਪੈਦਾ ਕਰਨ ਦੇ ਯਤਨ ਕੀਤੇ, ਪਰ ਭਾਈ ਗੁਰਦਾਸ ਜੀ ਨੇ ਇਨ੍ਹਾਂ ਕੁਚਾਲਾਂ ਨੂੰ ਅਸਫ਼ਲ ਕਰਨ ਲਈ ਗੁਰੂ ਸਾਹਿਬਾਨ ਦੀ 'ਏਕਾ ਗੁਰ ਜੋਤ' ਨੂੰ ਪ੍ਰਵਾਨ ਕਰਕੇ ਲੋਕਾਂ ਵਿਚ ਪ੍ਰਚਾਰਿਆ ਤੇ ਪਸਾਰਿਆ। 'ਗੁਰ ਏਕਾ ਜੋਤ' ਸੰਬੰਧੀ ਉਹ ਬਿਆਨ ਕਰਦੇ ਹਨ :

ਅਰਜਨ ਕਾਇਆ ਪਲਟ ਕੈ
ਮੂਰਤਿ ਹਰਿਗੋਬਿੰਦ ਸਵਾਰੀ।(1-48)
ਪਾਰਬ੍ਰਹਮ ਪੂਰਣ ਬ੍ਰਹਮ ਗੁਰ ਨਾਨਕ ਦੇਉ
ਹਰਿਗੋਬਿੰਦ ਗੋਵਿੰਦ ਗੁਰ ਕਾਰਣ ਕਰਣੇਉ।
(13/25)
ਹਰਿਗੋਬਿੰਦ ਗੋਵਿੰਦ ਗੁਰ ਜੋਤਿ
ਇਕ ਦੁਇ ਨਾਵ ਧਰਾਯਾ।(24/25)

'ਗੁਰ ਏਕਾ ਜੋਤ' ਵਿਚ ਏਕਤਾ ਨੂੰ ਪ੍ਰਗਟਾਉਣ ਸੰਬੰਧੀ ਗੁਰਬਾਣੀ ਵਿਚ ਭੱਟਾਂ ਦੀ ਰਚਨਾ ਵਿਚ ਵੀ ਪੁਸ਼ਟੀ ਹੁੰਦੀ ਹੈ। ਵੱਖ-ਵੱਖ ਬਾਣੀਕਾਰਾਂ ਨੇ ਨਿਰੰਕਾਰ ਦੀ ਜੋਤ ਨੂੰ ਗੁਰੂ ਨਾਨਕ ਦੇਵ ਜੀ ਰਾਹੀਂ ਪ੍ਰਗਟਾਅ ਕੇ ਅੱਗੇ ਦੂਸਰੇ ਗੁਰੂ ਸਾਹਿਬਾਨ ਵਿਚ ਪ੍ਰਜਵਲਤ ਹੋਣ ਬਾਰੇ ਵਰਨਣ ਕੀਤੇ ਹਨ। ਭਾਵੇਂ ਏਥੇ ਗੁਰੂ ਹਰਿਗੋਬਿੰਦ ਸਾਹਿਬ ਬਾਰੇ ਕੋਈ ਉਲੇਖ ਨਹੀਂ, ਕਿਉਂਕਿ ਭੱਟਾਂ ਦੀ ਬਾਣੀ ਗੁਰੂ ਜੀ ਦੇ ਗੁਰਗੱਦੀ ਤੇ ਬਿਰਾਜਮਾਨ ਹੋਣ ਤੋਂ ਪਹਿਲਾਂ ਦੀ ਹੈ। ਸੋ ਭਾਈ ਗੁਰਦਾਸ ਦੇ 'ਗੁਰੂ ਏਕਾ ਜੋਤ' ਨੂੰ ਪਰਗਟਾਉਣ ਦਾ ਅਰਥ ਗੁਰੂ ਸਾਹਿਬਾਨ ਦੀ ਉਤਰਾਧਿਕਾਰਤਾ ਦੀ ਮਾਨਤਾ ਤੇ ਗੁਰੂ ਸੰਸਥਾ ਦੇ ਮੁਕਾਬਲੇ ਵਿਰੋਧ ਦੇ ਮਨਸੂਬਿਆਂ ਦਾ ਪਤਾ ਲੱਗਦਾ ਹੈ।

(ਅ) ਭਾਈ ਗੁਰਦਾਸ ਜੀ ਨੇ ਵਾਰਾਂ ਵਿਚ ਇਕ ਹੋਰ ਮਹੱਤਵਪੂਰਨ ਵਿਚਾਰ ਦਿੱਤਾ ਹੈ। ਕਈ ਵਿਰੋਧੀਆਂ ਵਲੋਂ ਭੋਲੇ-ਭਾਲੇ ਸਿੱਖ ਮਨਾਂ ਅੰਦਰ ਗੁਰੂ ਜੀ ਸੰਬੰਧੀ ਇਕ ਨਵੀਂ ਉਲਝਣ ਪੈਦਾ ਕੀਤੀ ਜਾ ਰਹੀ ਸੀ। ਸੰਗਤਾਂ ਮੂੰਹੋ ਮੂੰਹੀ ਤੇ ਕੰਨੋ ਕੰਨੀ ਗੁਰੂ ਨਾਨਕ ਦੇਵ ਜੀ ਦੇ ਗੁਰਗੱਦੀ 'ਤੇ ਬਿਰਾਜਮਾਨ ਗੁਰੂ ਜੀ ਦੁਆਰਾ ਕੁੱਤੇ ਰੱਖਣੇ, ਸ਼ਿਕਾਰ ਖੇਡਣੇ, ਸੈਨਾ ਭਰਤੀ ਕਰਨੀ, ਬਾਦਸ਼ਾਹ ਨਾਲ ਰਲੇ ਫਿਰਨਾ, ਫ਼ੌਜਾਂ ਵਿਚ ਪਠਾਣਾਂ ਦੀ ਭਰਤੀ, ਬੀਬੀ ਕੌਲਾਂ ਦੇ ਸੰਬੰਧੀ ਅਟਕਲ ਪੱਚੂ ਲਾਉਣ ਬਾਰੇ ਕਈ ਤਰ੍ਹਾਂ ਦੇ ਸੰਸੇ ਸਨ :

ਬਾਕੀ ਸਫ਼ਾ 32 'ਤੇ

# ਗੁਰੂ ਗ੍ਰੰਥ ਸਾਹਿਬ ਦੀ ਆਧੁਨਿਕ ਯੁੱਗ 'ਚ ਮਹਾਨਤਾ

**ਮਨਵਿੰਦਰ ਸਿੰਘ**

ਗੁਰੂ ਗ੍ਰੰਥ ਸਾਹਿਬ ਵਿਚ 6 ਗੁਰੂ ਸਾਹਿਬਾਨ, ਪੰਦਰਾਂ ਸੂਫੀ ਸੰਤਾਂ-ਭਗਤਾਂ, ਗਿਆਰਾਂ ਭੱਟਾਂ ਅਤੇ ਚਾਰ ਗੁਰਸਿੱਖਾਂ ਜਾਂ ਗੁਰੂ ਘਰ ਦੇ ਸੰਬੰਧੀ ਰਾਗੀ-ਰਬਾਬੀਆਂ ਦੀ ਬਾਣੀ ਦਰਜ ਹੈ। ਇਹ ਬਾਣੀਕਾਰ ਬਾਰ੍ਹਵੀਂ ਤੋਂ ਸਤਾਰਵ੍ਹੀਂ ਸਦੀ ਦੇ ਇਤਿਹਾਸਕ ਕਾਲ ਨਾਲ ਸੰਬੰਧਿਤ ਹਨ। ਗੁਰੂ ਗ੍ਰੰਥ ਸਾਹਿਬ ਦਾ ਪਹਿਲਾ ਅੱਖਰ ੴ ਭਾਵ ਰੱਬ ਇਕ ਹੈ। ਗੁਰੂ ਨਾਨਕ ਸਾਹਿਬ ਨੇ ਜੋ ਕਿਹਾ ਉਸ ਨੂੰ ਆਪਣੇ ਜੀਵਨ ਵਿਚ ਵਿਹਾਰਕ ਤੌਰ 'ਤੇ ਲਾਗੂ ਕਰਕੇ ਦਿਖਾਇਆ। ਜੇ ਉਨ੍ਹਾਂ ਨੇ ਹਕੂਮਤ ਦੇ ਜ਼ਬਰ ਅਤੇ ਅੱਤਿਆਚਾਰਾਂ ਦੀ ਗੱਲ ਕੀਤੀ ਤਾਂ ਉਨ੍ਹਾਂ ਨੇ ਬਾਬਰ ਦੇ ਹਮਲੇ ਨੂੰ ਪਾਪ ਕੀ ਜੰਞ ਕਹਿ ਕੇ ਉਸ ਦਾ ਵਿਰੋਧ ਕੀਤਾ ਅਤੇ ਬਾਬਰ ਦੀ ਕੈਦ ਵੀ ਕੱਟੀ। ਇਸੇ ਤਰ੍ਹਾਂ ਜੇਕਰ ਗੁਰੂ ਸਾਹਿਬ ਨੇ ਜਾਤ-ਪਾਤ, ਸੁੱਚ-ਭਿੱਟ ਦੀ ਨਿਖੇਧੀ ਕੀਤੀ ਤਾਂ ਵਿਵਹਾਰਕ ਰੂਪ ਵਿਚ ਗੁਰੂ ਗਰੰਥ ਸਾਹਿਬ ਵਿਚ ਭਾਰਤ ਦੇ ਵੱਖ-ਵੱਖ ਇਲਾਕਿਆਂ ਅਤੇ ਜਾਤਾਂ ਨਾਲ ਸੰਬੰਧਿਤ ਮਹਾਂਪੁਰਸ਼ਾਂ ਦੀ ਬਾਣੀ ਨੂੰ ਸ਼ਾਮਲ ਕਰਕੇ ਗੁਰੂ ਦਾ ਦਰਜਾ ਦਿੱਤਾ ਅਤੇ ਨਾਲ ਹੀ ਮਨੁੱਖਤਾ ਦੇ ਵਖਰੇਵਿਆਂ ਨੂੰ ਮਿਟਾਉਣ ਲਈ ਲੰਗਰ, ਸੰਗਤ ਅਤੇ ਕੀਰਤਨ ਦੀ ਸੰਸਥਾ ਨੂੰ ਕਾਇਮ ਕੀਤਾ। ਗੁਰੂ ਨਾਨਕ ਸਾਹਿਬ ਨੇ ਕਿਹਾ ਕਿ ਮੇਰੇ ਰਸਤੇ ਉੱਤੇ ਆਉਣ ਵਾਲੇ ਨੂੰ ਸਿਰ ਤਲੀ ਉਪਰ ਹੀ ਰੱਖ ਕੇ ਆਉਣਾ ਹੋਵੇਗਾ ਤਾਂ ਇਤਿਹਾਸ ਗਵਾਹ ਹੈ ਕਿ ਧਰਮ ਅਤੇ ਨਿਆਂ ਦੀ ਰੱਖਿਆ ਲਈ ਪੰਜਵੇਂ ਗੁਰੂ ਅਰਜਨ ਦੇਵ ਜੀ, ਨੌਵੇਂ ਗੁਰੂ ਤੇਗ ਬਹਾਦਰ ਜੀ ਅਤੇ ਚਾਰ ਸਾਹਿਬਜ਼ਾਦਿਆਂ ਨੇ ਸ਼ਹਾਦਤ ਦੇ ਕੇ ਗੁਰੂ ਗ੍ਰੰਥ ਸਾਹਿਬ ਵਿਚਲੇ ਸਿਧਾਂਤ ਨੂੰ ਅਮਲ ਵਿਚ ਬਦਲਿਆ। ਜੇਕਰ ਗੁਰੂ ਨਾਨਕ ਸਾਹਿਬ ਨੇ ਕਿਰਤ ਦੀ ਗਲ ਕੀਤੀ ਤਾਂ ਖੁਦ ਆਪ ਖੇਤਾਂ ਵਿਚ ਹਲ ਚਲਾਇਆ ਤੇ ਮੋਦੀਖਾਨੇ ਵਿਚ ਨੌਕਰੀ ਕੀਤੀ।

ਮਨੁੱਖ ਹੁਣ ਆਧੁਨਿਕ ਯੁੱਗ ਵਿਚ ਪ੍ਰਵੇਸ਼ ਕਰ ਚੁੱਕਾ ਹੈ। ਪੁਰਾਤਨ ਵਿਚਾਰ, ਕਦਰਾਂ ਕੀਮਤਾਂ ਅਤੇ ਰਵਾਇਤਾਂ ਬਦਲ ਗਈਆਂ ਹਨ। ਗਿਆਨ ਵਿਗਿਆਨ ਦੇ ਹਰ ਖੇਤਰ ਵਿਚ ਧਰਮ ਜਾਂ ਦੈਵੀ ਹਸਤੀ ਦੀ ਜਗ੍ਹਾ ਮਨੁੱਖ ਜਾਤੀ ਕੇਂਦਰੀ ਬਿੰਦੂ ਬਣ ਚੁੱਕੀ ਹੈ। ਵਿਸ਼ਵੀਕਰਨ ਦੀ ਇਸ ਦੌੜ ਵਿਚ ਪੂੰਜੀਵਾਦ ਨੂੰ ਪਹਿਲ ਪ੍ਰਾਪਤ ਹੈ। ਵਿਸ਼ਵੀਕਰਨ ਦੇ ਮੁੱਖ ਉਦੇਸ਼ ਖਪਤਕਾਰ ਲੱਭਣੇ ਤੇ ਮੰਡੀਆਂ ਪੈਦਾ ਕਰਨੀਆਂ ਹਨ। ਨਿਸ਼ਾਨਾ ਮਨੁੱਖਤਾ ਦਾ ਭਲਾ ਨਹੀਂ, ਬਲਕਿ ਵਧ ਤੋਂ ਵਧ ਮੁਨਾਫ਼ਾ ਕਮਾਉਣਾ ਹੈ। ਧਰਮ ਵੀ ਧੰਦਾ ਬਣਾ ਦਿੱਤਾ ਗਿਆ ਹੈ। ਗੁਰੂ ਨਾਨਕ ਸਾਹਿਬ ਵਿਸ਼ਵ ਭਾਈਚਾਰੇ ਦੇ ਹਾਮੀ ਹਨ, ਪਰ ਉਹ ਆਪਣੇ ਸਭਿਆਚਾਰ ਤੇ ਭਾਸ਼ਾ ਨੂੰ ਕਿਸੇ ਵੀ ਕਾਰਨ ਤਿਆਗਣ ਦੇ ਹੱਕ ਵਿਚ ਨਹੀਂ। ਉਨ੍ਹਾਂ ਅਨਸਾਰ :

ਖਤ੍ਰੀਆ ਤ ਧਰਮੁ ਛੋਡਿਆ
ਮਲੇਸ਼ ਭਾਖਿਆ ਗਹੀ ॥ (ਪੰਨਾ 663)

ਅੱਜ ਸੰਸਾਰ ਪੱਧਰ ਉਤੇ ਨਸਲਵਾਦ ਇਕ ਵੱਡੀ ਸਾਮਾਜਿਕ ਬੁਰਾਈ ਬਣ ਚੁੱਕਾ ਹੈ। ਪੱਛਮੀ ਮੁਲਕਾਂ ਵਿਚ ਪਾਕਿਸਤਾਨੀਆਂ ਜਾਂ ਭਾਰਤੀਆਂ ਨੂੰ ਨਸਲੀ ਵਿਤਕਰੇ ਅਤੇ ਆਪਣੀ ਨਫ਼ਰਤ ਕੱਢਣ ਲਈ ਉਥੋਂ ਦੇ ਲੋਕ 'ਪਾਕੀ' ਸ਼ਬਦ ਨਾਲ ਸੰਬੋਧਨ ਕਰਦੇ ਹਨ। ਗੁਰੂ ਗਰੰਥ ਸਾਹਿਬ ਵਿਚ ਸੰਦੇਸ਼ ਦਿੱਤਾ ਗਿਆ ਹੈ ਕਿ ਭਾਵੇਂ ਮਨੁੱਖਾਂ ਦੇ ਰੰਗ-ਰੂਪ ਅਤੇ ਧਾਰਮਿਕ ਵਿਸ਼ਵਾਸ ਵੱਖ-ਵੱਖ ਹਨ, ਪਰ ਸਾਰਿਆਂ ਦਾ ਮੂਲ ਇਕੋ ਹੈ। ਗੁਰੂ ਗਰੰਥ ਸਾਹਿਬ ਅਨੁਸਾਰ -

ਸਭੇ ਸਾਂਝੀਵਾਲ ਸਦਾਇਨ
ਤੂ ਕਿਸੇ ਨ ਦਿਸਹਿ ਬਾਹਰਾ ਜੀਉ ॥ (ਪੰ. 97)

ਇਸੇ ਤਰ੍ਹਾਂ ਵਰਤਮਾਨ ਸਮਾਜ ਵਿਚ ਮਨੁੱਖੀ ਆਚਰਣ ਵਿਚ ਗਿਰਾਵਟ ਆ ਜਾਣ ਕਾਰਨ ਏਡਜ਼ ਵਰਗੀਆਂ ਭਿਆਨਕ ਬਿਮਾਰੀਆਂ ਸਮੁੱਚੇ ਸੰਸਾਰ ਨੂੰ ਆਪਣੀ ਗ੍ਰਿਫ਼ਤ ਵਿਚ ਲੈ ਰਹੀਆਂ ਹਨ। ਗੁਰਬਾਣੀ ਵਿਚ ਮਨੁੱਖ ਦੇ ਆਚਰਨ ਨੂੰ ਉਚਾ ਚੁਕਦਿਆਂ ਹੋਇਆਂ ਉਸ ਨੂੰ ਥੋੜ੍ਹ ਚਿਰੇ ਸੁਖ ਲਈ ਲੰਮਾ ਸਮਾਂ ਪਾਉਣ ਤੋਂ ਬਚਣ ਲਈ ਚੁਕੰਨਾ ਕੀਤਾ ਗਿਆ ਹੈ :

ਘਰ ਕੀ ਨਾਰਿ ਤਿਆਗੈ ਅੰਧਾ ॥
ਪਰ ਨਾਰੀ ਸਿਉ ਘਾਲੈ ਧੰਧਾ ॥ (ਪੰਨਾ 1165)

ਅਜੋਕੇ ਸਮਾਜ ਵਿਚ ਨਸ਼ਿਆਂ ਦੀ ਬੁਰਾਈ ਵੱਡੇ ਪੱਧਰ ਉੱਤੇ ਪਹੁੰਚ ਗਈ ਹੈ। ਕਈ ਥਾਂਈ ਮੈਡੀਕਲ ਸਟੋਰ ਚਲਦੇ ਹੀ ਨਸ਼ਿਆਂ ਦੇ ਕਾਰੋਬਾਰ ਕਰਕੇ ਹਨ। ਹੁਣ ਤਾਂ ਅਮੀਰ ਘਰਾਂ ਦੇ ਮੁੰਡੇ ਤਰ੍ਹਾਂ-ਤਰ੍ਹਾਂ ਦੇ ਨਸ਼ੇ ਲੈਂਦੇ ਹਨ। ਖੰਘ ਦੀ ਦਵਾਈ ਕੋਰੈਕਸ ਆਦਿ ਪੀਤੀ ਜਾਂਦੀ ਹੈ, ਬਰੈਡਜ ਉਤੇ ਆਓਡੈਕਸ ਲਾ ਕੇ ਖਾਧੀ ਜਾਂਦੀ ਹੈ, ਖ਼ੂਨ ਦੀਆਂ ਨਾੜੀਆਂ ਵਿਚ ਨਸ਼ੇ ਦੀ ਟੀਕੇ ਲਗਾਏ ਜਾਂਦੇ ਹਨ। ਗੁਰੂ ਗਰੰਥ ਸਾਹਿਬ ਵਿਚ ਨਸ਼ਿਆਂ ਦੀ ਵਰਤੋਂ ਦੇ ਮਾਰੂ ਪ੍ਰਭਾਵ ਦਰਸਾ ਕੇ ਸੁਚੇਤ ਕੀਤਾ ਗਿਆ ਹੈ ਕਿ ਇਨ੍ਹਾਂ ਦੀ ਵਰਤੋਂ ਨਾਲ ਰੱਬ ਦਾ ਨਾਮ ਵਿਸਰ ਜਾਂਦਾ ਹੈ, ਆਦਮੀ ਦੀ ਬੁੱਧੀ ਜਾਂਦੀ ਰਹਿੰਦੀ ਹੈ ਅਤੇ ਝਗੜੇ ਖੜ੍ਹੇ ਹੋ ਜਾਂਦੇ ਹਨ। ਇਸ ਦੇ ਨਾਲ ਹੀ ਮਨੁੱਖ ਨੂੰ ਆਪਣੇ ਪਰਾਏ ਦੀ ਪਛਾਣ ਨਹੀਂ ਰਹਿੰਦੀ ਤੇ ਰੱਬ ਵਲੋਂ ਉਸ ਨੂੰ ਧੱਕੇ ਮਿਲਦੇ ਹਨ।

ਜਿਤੁ ਪੀਤੈ ਖਸਮੁ ਵਿਸਰੈ
ਦਰਗਹ ਮਿਲੈ ਸਜਾਇ ॥

ਗੁਰੂ ਗ੍ਰੰਥ ਸਾਹਿਬ ਵਿਚ ਦੱਸਿਆ ਗਿਆ ਹੈ ਕਿ ਧਨ, ਦੌਲਤ ਪਾਪਾਂ ਬਗੈਰ ਇਕੱਠੀ ਨਹੀਂ ਹੁੰਦੀ ਅਤੇ ਮਨੁੱਖ ਦੇ ਮਰਨ ਉਪਰੰਤ ਇਹ ਉਸਦੇ ਨਾਲ ਨਹੀਂ ਜਾਂਦੀ. ਲੇਕਿਨ ਫੇਰ ਵੀ ਮਨੁੱਖ ਸਾਰੀ ਉਮਰ ਜਾਇਜ਼ ਨਾਜਾਇਜ਼ ਢੰਗ ਨਾਲ ਇਸ ਨੂੰ ਇਕੱਠਾ ਕਰਨ ਲਈ ਲੱਗਾ ਰਹਿੰਦਾ ਹੈ :

ਪਾਪਾ ਬਾਝਹੁ ਹੋਵੈ ਨਾਹੀ
ਮੁਇਆ ਸਾਥਿ ਨ ਜਾਈ ॥
ਜਿਸ ਨੋ ਆਪਿ ਖੁਆਏ ਕਰਤਾ
ਖੁਸਿ ਲਏ ਚੰਗਿਆਈ ॥੩॥ (ਪੰਨਾ 417)

ਗੁਰੂ ਗ੍ਰੰਥ ਸਾਹਿਬ ਨੇ ਸਖ਼ਤ ਮਿਹਨਤ ਦੀ ਕਮਾਈ ਨੂੰ ਉਤਮ ਦੱਸਿਆ ਹੈ:

ਘਾਲਿ ਖਾਇ ਕਿਛੁ ਹਥਹੁ ਦੇਇ ॥
ਨਾਨਕ ਰਾਹੁ ਪਛਾਣਹਿ ਸੇਇ ॥ (ਪੰਨਾ 1245)

ਜਿਸ ਤਰ੍ਹਾਂ ਗੁਰੂ ਸਾਹਿਬ ਦੇ ਸਮੇਂ ਜੋਗੀ, ਸਿੱਧ ਤੇ ਵਿਹਲੜ ਸਾਧੂ ਕਿਰਤ ਅਤੇ ਗ੍ਰਹਿਸਤ ਤੋਂ ਭੱਜੇ ਹੋਏ ਸੀ, ਉਸੇ ਤਰ੍ਹਾਂ ਅੱਜ ਵੀ ਬਹੁਤ ਸਾਰੇ ਸਾਧੂ-ਸੰਤ ਮਿਹਨਤ ਦੀ ਕਮਾਈ ਨੂੰ ਆਪਣੀ ਹੇਠੀ ਸਮਝਦੇ ਹਨ। ਗੁਰੂ ਸਾਹਿਬ ਦਾ ਫੁਰਮਾਨ ਹੈ :

ਮਖਟੂ ਹੋਇ ਕੈ ਕੰਨ ਪੜਾਏ ॥
ਫਕਰੁ ਕਰੇ ਹੋਰੁ ਜਾਤਿ ਗਵਾਏ ॥
ਗੁਰੁ ਪੀਰੁ ਸਦਾਏ ਮੰਗਣ ਜਾਇ ॥
ਤਾ ਕੈ ਮੂਲਿ ਨ ਲਗੀਐ ਪਾਇ ॥ (ਪੰਨਾ 1245)

ਸਿੱਖ ਰਹਿਤ ਮਰਿਯਾਦਾ ਵਿਚ ਸਖਤ ਹਦਾਇਤ ਕੀਤੀ ਗਈ ਹੈ ਕਿ ਕੁੜੀ ਮਾਰਨਾ ਵਿਵਰਜਿਤ ਹੈ। ਪਹਿਲਾਂ ਜਨਮ ਤੋਂ ਬਾਅਦ ਕੁੜੀਆਂ ਨੂੰ ਮਾਰਨ ਦਾ ਰਿਵਾਜ ਸੀ ਲੇਕਿਨ ਹੁਣ



ਅਲਟਰਾਸਾਊਂਡ ਦੀ ਵਰਤੋਂ ਨਾਲ ਕੁੜੀਆਂ ਨੂੰ ਜੰਮਣ ਤੋਂ ਪਹਿਲਾਂ ਹੀ ਮਾਰ ਦਿੰਦੇ ਹਨ। ਇਹ ਹੋਰ ਦੁਖ ਦੀ ਗੱਲ ਹੈ ਕਿ ਗੁਰੂਆਂ ਦੀ ਧਰਤੀ ਪੰਜਾਬ ਵਿਚ ਮਾਦਾ ਭਰੂਣ ਹੱਤਿਆ ਸਭ ਤੋਂ ਵਧੇਰੇ ਹੈ। ਜਿਸ ਇਸਤਰੀ ਬਾਰੇ ਉਸ ਸਮੇਂ ਧਾਰਮਿਕ ਸਾਧਾਂ ਸੰਤਾਂ ਦੁਆਰਾ ਕਿਹਾ ਜਾ ਰਿਹਾ ਸੀ ਕਿ ਇਹ ਨਾਗਨ ਹੈ, ਮਾਇਆ ਹੈ, ਨਰਕ ਦੁਆਰ ਹੈ, ਠਗਨੀ ਹੈ, ਬਾਘਨ ਹੈ ਆਦਿ ਉਸੇ ਇਸਤਰੀ ਦੀ ਗੁਰੂ ਸਾਹਿਬ ਨੇ ਮਨੁੱਖ ਦੇ ਪੂਰੇ ਜੀਵਨ ਵਿਚ ਹੀ ਮਹੱਤਤਾ ਸਵੀਕਾਰਦਿਆਂ ਹੋਇਆ ਕਿਹਾ ਕਿ ਪ੍ਰਾਣੀ ਇਸਤਰੀ ਤੋਂ ਹੀ ਜਨਮ ਲੈਂਦਾ ਹੈ, ਇਸਤਰੀ ਦੇ ਪੇਟ ਵਿਚ ਹੀ ਪ੍ਰਾਣੀ ਦੀ ਰਚਨਾ ਹੁੰਦੀ ਹੈ, ਇਸਤਰੀ ਨਾਲ ਹੀ ਉਹ ਕੁੜਮਾਈ ਕਰਕੇ ਵਿਆਹ ਕਰਦਾ ਹੈ, ਇਸਤਰੀ ਰਾਹੀਂ ਹੀ ਹੋਰ ਲੋਕਾਂ ਨਾਲ ਸੰਬੰਧ ਬਣਦਾ ਹੈ, ਇਸਤਰੀ ਤੋਂ ਹੀ ਜਗਤ ਦੀ ਉਤਪਦੀ ਦਾ ਰਸਤਾ ਚਲਦਾ ਹੈ ਅਤੇ ਜੇਕਰ ਪਹਿਲੀ ਇਸਤਰੀ ਦੀ ਮੌਤ ਹੋ ਜਾਵੇ ਤਾਂ ਪੁਰਖ ਹੋਰ ਇਸਤਰੀ ਦੀ ਭਾਲ ਕਰਦਾ ਹੈ।

ਸੋ ਕਿਉ ਮੰਦਾ ਆਖੀਐ
ਜਿਤੁ ਜੰਮਹਿ ਰਾਜਾਨ

ਗੁਰੂ ਸਾਹਿਬਾਨਾਂ ਨੇ ਮਨੂਵਾਦ ਦੀ ਵੰਡ ਜਾਤ-ਪਾਤ ਨੂੰ ਰੱਦ ਕੀਤਾ ਹੈ। ਗੁਰੂ ਨਾਨਕ ਸਾਹਿਬ ਨੇ ਆਪਣੇ ਆਪ ਨੂੰ ਨੀਚਾਂ ਤੋਂ ਵੀ ਨੀਚ ਜਾਤ ਨਾਲ ਜੋੜਿਆ ਅਤੇ ਉੱਚੀ ਜਾਤ ਵਾਲਿਆਂ ਦੀ ਰੀਸ ਕਰਨ ਦੀ ਨਿਖੇਧੀ ਕੀਤੀ :

ਨੀਚਾ ਅੰਦਰਿ ਨੀਚ ਜਾਤਿ
ਨੀਚੀ ਹੂ ਅਤਿ ਨੀਚੁ ॥
ਨਾਨਕੁ ਤਿਨ ਕੈ ਸੰਗਿ ਸਾਥਿ
ਵਡਿਆ ਸਿਉ ਕਿਆ ਰੀਸ ॥
ਜਿਥੈ ਨੀਚ ਸਮਾਲੀਅਨਿ
ਤਿਥੈ ਨਦਰਿ ਤੇਰੀ ਬਖਸੀਸ ॥ (ਪੰਨਾ 15)

ਗੁਰੂ ਨਾਨਕ ਦੀਆਂ ਉਦਾਸੀਆਂ ਵਿਚ ਭਾਈ ਮਰਦਾਨਾ ਮੁਸਲਮਾਨ ਵੀ ਸੀ ਅਤੇ ਨੀਵੀਂ ਜਾਤ ਦਾ ਵੀ ਸੀ। ਗੁਰੂ ਗੋਬਿੰਦ ਸਿੰਘ ਨੇ ਖਾਲਸਾ ਪੰਥ ਦੇ ਨੇਤਾਵਾਂ ਵਜੋਂ ਜਿਹੜੇ ਪੰਜ ਪਿਆਰੇ ਚੁਣੇ ਉਨ੍ਹਾਂ ਦਾ ਸੰਬੰਧ ਵੀ ਵੱਖੋ ਵੱਖਰੀਆਂ ਜਾਤਾਂ ਨਾਲ ਸੀ। ਉਨ੍ਹਾਂ ਵਿਚੋਂ ਇਕ ਜੱਟ, ਇਕ ਨਾਈ, ਇਕ ਛੀਂਬਾ, ਇਕ ਝਿਉਰ ਅਤੇ ਇਕ ਖੱਤਰੀ ਸੀ। ਗੁਰੂ ਗੋਬਿੰਦ ਸਿੰਘ ਨੇ ਪੰਜਾਂ ਪਿਆਰਿਆਂ ਨੂੰ ਹੱਥ ਜੋੜ ਕੇ ਬੇਨਤੀ ਕੀਤੀ ਕਿ ਉਹ ਗੁਰੂ ਜੀ ਨੂੰ ਅੰਮ੍ਰਿਤ ਛਕਾਉਣ। ਸ੍ਰੀ ਅਕਾਲ ਤਖ਼ਤ ਦੁਆਰਾ ਦੋ ਹੁਕਮਨਾਮੇ ਵੀ ਜਾਰੀ ਹੋਏ ਹਨ, ਜਿਨ੍ਹਾਂ ਵਿਚ ਸਿੱਖ ਸੰਗਤ ਨੂੰ ਆਪਣੇ ਨਾਮ ਨਾਲ ਜਾਤ ਨਾ ਲਿਖਣ ਦੀ ਹਦਾਇਤ ਵੀ ਕੀਤੀ ਗਈ ਹੈ। ਮਿਤੀ 13-6-1939 ਦੇ ਹੁਕਮਨਾਮੇ/ਸੰਦੇਸ਼ ਅਨੁਸਾਰ :

"ਸਰਬੱਤ ਖਾਲਸਾ ਗੁਰਦੁਆਰਿਆਂ ਦੇ ਸੇਵਾਦਾਰਾਂ ਪ੍ਰਤੀ, ਅਕਾਲ ਤਖ਼ਤ, ਇਕੋ ਜਿਹਾ ਵਿਹਾਰ ਕਰਨਾ, ਪਿਛਲੀ ਜਾਤ-ਪਾਤ ਨਹੀਂ ਪੁਛਣੀ, ਭਰਮ ਨਹੀਂ ਕਰਨਾ। ਇਹੋ ਹੀ ਗੁਰੂ ਜੀ ਦੀ ਆਗਿਆ ਹੈ। ਜੋ ਸਿਰ ਨਿਵਾਏਗਾ, ਗੁਰੂ ਜੀ ਉਸ ਦੀ ਬਹੁੜੀ ਕਰਨਗੇ।"

ਮਿਤੀ 28-04-1985 ਦੇ ਹੁਕਮਨਾਮੇ ਅਨੁਸਾਰ :

"ਅੱਜ ਮਿਤੀ 18-04-1985 ਨੂੰ ਪੰਜ ਸਿੰਘ ਸਾਹਿਬਾਨ ਦੀ ਮੀਟਿੰਗ ਵਿਚ ਹੇਠ ਲਿਖਿਆ ਗੁਰਮਤਾ ਸਰਬ-ਸੰਮਤੀ ਨਾਲ ਪਾਸ ਹੋਇਆ : "ਕੋਈ ਵੀ ਸਿੰਘ ਜਾਂ ਸਿੰਘਣੀ ਆਪਣੇ ਨਾਮ ਨਾਲ ਜਾਤ-ਗੋਤ ਦੀ ਵਰਤੋਂ ਨਾ ਕਰੇ। ਜਾਤ, ਗੋਤ ਦੀ ਵਰਤੋਂ ਕਰਨਾ ਮਨਮਤ ਹੈ ਅਤੇ ਗੁਰੂ ਸਾਹਿਬ ਦੇ ਸਿਧਾਂਤ ਦੇ ਉਲਟ ਹੈ।"

ਅਜੋਕੇ ਸਿੱਖ ਸਮਾਜ ਵਿਚ ਜਾਤ-ਪਾਤ ਬਾਰੇ ਖੋਜੀਆਂ ਵਲੋਂ ਵੀ ਸਰਵੇਖਣ ਕੀਤੇ ਗਏ ਹਨ। ਉਨ੍ਹਾਂ ਅਨੁਸਾਰ ਕਈ ਥਾਵਾਂ ਉਪਰ ਜਾਤਾਂ ਉਪਰ ਆਧਾਰਿਤ ਗੁਰਦੁਆਰੇ ਹਨ, ਕਈ ਸਿੱਖਾਂ ਵਿਚ ਆਪਣੇ ਨਾਮ ਨਾਲ ਜਾਤ ਲਿਖਣ ਦਾ ਰਿਵਾਜ ਹੈ, ਸਿੱਖਾਂ ਵਿਚ ਵੀ ਅੰਤਰ ਜਾਤੀ ਵਿਆਹ ਨੂੰ ਉਤਸ਼ਾਹਿਤ ਨਹੀਂ ਕੀਤਾ ਜਾਂਦਾ ਆਦਿ। ਪਰ ਸਾਡੇ ਵਿਚਾਰ ਅਨੁਸਾਰ ਜਦੋਂ ਅਸੀਂ ਅਜਿਹੇ ਤੱਥਾਂ ਦੀ ਤੁਲਨਾ ਸਨਾਤਨੀ ਪਰੰਪਰਾ ਨਾਲ ਸੰਬੰਧਿਤ ਸਮਾਜ ਨਾਲ ਕਰਦੇ ਹਾਂ ਤਾਂ ਉਸ ਸਮੇਂ ਬਾਕੀਆਂ ਦੇ ਮੁਕਾਬਲੇ ਸਿੱਖ ਸਮਾਜ ਦੀ ਚੰਗੀ ਹਾਲਤ ਬਾਰੇ ਆਪਣੇ ਆਪ ਪਤਾ ਚਲ ਜਾਂਦਾ ਹੈ। ਉਦਾਹਰਣ ਲਈ ਆਮ ਸਿੱਖ ਦੁਆਰਾ ਕਿਸੇ ਨਾਲ ਜਾਤੀ ਪੱਖੋਂ ਵਿਤਕਰਾ ਕਰਨਾ ਵੇਲੇ ਤਾਂ ਦੂਰ, ਕਿਸੇ ਦੀ ਜਾਤੀ ਪੁੱਛਣ ਵੇਲੇ ਵੀ ਉਸਦੇ ਮਨ ਵਿਚ ਇਹ ਗਲ ਜ਼ਰੂਰ ਆ ਜਾਂਦੀ ਹੈ ਕਿ ਉਹ ਆਪਣੇ ਗੁਰੂ ਦੇ ਹੁਕਮ ਦੀ ਅਵੱਗਿਆ ਕਰ ਰਿਹਾ ਹੈ। ਜਦੋਂ ਕਿ ਸਨਾਤਨੀ ਪਰੰਪਰਾ ਵਿਚ ਜਾਤੀ ਪ੍ਰਥਾ ਨੂੰ ਧਾਰਮਿਕ ਪ੍ਰਵਾਨਗੀ ਹੋਣ ਕਰਕੇ ਉਥੇ ਅਜਿਹਾ ਨਾ ਹੋਣਾ ਸੁਭਾਵਿਕ ਹੀ ਹੈ। ਸਿੱਖ ਧਰਮ ਨੇ ਜਾਤ-ਪਾਤ ਤੇ ਉਚ ਨੀਚ ਦੇ ਵਿਤਕਰੇ ਨੂੰ ਖਤਮ ਕਰਨ ਦਾ ਨਵਾਂ ਸਿਧਾਂਤ ਹੀ ਨਹੀਂ ਦਿੱਤਾ, ਬਲਕਿ ਇਸ ਸਿਧਾਂਤ ਨੂੰ ਕਿਰਿਆਸ਼ੀਲ ਕਰਨ ਲਈ ਲੰਗਰ, ਸੰਗਤ, ਕੀਰਤਨ ਆਦਿ ਸੰਸਥਾਵਾਂ ਵੀ ਦਿੱਤੀਆਂ ਹਨ, ਜਿਹੜੀਆਂ ਕਿ ਅੱਜ ਤਕ ਪੂਰੀ ਚੜ੍ਹਤ ਨਾਲ ਕਾਰਜਸ਼ੀਲ ਹਨ ਅਤੇ ਵਿਅਕਤੀ ਦੀ ਹਉਮੈਂ ਨੂੰ ਖਤਮ ਕਰਨ ਵਿਚ ਸਹਾਈ ਹੋ ਰਹੀਆਂ ਹਨ।

ਵਿਗਿਆਨੀਆਂ ਦਾ ਕਹਿਣਾ ਹੈ ਕਿ ਜੇਕਰ ਅਸੀਂ ਕੁਦਰਤ ਪ੍ਰਤੀ ਆਪਣਾ ਵਿਹਾਰ ਨਾ ਬਦਲਿਆ ਤਾਂ ਭਵਿੱਖ ਵਿਚ ਕਈ ਤਰ੍ਹਾਂ ਦੇ ਖਤਰੇ ਪੈਦਾ ਹੋ ਸਕਦੇ ਹਨ। ਗੁਰੂ ਨਾਨਕ ਸਾਹਿਬ ਇਕ ਐਸੇ ਮਹਾਂਪੁਰਸ਼ ਜਿਨ੍ਹਾਂ ਨੇ ਕੁਦਰਤ ਵਿਚੋਂ ਕਾਦਰ ਨੂੰ ਪਾ ਲਿਆ। ਗੁਰੂ ਸਾਹਿਬ ਨੇ ਬਹੁਤ ਸਮਾਂ ਪਹਿਲਾਂ ਹੀ ਇਹ ਕਹਿ ਦਿੱਤਾ ਸੀ ਕਿ ਪਵਨ ਗੁਰੂ ਪਾਣੀ ਪਿਤਾ ਹੈ ਅਤੇ ਧਰਤੀ ਮਾਤਾ ਹੈ। ਕੋਈ ਆਪਣੇ ਮਾਤਾ-ਪਿਤਾ ਅਤੇ ਗੁਰੂ ਨੂੰ ਦੂਸ਼ਿਤ ਕਿਵੇਂ ਕਰ ਸਕਦਾ ਹੈ।

ਮਨੁੱਖ ਦਾ ਸਾਰੇ ਬੰਧਨਾਂ ਦਾ ਮੁੱਖ ਕਾਰਨ ਹਉਮੈਂ ਹੈ। ਜਦੋਂ ਤੱਕ ਹਉਮੈਂ ਦਾ ਪਰਦਾ ਮਨੁੱਖੀ ਅਕਲ ਤੋਂ ਨਹੀਂ ਹਟਦਾ, ਮਨੁੱਖ ਨੂੰ ਆਪਣੇ ਅਸਲੇ ਦੀ ਸੋਝੀ ਨਹੀਂ ਹੁੰਦੀ। ਗੁਰੂ ਨਾਨਕ ਸਾਹਿਬ ਦੀਆਂ ਇਸ ਸੰਬੰਧੀ ਇਹ ਲਾਈਨਾਂ ਧਿਆਨਯੋਗ ਹਨ :

ਹਉਮੈ ਦੀਰਘ ਰੋਗੁ ਹੈ
ਦਾਰੂ ਭੀ ਇਸੁ ਮਾਹਿ ॥
ਕਿਰਪਾ ਕਰੇ ਜੇ ਆਪਣੀ
ਤਾਂ ਗੁਰ ਕਾ ਸਬਦੁ ਕਮਾਹਿ ॥

ਗੁਰੂ ਸਾਹਿਬਾਨ ਨੇ ਸਾਰੇ ਧਰਮਾਂ ਵਿਚਾਲੇ ਸਾਂਝੇ ਤੱਤ ਅਧਿਆਤਮਿਕਤਾ ਉੱਪਰ ਜ਼ੋਰ ਦਿਤਾ। ਇਹ ਅਧਿਆਤਮਿਕ ਤੱਤ ਹੀ ਸਾਰੀ ਦੁਨੀਆਂ ਨੂੰ ਆਪਸ ਵਿਚ ਜੋੜ ਸਕਦਾ ਹੈ। ਇਸ ਸਰਬ ਸਾਂਝੇ ਅਧਿਆਤਮਿਕ ਤੱਤ ਬਾਰੇ ਗੱਲ ਕਰਦਿਆਂ ਹੋਇਆ ਗੁਰੂ ਸਾਹਿਬ ਨੇ ਕਿਹਾ ਕਿ ਦੁਨੀਆਂ ਦਾ ਸਭ ਤੋਂ ਚੰਗਾ ਧਰਮ ਇਹ ਹੈ ਕਿ ਮਨੁੱਖ ਰੱਬ ਦਾ ਨਾਮ ਲੈਂਦਿਆਂ ਹੋਇਆ ਚੰਗੇ ਕਰਮ ਕਰੇ।

ਸਰਬ ਧਰਮ ਮਹਿ ਸ੍ਰੇਸਟ ਧਰਮ ॥
ਹਰਿ ਕੋ ਨਾਮੁ ਜਪਿ ਨਿਰਮਲ ਕਰਮੁ ॥

ਇਸ ਤਰ੍ਹਾਂ ਗੁਰੂ ਗ੍ਰੰਥ ਸਾਹਿਬ ਵਿਚਲੇ ਸਿਧਾਂਤ ਮਨੁੱਖੀ ਵਿਕਾਸ ਦੀ ਸਭ ਤੋਂ ਉੱਚੀ ਪੱਧਰ ਉੱਤੇ ਪਹੁੰਚ ਕੇ ਸਦੀਵੀ ਹੋ ਗਏ ਹਨ। ਹਰ ਕਿਸਮ ਦੇ ਵਿਤਕਰੇ ਵਿਰੁੱਧ ਸੰਘਰਸ਼, ਸਮਾਜਕ ਬਰਾਬਰੀ, ਨਿਆਂ, ਆਚਰਣਕ ਉੱਚਤਾ ਅਤੇ ਸਰਬ - ਸਾਂਝੀਵਾਲਤਾ ਦੇ ਇਹ ਸਿਧਾਂਤ ਸਮੁੱਚੀ ਮਨੁੱਖਤਾ ਲਈ ਹਨ। ਇਹ ਸਾਨੂੰ ਹਰ ਕਿ ਪ੍ਰਸਥਿਤੀ ਅਤੇ ਚੁਣੌਤੀ ਦਾ ਸਾਹਮਣਾ ਕਰਨ ਦੀ ਸਮਰੱਥਾ ਦੇ ਸਕਦੇ ਹਨ।

## ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਬਾਰੇ ਕੈਪਟਨ ਦਾ ਟੀਰ ਨਜ਼ਰੀਆ

**ਰਜਿੰਦਰ ਸਿੰਘ ਪੁਰੇਵਾਲ**

ਹੁਣੇ ਜਿਹੇ ਕੈਪਟਨ ਅਮਰਿੰਦਰ ਸਿੰਘ ਮੁੱਖ ਮੰਤਰੀ ਪੰਜਾਬ ਨੇ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਬਾਰੇ ਭਗਵੇਂਵਾਦੀਆਂ ਵਾਲਾ ਟੀਰ ਨਜ਼ਰੀਆ ਅਪਨਾ ਲਿਆ ਹੈ ਕਿ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਪਿੱਛੇ ਆਈਐਸਆਈ ਦਾ ਹੱਥ ਹੈ। ਜਦੋਂ ਭਾਰਤ ਦੇ ਕਿਸੇ ਵੀ ਸਟੇਟ ਜਾਂ ਕੇਂਦਰ ਨੇ ਲੋਕਾਂ ਨੂੰ ਇਨਸਾਫ਼ ਨਹੀਂ ਦੇਣਾ ਹੁੰਦਾ ਜਾਂ ਕਿਸੇ ਜੁਰਮ ਨੂੰ ਲੁਕਾਉਣ ਦੀ ਕੋਸ਼ਿਸ ਕੀਤੀ ਜਾਂਦੀ ਹੈ ਤਾਂ ਉਹ ਸਿੱਧਾ ਜੁਮਲਾ ਵਰਤਦੇ ਹਨ ਕਿ ਇਸ ਪਿੱਛੇ ਆਈਐਸਆਈ ਦਾ ਹੱਥ ਹੈ। ਕੈਪਟਨ ਅਮਰਿੰਦਰ ਸਿੰਘ ਹਮੇਸ਼ਾ ਪੰਜਾਬ ਦੇ ਹਿੱਤਾਂ ਦੀ ਪਹਿਰੇਦਾਰੀ ਕਰਦੇ ਰਹੇ ਹਨ, ਪਰ ਹੁਣ ਉਹਨਾਂ ਉੱਤੇ ਭਗਵੇਂਵਾਦ ਦਾ ਭੂਤ ਸਵਾਰ ਹੋ ਗਿਆ ਹੈ ਤੇ ਉਹਨਾਂ ਦਾ ਕੋਈ ਵੀ ਬਿਆਨ ਪੰਜਾਬ ਪੱਖੀ ਹੋਣ ਦੀ ਥਾਂ ਭਗਵੇਂਵਾਦ ਵਿਚ ਭੁਗਤਦਾ ਦਿਖਾਈ ਦੇ ਰਿਹਾ ਹੈ ਤੇ ਉਹਨਾਂ ਦੀ ਬੋਲੀ ਇਕ ਚੰਗੇ ਸਿਆਸਤਦਾਨ ਵਾਲੀ ਸਖਸ਼ੀਅਤ ਹੋਣ ਦੀ ਥਾਂ ਗੈਂਗਸਟਰ ਨਾਲ ਜਾ ਮਿਲਦੀ ਹੈ, ਜਿਵੇਂ ਉਹ ਪ੍ਰਕਾਸ਼ ਸਿੰਘ ਬਾਦਲ ਨੂੰ ਪਾਗਲ, ਗੱਦਾਰ ਤੇ ਆਈਐਸਆਈ ਦਾ ਏਜੰਟ ਤੱਕ ਕਹਿ ਛੱਡਦੇ ਹਨ। ਦੂਸਰੇ ਪਾਸੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਉੱਪਰ ਜਿੰਨੇ ਮਰਜ਼ੀ ਦੋਸ਼ ਲਗਾ ਲਈਏ, ਪਰ ਉਹਨਾਂ ਦੇ ਹੱਕ ਵਿਚ ਇਕ ਗਲ ਜਾਂਦੀ ਹੈ ਕਿ ਉਹਨਾਂ ਦੇ ਵਿਚਾਰਾਂ ਵਿਚ ਸਹਿਜ ਬਹੁਤ ਹੁੰਦਾ ਹੈ ਤੇ ਉਹ ਕਿਸੇ ਉੱਪਰ ਫਾਲਤੂ ਟਿੱਪਣੀ ਨਹੀਂ ਕਰਦੇ। ਉਹਨਾਂ ਦਾ ਬਿਆਨ ਬੜਾ ਸੋਚਿਆ ਸਮਝਿਆ ਤੇ ਦਲੀਲ ਵਾਲਾ ਹੁੰਦਾ ਹੈ, ਇਸੇ ਕਰਕੇ ਭਾਰਤੀ ਸਿਆਸਤਦਾਨ ਉਹਨਾਂ ਦਾ ਸਨਮਾਨ ਵੀ ਕਰਦੇ ਹਨ।



ਹਾਲਾਂਕਿ ਸੁਖਬੀਰ ਸਿੰਘ ਬਾਦਲ ਦੀ ਬੋਲੀ ਕੈਪਟਨ ਵਾਂਗ ਹੀ ਕੁਰੱਖਤ ਹੈ। ਇਸ ਨਾਲ ਕੋਈ ਚੰਗਾ ਸੁਨੇਹਾ ਨਹੀਂ ਜਾਂਦਾ। ਜਿਥੋਂ ਤੱਕ ਗੁਰੂ ਗਰੰਥ ਸਾਹਿਬ ਦੀ ਬੇਅਦਬੀ ਦਾ ਸੁਆਲ ਹੈ, ਕੈਪਟਨ ਅਮਰਿੰਦਰ ਸਿੰਘ ਇਸ ਸੰਬੰਧ ਵਿਚ ਬਹਾਨੇ ਬਣਾ ਰਹੇ ਹਨ ਤੇ ਇਸ ਨੂੰ ਐਸਆਈਟੀ ਨੂੰ ਜਾਂਚ ਸੌਂਪਣ ਦੀ ਗੱਲ ਕਹਿ ਕੇ ਮਾਮਲਾ ਲਟਕਾ ਦਿੱਤਾ ਹੈ। ਇਹ ਹੁਣ ਮਾਮਲਾ ਰੁਲ ਜਾਏਗਾ, ਕਿਉਂਕਿ ਇਹ ਮਾਮਲਾ ਪਹਿਲਾਂ ਹੀ ਸੀਬੀਆਈ ਨੂੰ ਦਿੱਤਾ ਜਾ ਚੁੱਕਾ ਹੈ। ਸੀਬੀਆਈ ਤੋਂ ਮਾਮਲਾ ਲੈਣ ਲਈ ਯਤਨ ਕਰਨਾ ਕੋਈ ਸੌਖੀ ਗਲ ਨਹੀਂ। ਇਹ ਸੱਚ ਹੈ ਕਿ ਸਿੱਖਾਂ ਨੂੰ ਇਨਸਾਫ਼ ਨਹੀਂ ਮਿਲੇਗਾ।

ਦੂਸਰੇ ਪਾਸੇ ਸ਼੍ਰੋਮਣੀ ਅਕਾਲੀ ਦਲ (ਬਾਦਲ) ਦੇ ਸੁਪਰੀਮੋ ਸੁਖਬੀਰ ਸਿੰਘ ਬਾਦਲ ਲਈ ਚੁਣੌਤੀਆਂ ਵਧਦੀਆਂ ਜਾ ਰਹੀਆਂ ਹਨ ਤੇ ਉਹਨਾਂ ਨੂੰ

**ਬਾਕੀ ਸਫ਼ਾ 30 'ਤੇ**

# ਭਾਰਤੀ ਜੇਲ੍ਹਾਂ ਘੋਰ ਮਾੜੇ ਪ੍ਰਬੰਧਾਂ ਦੀਆਂ ਸ਼ਿਕਾਰ

## *ਭ੍ਰਿਸ਼ਟ ਅਧਿਕਾਰੀਆਂ ਕਰਕੇ ਜੇਲ੍ਹਾਂ 'ਚ ਪਹੁੰਚ ਰਹੇ ਨੇ ਨਸ਼ੇ ਅਤੇ ਮੋਬਾਇਲ*



**ਦਿੱਲੀ/ਬਿਊਰੋ ਨਿਊਜ਼ :** ਸਾਡੀਆਂ ਜੇਲਾਂ ਵਰ੍ਹਿਆਂ ਤੋਂ ਘੋਰ ਮਾੜੇ ਪ੍ਰਬੰਧਾਂ ਅਤੇ ਪ੍ਰਸ਼ਾਸਕੀ ਨਕਾਰਾਪਨ ਦੀਆਂ ਸ਼ਿਕਾਰ ਅਤੇ ਅਪਰਾਧੀਆਂ ਵਲੋਂ ਆਪਣੀਆਂ ਨਾਜਾਇਜ਼ ਸਰਗਰਮੀਆਂ ਚਲਾਉਣ ਦਾ 'ਸਰਕਾਰੀ ਹੈੱਡਕੁਆਰਟਰ' ਬਣ ਗਈਆਂ ਹਨ ਅਤੇ ਉਨ੍ਹਾਂ ਨੇ ਜੇਲਾਂ ਵਿਚ ਮੋਬਾਇਲ ਫੋਨ, ਨਸ਼ੇ ਅਤੇ ਹੋਰ ਪਾਬੰਦੀਸ਼ੁਦਾ ਚੀਜ਼ਾਂ ਲਿਆਉਣ ਦੇ ਕਈ ਤਰੀਕੇ ਲੱਭ ਲਏ ਹਨ ਅਤੇ ਸਾਡੀਆਂ ਜੇਲਾਂ ਸੁਧਾਰ ਘਰ ਦੀ ਬਜਾਏ ਵਿਗਾੜ ਘਰ ਬਣ ਗਈਆਂ ਹਨ, ਜੋ ਸਿਰਫ 19 ਦਿਨਾਂ ਦੀਆਂ ਹੇਠ ਲਿਖੀਆਂ ਘਟਨਾਵਾਂ ਤੋਂ ਸਪੱਸ਼ਟ ਹੈ :

- 11 ਅਗਸਤ ਨੂੰ ਗੁਜਰਾਤ ਦੀ ਮਹਿਸਾਗਰ ਜੇਲ ਵਿਚ ਹੱਤਿਆ ਦੇ ਦੋਸ਼ ਹੇਠ ਬੰਦ ਇਕ ਔਰਤ ਕੈਦੀ ਨਾਲ ਕੁਝ ਪੁਲਸ ਮੁਲਾਜ਼ਮਾਂ ਨੇ ਸਮੂਹਿਕ ਬਲਾਤਕਾਰ ਕੀਤਾ।
- 12 ਅਗਸਤ ਨੂੰ ਬਠਿੰਡਾ ਜੇਲ੍ਹ ਵਿਚ ਬੰਦ ਕੈਦੀ ਤੋਂ ਮੋਬਾਇਲ ਫੋਨ ਅਤੇ ਸਿਮ ਫੜਿਆ ਗਿਆ, ਜੋ ਉਸ ਨੇ ਸਿਰਹਾਣੇ ਹੇਠਾਂ ਲੁਕਾ ਕੇ ਰੱਖਿਆ ਹੋਇਆ ਸੀ। ਇਸੇ ਦਿਨ ਹੁਸ਼ਿਆਰਪੁਰ ਜੇਲ ਵਿਚ ਹਵਾਲਾਤੀਆਂ ਤੋਂ 2 ਮੋਬਾਇਲ ਫੋਨ, ਬੈਟਰੀ ਅਤੇ ਸਿਮ ਜ਼ਬਤ ਕੀਤੇ ਗਏ।
- 15 ਅਗਸਤ ਨੂੰ ਰੋਪੜ ਜੇਲ ਵਿਚ ਉਮਰਕੈਦ ਦੀ ਸਜ਼ਾ ਕੱਟ ਰਹੇ ਇਕ ਸਿਪਾਹੀ ਨੂੰ ਰੋਪੜ ਜ਼ਿਲਾ ਜੇਲ ਅੰਦਰ ਇਕ ਬਾਲਟੀ ਵਿਚ ਲੁਕੋ ਕੇ ਰੱਖੇ ਹੋਏ 3 ਮੋਬਾਇਲ ਫੋਨ ਅਤੇ 8 ਪੁੜੀਆਂ ਤੰਬਾਕੂ ਅੰਦਰ ਲਿਜਾਣ ਦੀ ਕੋਸ਼ਿਸ਼ ਕਰਦਿਆਂ ਫੜਿਆ ਗਿਆ।
- 17 ਅਗਸਤ ਨੂੰ ਅੰਮ੍ਰਿਤਸਰ ਸੈਂਟਰਲ ਜੇਲ੍ਹ ਵਿਚੋਂ 10 ਗ੍ਰਾਮ ਨਸ਼ੇ ਵਾਲੇ ਪਦਾਰਥ, 410 ਨਸ਼ੇ ਵਾਲੀਆਂ ਗੋਲੀਆਂ, ਇਕ ਮੋਬਾਇਲ ਫੋਨ ਅਤੇ 5 ਗ੍ਰਾਮ ਹੈਰੋਇਨ ਫੜੀ ਗਈ।
- 19 ਅਗਸਤ ਨੂੰ ਅੰਮ੍ਰਿਤਸਰ ਸੈਂਟਰਲ ਜੇਲ ਮੈਨੇਜਮੈਂਟ ਨੇ ਜੇਲ ਵਿਚ ਬੰਦ ਬਦਨਾਮ ਗੈਂਗਸਟਰ ਲਾਡਾ ਦੇ ਕਬਜ਼ੇ ਵਿਚੋਂ ਫਿਰ ਮੋਬਾਇਲ ਬਰਾਮਦ ਕੀਤਾ। ਦੋ ਹੋਰ ਹਵਾਲਾਤੀਆਂ ਤੋਂ ਵੀ ਮੋਬਾਇਲ ਮਿਲੇ। 20 ਅਗਸਤ ਨੂੰ ਵੀ ਇਕ ਕੈਦੀ ਤੋਂ 2 ਮੋਬਾਇਲ ਫੋਨ ਮਿਲੇ।
- 22 ਅਗਸਤ ਨੂੰ ਕਪੂਰਥਲਾ ਦੀ ਮਾਡਰਨ ਜੇਲ ਵਿਚ ਇਕ ਕੈਦੀ ਤੋਂ ਮੋਬਾਇਲ ਫੋਨ, ਸਿਮ ਕਾਰਡ ਅਤੇ ਬੈਟਰੀ ਤੇ 23 ਅਗਸਤ ਨੂੰ ਇਸੇ ਜੇਲ ਵਿਚ ਬੰਦ ਇਕ ਕੈਦੀ ਤੋਂ ਨਸ਼ੇ ਵਾਲੀਆਂ 140 ਗੋਲੀਆਂ ਬਰਾਮਦ ਕੀਤੀਆਂ ਗਈਆਂ।
- 23 ਅਗਸਤ ਨੂੰ ਸਬ-ਜੇਲ ਪੱਟੀ ਵਿਚ ਪੇਸ਼ੀ ਤੋਂ ਬਾਅਦ ਪਰਤੇ ਹਵਾਲਾਤੀ ਤੋਂ 14 ਗ੍ਰਾਮ ਹੈਰੋਇਨ ਬਰਾਮਦ ਹੋਈ, ਜੋ ਉਸ ਨੇ ਜੁੱਤੀ ਵਿਚ ਲੁਕੋ ਕੇ ਰੱਖੀ ਹੋਈ ਸੀ।
- 24 ਅਗਸਤ ਨੂੰ ਹਰਿਆਣਾ ਦੀ ਭੋਂਡਸੀ ਜੇਲ ਵਿਚ ਰਾਤ ਦੇ ਸਮੇਂ 30 ਦੇ ਲੱਗਭੱਗ ਕੈਦੀਆਂ ਨੇ ਮਿਲ ਕੇ ਹੱਤਿਆ ਦੇ ਮਾਮਲੇ ਵਿਚ ਬੰਦ ਇਕ ਕੈਦੀ ਨੂੰ ਬੁਰੀ ਤਰ੍ਹਾਂ ਕੁੱਟਿਆ, ਜਿਸ ਨੂੰ ਇਲਾਜ ਲਈ ਹਸਪਤਾਲ ਵਿਚ ਦਾਖਲ ਕਰਵਾਉਣਾ ਪਿਆ।
- 27 ਅਗਸਤ ਨੂੰ ਪੀ. ਜੀ. ਆਈ. ਚੰਡੀਗੜ੍ਹ ਤੋਂ ਬੁੜੈਲ ਜੇਲ ਜਾ ਰਹੀ ਚੰਡੀਗੜ੍ਹ ਪੁਲਸ ਦੀ ਬੱਸ ਵਿਚੋਂ ਉਤਰ ਕੇ ਇਕ ਵਿਚਾਰ ਅਧੀਨ ਕੈਦੀ ਫਰਾਰ ਹੋ ਗਿਆ।
- 27 ਅਗਸਤ ਨੂੰ ਹੀ ਮਹਾਰਾਸ਼ਟਰ ਵਿਚ ਠਾਣੇ ਦੀ ਸੈਂਟਰਲ ਜੇਲ ਵਿਚ ਬੰਦ 2 ਵਿਚਾਰ ਅਧੀਨ ਕੈਦੀਆਂ ਨੇ ਇਕ ਕੈਦੀ 'ਤੇ ਹਮਲੇ ਦੇ ਸਬੰਧ ਵਿਚ ਉਨ੍ਹਾਂ ਤੋਂ ਕੀਤੀ ਜਾ ਰਹੀ ਪੁੱਛਗਿੱਛ ਦੌਰਾਨ 2 ਜੇਲ ਅਧਿਕਾਰੀਆਂ ਨੂੰ ਕੁੱਟ ਦਿੱਤਾ।
- 27 ਅਗਸਤ ਨੂੰ ਹੀ ਦਿੱਲੀ ਵਿਚ ਤਿਹਾੜ ਦੇ ਸੈਮੀ-ਓਪਨ ਜੇਲ ਕੰਪਲੈਕਸ ਵਿਚੋਂ

**ਬਾਕੀ ਸਫ਼ਾ 29 'ਤੇ**

# ਭਾਰਤੀ ਸੰਸਕ੍ਰਿਤੀ ਦੀਆਂ ਧੱਜੀਆਂ ਉਡਾਈਆਂ ਬਲਾਤਕਾਰੀਆਂ ਤੇ ਅਪਰਾਧੀਆਂ ਨੇ

## *ਪਿਤਾ ਨੇ ਆਪਣੀ ਧੀ ਤੋਂ ਦੇਹ ਵਪਾਰ ਦਾ ਧੰਦਾ ਕਰਵਾਇਆ ਤੇ ਖੁਦ ਕਰਦਾ ਰਿਹਾ ਬਲਾਤਕਾਰ*



**ਨਵੀਂ ਦਿੱਲੀ/ਬਿਊਰੋ ਨਿਊਜ਼ :**
ਭਾਰਤ ਇਸ ਸਮੇਂ ਬਲਾਤਕਾਰੀਆਂ ਦਾ ਵੱਡਾ ਅੱਡਾ ਬਣ ਗਿਆ ਹੈ। ਉਨ੍ਹਾਂ ਨੇ ਭਾਰਤ ਦੀ ਸੰਸਕ੍ਰਿਤੀ ਦੀਆਂ ਪੂਰੀ ਤਰ੍ਹਾਂ ਧੱਜੀਆਂ ਉਡਾਈਆਂ ਹਨ। ਇਹ ਬੀਤੇ ਮਹੀਨੇ ਦੀਆਂ ਘਟਨਾਵਾਂ ਤੋਂ ਸਪੱਸ਼ਟ ਹੈ :

- 18 ਅਗਸਤ ਨੂੰ ਯੂ. ਪੀ. ਦੇ ਥਾਣਾ ਖਜੂਰੀਆ ਵਿਚ ਇਕ ਕਲਯੁਗੀ ਪਿਤਾ ਵਲੋਂ ਇਕ ਸਾਲ ਤੋਂ ਆਪਣੀ ਧੀ ਨਾਲ ਖੁਦ ਬਲਾਤਕਾਰ ਕਰਨ ਤੇ ਪੈਸਿਆਂ ਲਈ ਉਸ ਤੋਂ ਦੇਹ ਵਪਾਰ ਕਰਵਾਉਣ ਦਾ ਮਾਮਲਾ ਸਾਹਮਣੇ ਆਇਆ ਹੈ। ਪੁਲਸ ਕੋਲ ਦਰਜ ਸ਼ਿਕਾਇਤ ਵਿਚ ਕਿਹਾ ਗਿਆ ਕਿ ਵਿਰੋਧ ਕਰਨ 'ਤੇ ਪਿਤਾ ਉਸ ਨੂੰ ਕੁੱਟਦਾ ਸੀ।
- 20 ਅਗਸਤ ਨੂੰ ਮਲੋਟ ਨੇੜਲੇ ਪਿੰਡ ਪੱਕੀ ਟਿੱਬੀ ਵਿਚ ਸ਼ਰਾਬ ਦੇ ਆਦੀ ਨੌਜਵਾਨ ਨੇ ਸ਼ਰਾਬ ਪੀਣ ਤੋਂ ਰੋਕਣ 'ਤੇ ਆਪਣੀ ਪਤਨੀ ਨੂੰ ਸਾੜ ਕੇ ਮਾਰ ਦਿੱਤਾ।
- 20 ਅਗਸਤ ਨੂੰ ਹੀ ਯੂ. ਪੀ. ਵਿਚ ਝਾਂਸੀ ਦੇ ਪੁੰਛ ਥਾਣਾ ਖੇਤਰ ਵਿਚ ਇਕ ਔਰਤ ਨੇ ਆਪਣੀ ਚਾਰ ਮਹੀਨਿਆਂ ਦੀ ਬੇਟੀ 'ਤੇ ਕਿਸੇ ਪ੍ਰੇਤ ਆਤਮਾ ਦਾ ਪਰਛਾਵਾਂ ਹੋਣ ਦੇ ਸ਼ੱਕ ਹੇਠ ਬਲੇਡ ਨਾਲ ਧੌਣ ਕੱਟ ਕੇ ਉਸ ਦੀ ਹੱਤਿਆ ਕਰ ਦਿੱਤੀ।
- 21 ਅਗਸਤ ਦੀ ਰਾਤ ਨੂੰ ਬੰਗਾਲ ਦੇ ਮਾਲਦਾ ਵਿਚ ਆਪਣੇ ਘਰ ਅੰਦਰ ਨਾਜਾਇਜ਼ ਸ਼ਰਾਬ ਵੇਚਣ ਤੋਂ ਰੋਕਣ 'ਤੇ ਇਕ ਨੌਜਵਾਨ ਨੇ ਫਹੁੜਾ ਮਾਰ ਕੇ ਆਪਣੀ ਬੁੱਢੀ ਮਾਂ ਨੂੰ ਗੰਭੀਰ ਜ਼ਖ਼ਮੀ ਕਰ ਦਿੱਤਾ।
- 21 ਅਗਸਤ ਨੂੰ ਹੀ ਯੂ. ਪੀ. ਵਿਚ ਬਹਿਰਾਈਚ ਜ਼ਿਲੇ ਦੇ ਹਜ਼ੂਰਪੁਰ ਥਾਣਾ ਖੇਤਰ ਵਿਚ ਪੈਂਦੇ ਇਕ ਪਿੰਡ ਵਿਚ ਇਕ ਨੌਜਵਾਨ ਨੇ ਆਪਣੀ 5 ਸਾਲਾ ਚਚੇਰੀ ਭੈਣ ਨਾਲ ਬਲਾਤਕਾਰ ਕੀਤਾ।
- 23 ਅਗਸਤ ਨੂੰ ਫਾਜ਼ਿਲਕਾ ਨੇੜਲੇ ਪਿੰਡ ਰਾਣਾ ਵਿਚ ਪ੍ਰਾਪਰਟੀ ਦੇ ਝਗੜੇ ਨੂੰ ਲੈ ਕੇ ਬੀਰਇੰਦਰਪਾਲ ਸਿੰਘ ਨੇ ਆਪਣੇ ਪਿਤਾ ਹਰਭਜਨ ਸਿੰਘ ਦੇ ਸਿਰ 'ਤੇ ਲੱਕੜੀ ਦੇ ਦਸਤੇ ਨਾਲ ਵਾਰ ਕਰ ਕੇ ਉਸ ਦੀ ਹੱਤਿਆ ਕਰ ਦਿੱਤੀ।
- 23 ਅਗਸਤ ਨੂੰ ਹੀ ਧੂਰੀ ਵਿਚ ਮਕਾਨ ਦਾ ਹਿੱਸਾ ਮੰਗਣ ਆਈ ਵਿਧਵਾ ਭਾਬੀ ਕਿਰਨ ਕੌਰ ਦੀ ਉਸ ਦੇ ਜੇਠ ਨਿੱਕਾ ਸਿੰਘ ਨੇ ਆਪਣੇ ਦੋ ਸਾਥੀਆਂ ਨਾਲ ਮਿਲ ਕੇ ਰਾਡ ਮਾਰ ਕੇ ਹੱਤਿਆ ਕਰ ਦਿੱਤੀ।
- 23 ਅਗਸਤ ਨੂੰ ਹੀ ਆਗਰਾ ਵਿਚ ਇਕ ਕਲਯੁਗੀ ਪਿਤਾ ਵਲੋਂ ਆਪਣੀ ਇਕਲੌਤੀ ਧੀ ਨੂੰ ਬੰਧਕ ਬਣਾ ਕੇ ਉਸ ਨਾਲ ਲਗਾਤਾਰ ਕਈ ਮਹੀਨੇ ਬਲਾਤਕਾਰ ਕਰਨ ਦੇ ਦੋਸ਼ ਹੇਠ ਪੀੜਤ ਬੱਚੀ ਦੀ ਮਾਂ ਨੇ ਪੁਲਸ ਕੋਲ ਸ਼ਿਕਾਇਤ ਦਰਜ ਕਰਵਾਈ।
- 24 ਅਗਸਤ ਨੂੰ ਯੂ. ਪੀ. ਵਿਚ ਮੈਨਪੁਰੀ ਦੇ ਕੁਰਾਵਲੀ ਖੇਤਰ ਦੇ ਇਕ ਪਿੰਡ ਵਿਚ ਇਕ ਨੌਜਵਾਨ ਨੇ ਆਪਣੀ 8 ਸਾਲਾ ਚਚੇਰੀ ਭੈਣ ਨਾਲ ਬਲਾਤਕਾਰ ਕੀਤਾ।
- 27 ਅਗਸਤ ਨੂੰ ਹੀ ਥਾਣਾ ਨਿਹਾਲ ਸਿੰਘ ਵਾਲਾ ਦੇ ਅਧੀਨ ਪੈਂਦੇ ਪਿੰਡ ਘੋਲੀਆ ਖੁਰਦ ਵਿਚ ਸੇਵਕ ਸਿੰਘ ਨਾਮੀ ਨਸ਼ੇੜੀ ਨੌਜਵਾਨ ਨੇ ਜਾਇਦਾਦ ਦੇ ਝਗੜੇ ਵਿਚ ਆਪਣੇ 90 ਸਾਲਾ ਪਿਤਾ ਕਿਰਪਾਲ ਸਿੰਘ ਦੀ ਰਾਡ ਨਾਲ ਕੁੱਟ-ਕੁੱਟ ਕੇ ਹੱਤਿਆ ਕਰ ਦਿੱਤੀ।
- 28 ਅਗਸਤ ਨੂੰ ਝਾਰਖੰਡ ਦੇ ਧਨਬਾਦ ਵਿਚ ਇਕ ਵਿਅਕਤੀ ਨੇ ਆਪਣੀ ਨੂੰਹ ਨਾਲ ਬਲਾਤਕਾਰ ਕਰਨ ਵਿਚ ਨਾਕਾਮ ਰਹਿਣ 'ਤੇ ਉਸ ਨੂੰ ਜ਼ਿੰਦਾ ਸਾੜ ਦਿੱਤਾ।
- 28 ਅਗਸਤ ਨੂੰ ਹੀ ਬੈਂਗਲੂਰ ਵਿਚ ਜਾਇਦਾਦ ਅਤੇ ਪੈਸਿਆਂ ਦੇ ਲਾਲਚ ਵਿਚ ਪੀ. ਅਭਿਸ਼ੇਕ ਚੇਤਨ ਨਾਮੀ ਨੌਜਵਾਨ ਨੇ ਆਪਣੇ 66 ਸਾਲਾ ਪਿਤਾ ਐੱਸ. ਐੱਸ. ਪਰਮੇਸ਼ ਦੀਆਂ ਅੱਖਾਂ ਕੱਢ ਲਈਆਂ। ਦੋਸ਼ੀ ਆਪਣੇ ਪਿਤਾ ਤੋਂ ਘਰ ਦੀ ਰਜਿਸਟਰੀ ਆਪਣੇ ਨਾਂ ਕਰਵਾਉਣ ਦੀ ਮੰਗ ਕਰ ਰਿਹਾ ਸੀ। ਪਰਮੇਸ਼ ਨੇ ਆਪਣੀ ਸਾਰੀ ਪ੍ਰਾਪਰਟੀ ਬੱਚਿਆਂ ਦੇ ਨਾਂ ਕਰ ਦਿੱਤੀ ਸੀ ਤੇ ਉਨ੍ਹਾਂ ਕੋਲ ਸਿਰਫ ਇਕ ਘਰ ਹੀ ਬਚਿਆ ਸੀ, ਜਿਸ ਵਿਚ ਉਹ ਰਹਿੰਦੇ ਹਨ।
- 28 ਅਗਸਤ ਨੂੰ ਹੀ ਮੁੰਬਈ ਵਿਚ ਇਕ ਵਿਅਕਤੀ ਨੇ ਆਪਣੀ ਪਤਨੀ ਨੂੰ ਨਸ਼ੇ ਵਾਲਾ ਪਦਾਰਥ ਪਿਲਾਉਣ ਤੋਂ ਬਾਅਦ ਨੀਮ ਬੇਹੋਸ਼ੀ ਦੀ ਹਾਲਤ ਵਿਚ ਉਸ ਨਾਲ ਖੁਦ ਤੇ ਆਪਣੇ ਦੋਸਤ ਤੋਂ ਕਈ ਵਾਰ ਬਲਾਤਕਾਰ ਕਰਵਾਇਆ ਤੇ ਉਸ ਦਾ ਵੀਡੀਓ ਵੀ ਬਣਾ ਲਿਆ।
- 28 ਅਗਸਤ ਨੂੰ ਹੀ ਭੋਪਾਲ ਵਿਚ ਇਕ 16 ਸਾਲਾ ਲੜਕੀ ਨੇ ਆਪਣੇ ਪਿਤਾ ਵਲੋਂ ਉਸ ਨਾਲ ਲਗਾਤਾਰ ਬਲਾਤਕਾਰ ਕਰਨ ਵਿਰੁੱਧ ਪੁਲਸ ਕੋਲ ਸ਼ਿਕਾਇਤ ਦਰਜ ਕਰਵਾਈ।

# ਭਾਰਤ 'ਚ ਤੇਜ਼ੀ ਨਾਲ ਫੈਲਿਆ ਵਿਦੇਸ਼ੀ ਨਸ਼ਾ ਸਮੱਗਲਰਾਂ ਦਾ ਜਾਲ

**ਜਲੰਧਰ/ਬਿਊਰੋ ਨਿਊਜ਼ :**
ਭਾਰਤ ਵਿਚ ਸਥਾਨਕ ਨਸ਼ਾ ਸਮੱਗਲਰਾਂ ਦੇ ਨਾਲ-ਨਾਲ ਵਿਦੇਸ਼ੀ ਨਸ਼ਾ ਸਮੱਗਲਰਾਂ ਦਾ ਜਾਲ ਵੀ ਲਗਾਤਾਰ ਫੈਲਦਾ ਜਾ ਰਿਹਾ ਹੈ, ਖਾਸ ਕਰਕੇ ਪੰਜਾਬ, ਹਿਮਾਚਲ ਤੇ ਹਰਿਆਣਾ ਵਰਗੇ ਉੱਤਰੀ ਸੂਬਿਆਂ ਵਿਚ ਇਹ ਸਮੱਸਿਆ ਲਗਾਤਾਰ ਗੰਭੀਰ ਹੁੰਦੀ ਜਾ ਰਹੀ ਹੈ। ਹਾਲ ਹੀ ਦੇ ਦਿਨਾਂ ਵਿਚ ਵੱਖ-ਵੱਖ ਸੂਬਿਆਂ ਵਿਚ ਵਿਦੇਸ਼ੀ ਨਸ਼ਾ ਸਮੱਗਲਰਾਂ ਦੀ ਹੋਈ ਵੱਡੀ ਗ੍ਰਿਫਤਾਰੀ ਨਾਲ ਕੁਝ ਅਜਿਹੀ ਹੀ ਤਸਵੀਰ ਸਾਹਮਣੇ ਆ ਰਹੀ ਹੈ। ਪੰਜਾਬ ਵਿਚ ਪਿਛਲੇ ਕੁਝ ਸਮੇਂ ਦੌਰਾਨ ਇਕ ਦਰਜਨ ਦੇ ਲੱਗਭਗ ਵਿਦੇਸ਼ੀ ਨਸ਼ਾ ਸਮੱਗਲਰਾਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਪੰਜਾਬ ਤੋਂ ਬਾਅਦ ਨਸ਼ਾ ਸਮੱਗਲਰਾਂ ਦਾ ਜਾਲ ਹਿਮਾਚਲ ਪ੍ਰਦੇਸ਼ ਵਿਚ ਤੇਜ਼ੀ ਨਾਲ ਫੈਲ ਰਿਹਾ ਹੈ। ਉਥੇ ਵੀ ਵੱਡੀ ਗਿਣਤੀ ਵਿਚ ਵਿਦੇਸ਼ੀ ਸਮੱਗਲਰ ਸਰਗਰਮ ਹਨ ਤੇ ਰੋਜ਼ਾਨਾ ਲੱਗਭਗ 5 ਨਸ਼ਾ ਸਮੱਗਲਰ ਫੜੇ ਜਾ ਰਹੇ ਹਨ। ਜ਼ਿਆਦਾਤਰ ਵਿਦੇਸ਼ੀ ਨਸ਼ਾ ਸਮੱਗਲਰ ਦਿੱਲੀ ਵਿਚ ਬੈਠ ਕੇ ਆਪਰੇਟ ਕਰਦੇ ਹਨ ਤੇ ਸਥਾਨਕ ਨਸ਼ਾ ਸਪਲਾਇਰਾਂ ਦੇ ਜ਼ਰੀਏ ਚਿੱਟਾ ਅਤੇ ਹੋਰ ਨਸ਼ਾ ਵੇਚਦੇ ਹਨ।

ਗ੍ਰਿਫਤਾਰ ਸਮੱਗਲਰਾਂ ਤੋਂ ਪੁੱਛਗਿੱਛ ਦੌਰਾਨ ਇਹ ਗੱਲ ਸਾਹਮਣੇ ਆਈ ਹੈ ਕਿ ਪੰਜਾਬ, ਹਿਮਾਚਲ, ਹਰਿਆਣਾ ਆਦਿ ਸੂਬਿਆਂ ਵਿਚ ਸਥਾਨਕ ਸਮੱਗਲਰਾਂ ਨਾਲ ਮਿਲ ਕੇ ਨਾਈਜੀਰੀਆ ਤੇ ਹੋਰ ਅਫਰੀਕੀ ਦੇਸ਼ਾਂ ਦੇ ਸਮੱਗਲਰ ਕੰਮ ਕਰਨ ਲੱਗੇ ਹੋਏ ਹਨ। ਜੇਲਾਂ ਵਿਚ ਬੰਦ ਹੋਣ ਦੇ ਬਾਵਜੂਦ ਨਸ਼ਾ ਸਮੱਗਲਰਾਂ ਦੇ ਸਰਗਣੇ ਜੇਲਾਂ ਤੋਂ ਹੀ ਆਪਰੇਟ ਕਰ ਰਹੇ ਹਨ। ਵਿਦੇਸ਼ੀ ਸਮੱਗਲਰਾਂ ਦੀਆਂ ਕੁਝ ਹੁਣੇ-ਹੁਣੇ ਹੋਈਆਂ ਗ੍ਰਿਫਤਾਰੀਆਂ ਹੇਠਾਂ ਦਰਜ ਹਨ :

- 30 ਜੂਨ ਨੂੰ ਦਿੱਲੀ ਪੁਲਸ ਦੇ ਸਪੈਸ਼ਲ ਸੈੱਲ ਨੇ 3 ਵਿਦੇਸ਼ੀ ਨਾਗਰਿਕਾਂ ਨੂੰ ਗ੍ਰਿਫਤਾਰ ਕਰ ਕੇ ਉਨ੍ਹਾਂ ਤੋਂ 18 ਕਰੋੜ ਰੁਪਏ ਦੀ ਹੈਰੋਇਨ ਬਰਾਮਦ ਕੀਤੀ।
- 22 ਜੁਲਾਈ ਨੂੰ ਹਿਮਾਚਲ ਵਿਚ ਕੁੱਲੂ ਪੁਲਸ ਨੇ ਦਿੱਲੀ ਦੇ ਹੈਰੋਇਨ ਸਪਲਾਇਰ ਵਿਦੇਸ਼ੀ ਨਾਗਰਿਕ ਨੂੰ 15 ਗ੍ਰਾਮ ਹੈਰੋਇਨ ਨਾਲ ਫੜਿਆ।
- 03 ਅਗਸਤ ਨੂੰ ਸੋਲਨ ਪੁਲਸ ਨੇ 11 ਗ੍ਰਾਮ ਚਿੱਟੇ ਨਾਲ ਫੜੇ ਗਏ ਸਮੱਗਲਰ ਤੋਂ ਮਿਲੀ ਸੂਚਨਾ ਦੇ ਆਧਾਰ 'ਤੇ ਦਿੱਲੀ ਦੇ ਦੁਆਰਕਾ ਖੇਤਰ ਵਿਚੋਂ ਇਕ ਵਿਦੇਸ਼ੀ ਨਸ਼ਾ ਸਮੱਗਲਰ ਨੂੰ ਗ੍ਰਿਫਤਾਰ ਕੀਤਾ।
- 11 ਅਗਸਤ ਨੂੰ ਸੋਲਨ ਪੁਲਸ ਨੇ ਦਿੱਲੀ ਤੋਂ ਇਕ ਵਿਦੇਸ਼ੀ ਸਮੱਗਲਰ ਨੂੰ ਗ੍ਰਿਫਤਾਰ ਕੀਤਾ, ਜਿਸ ਨੇ ਹਿਮਾਚਲ ਵਿਚ ਹੈਰੋਇਨ ਸਪਲਾਈ ਕੀਤੀ ਸੀ।
- 18 ਅਗਸਤ ਨੂੰ ਗੁਰੂਗ੍ਰਾਮ ਪੁਲਸ ਦੀ ਵਿਸ਼ੇਸ਼ ਜਾਂਚ ਟੀਮ ਨੇ ਹੈਰੋਇਨ ਸਪਲਾਈ ਕਰਨ ਵਾਲੇ 2 ਵਿਦੇਸ਼ੀ ਸਮੱਗਲਰਾਂ ਨੂੰ ਫੜਿਆ, ਜਿਨ੍ਹਾਂ ਤੋਂ 5 ਕਰੋੜ ਰੁਪਏ ਮੁੱਲ ਦੀ ਲੱਗਭਗ 1 ਕਿਲੋ ਹੈਰੋਇਨ ਬਰਾਮਦ ਹੋਈ।
- 27 ਅਗਸਤ ਨੂੰ ਜਲੰਧਰ ਦੇ ਦਿਹਾਤੀ ਖੇਤਰ ਦੀ ਪੁਲਸ ਨੇ 150 ਗ੍ਰਾਮ ਹੈਰੋਇਨ ਨਾਲ 2 ਵਿਦੇਸ਼ੀ ਨਸ਼ਾ ਸਮੱਗਲਰਾਂ ਨੂੰ ਗ੍ਰਿਫਤਾਰ ਕੀਤਾ।
- 30 ਅਗਸਤ ਨੂੰ ਮੋਹਾਲੀ ਵਿਚ ਸਪੈਸ਼ਲ ਟਾਸਕ ਫੋਰਸ ਦੇ ਮੈਂਬਰਾਂ ਨੇ ਇਕ ਵਿਦੇਸ਼ੀ ਨਸ਼ਾ ਸਮੱਗਲਰ ਤੋਂ 5 ਕਰੋੜ ਰੁਪਏ ਦੀ 1 ਕਿਲੋ ਹੈਰੋਇਨ ਜ਼ਬਤ ਕੀਤੀ।
- 31 ਅਗਸਤ ਨੂੰ ਮੋਹਾਲੀ ਪੁਲਸ ਦੀ ਸਪੈਸ਼ਲ ਟਾਸਕ ਫੋਰਸ ਨੇ ਲਾਂਡਰਾ ਨੇੜੇ ਇਕ ਵਿਦੇਸ਼ੀ ਨੂੰ ਗ੍ਰਿਫਤਾਰ ਕਰ ਕੇ ਉਸ ਤੋਂ 400 ਗ੍ਰਾਮ ਹੈਰੋਇਨ ਫੜੀ।
- 31 ਅਗਸਤ ਨੂੰ ਹੀ ਇਕ ਵਿਦੇਸ਼ੀ ਨੂੰ ਸਾਂਗਾਨੇਰ ਹਵਾਈ ਅੱਡੇ ਨੇੜੇ ਇਕ ਹੋਟਲ ਤੋਂ ਗ੍ਰਿਫਤਾਰ ਕਰ ਕੇ ਉਸ ਦੇ ਕਬਜ਼ੇ ਵਿਚੋਂ 10 ਗ੍ਰਾਮ ਕੋਕੀਨ ਬਰਾਮਦ ਕੀਤੀ ਗਈ।
- 01 ਸਤੰਬਰ ਨੂੰ ਖੰਨਾ ਪੁਲਸ ਨੇ ਇਕ ਵਿਦੇਸ਼ੀ ਨੂੰ ਗ੍ਰਿਫਤਾਰ ਕਰ ਕੇ ਉਸ ਦੇ ਕਬਜ਼ੇ ਵਿਚੋਂ 300 ਗ੍ਰਾਮ ਹੈਰੋਇਨ ਜ਼ਬਤ ਕੀਤੀ।
- 02 ਸਤੰਬਰ ਨੂੰ ਜਲੰਧਰ ਦੇ ਥਾਣਾ ਮਕਸੂਦਾਂ ਦੀ ਪੁਲਸ ਨੇ ਇਕ ਵਿਦੇਸ਼ੀ ਮਹਿਲਾ ਸਮੱਗਲਰ ਨੂੰ ਅੱਧਾ ਕਿਲੋ ਹੈਰੋਇਨ ਸਮੇਤ ਗ੍ਰਿਫਤਾਰ ਕੀਤਾ।
- 02 ਸਤੰਬਰ ਨੂੰ ਹੀ ਦਿੱਲੀ ਵਿਚ ਇਕ ਵਿਦੇਸ਼ੀ ਨੂੰ ਇੰਦਰਾ ਗਾਂਧੀ ਹਵਾਈ ਅੱਡੇ ਤੋਂ 3 ਕਰੋੜ ਰੁਪਏ ਮੁੱਲ ਦੀ ਕੋਕੀਨ ਦੀ ਸਮੱਗਲਿੰਗ ਦੇ ਮਾਮਲੇ ਵਿਚ ਫੜਿਆ ਗਿਆ।
- 03 ਸਤੰਬਰ ਨੂੰ ਦਿੱਲੀ ਵਿਚ ਇਕ ਵਿਦੇਸ਼ੀ ਨਾਗਰਿਕ ਤੋਂ 100 ਗ੍ਰਾਮ ਹੈਰੋਇਨ ਬਰਾਮਦ ਹੋਈ, ਜਿਸ ਦੀ ਕੀਮਤ ਲੱਗਭਗ 20 ਲੱਖ ਰੁਪਏ ਦੱਸੀ ਜਾ ਰਹੀ ਹੈ।
- 03 ਸਤੰਬਰ ਨੂੰ ਹੀ ਸਮਰਾਲਾ ਪੁਲਸ ਨੇ ਇਕ ਵਿਦੇਸ਼ੀ ਤੋਂ 2 ਕਿਲੋ ਹੈਰੋਇਨ, 15 ਗ੍ਰਾਮ ਕੋਕੀਨ ਅਤੇ 18 ਗ੍ਰਾਮ ਆਈਸ ਡਰੱਗ ਬਰਾਮਦ ਕੀਤੀ, ਜਿਸ ਦੀ ਕੀਮਤ ਲੱਗਭਗ 20 ਕਰੋੜ ਰੁਪਏ ਦੱਸੀ ਜਾਂਦੀ ਹੈ।



ਨਸ਼ੀਲੇ ਪਦਾਰਥਾਂ ਦੀਆਂ ਉਕਤ ਬਰਾਮਦਗੀਆਂ ਤੋਂ ਸਪੱਸ਼ਟ ਹੈ ਕਿ ਭਾਰਤ ਵਿਚ ਵਿਦੇਸ਼ੀ ਨਸ਼ਾ ਸਮੱਗਲਰ ਕਿਸ ਤਰ੍ਹਾਂ ਆਪਣੇ ਪੈਰ ਡੂੰਘਾਈ ਨਾਲ ਜਮਾਉਂਦੇ ਜਾ ਰਹੇ ਹਨ। ਇਸ ਵਿਚ ਉਨ੍ਹਾਂ ਨੂੰ ਸਥਾਨਕ ਨਸ਼ਾ ਸਮੱਗਲਰਾਂ ਦਾ ਸਹਿਯੋਗ ਮਿਲਣ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ।

# ਭਗਵਾਂ ਅੱਤਵਾਦ ਭਾਰਤ 'ਚ ਤਬਾਹੀ ਮਚਾਉਣ ਲਈ ਸਰਗਰਮ

- **ਸਨਾਤਨ ਸੰਸਥਾ 'ਹਿੰਸਕ ਹਿੰਦੂਤਵ' ਦੀ ਪ੍ਰਯੋਗਸ਼ਾਲਾ**
- **ਮਡਗਾਂਵ ਬੰਬ ਧਮਾਕੇ, ਗੋਵਿੰਦ ਪੰਸਾਰੇ, ਨਰਿੰਦਰ ਦਾਭੋਲਕਰ ਅਤੇ ਗੌਰੀ ਲੰਕੇਸ਼ ਦੇ ਕਤਲਾਂ ਦੇ ਸਨਾਤਨ ਸੰਸਥਾ ਉਪਰ ਲਗ ਚੁੱਕੇ ਹਨ ਦੋਸ਼**
- **ਸਨਾਤਨ ਸੰਸਥਾ ਦਾ ਮਨੋਰਥ ਹਿੰਦੂ ਰਾਸ਼ਟਰ ਦੀ ਸਥਾਪਨਾ ਹੈ**



**ਮੁੰਬਈ/ਬਿਊਰੋ ਨਿਊਜ਼ :**
ਮਹਾਰਾਸ਼ਟਰ ਦੇ ਐਂਟੀ ਟੈਰਰਿਸਟ ਸਕੁਐਡ (ਏਟੀਐਸ) ਨੇ ਹੁਣੇ ਜਿਹੇ ਹੀ ਹਿੰਦੁਤਵੀ ਸੰਗਠਨਾਂ ਦੇ ਤਿੰਨ ਵਰਕਰਾਂ- ਵੈਭਵ ਰਾਉਤ, ਸ਼ਰਦ ਕਾਲਸਕਰ ਅਤੇ ਸੁੰਧਵਾ ਜੋਗਲੇਕਰ ਨੂੰ ਗ੍ਰਿਫ਼ਤਾਰ ਕੀਤਾ ਹੈ। ਏਟੀਐਸ ਦਾ ਦਾਅਵਾ ਹੈ ਕਿ ਗ੍ਰਿਫ਼ਤਾਰ ਕੀਤੇ ਗਏ ਤਿੰਨੇ ਮੁਲਜ਼ਮ ਮੁੰਬਈ, ਪੁਣੇ, ਸਤਾਰਾ ਤੇ ਮਹਾਰਾਸ਼ਟਰ ਦੇ ਦੂਜੇ ਇਲਾਕਿਆਂ ਵਿੱਚ ਲੜੀਵਾਰ ਧਮਾਕਿਆਂ ਦੀ ਸਾਜਿਸ਼ ਰਚ ਰਹੇ ਸਨ। ਕਿਹਾ ਜਾ ਰਿਹਾ ਹੈ ਕਿ ਵੈਭਵ ਰਾਉਤ ਦਾ ਸੰਬੰਧ ਸਨਾਤਨ ਸੰਸਥਾ ਨਾਲ ਰਿਹਾ ਹੈ।

ਰਾਸ਼ਟਰਵਾਦੀ ਕਾਂਗਰਸ ਪਾਰਟੀ ਨੇ ਇਲਜ਼ਾਮ ਲਾਇਆ ਹੈ ਕਿ, "ਜਾਂਚ ਟੀਮਾਂ ਨੇ ਵੈਭਵ ਰਾਉਤ ਦੇ ਘਰੋਂ ਬੰਬ ਤੇ ਬੰਬ ਬਣਾਉਣ ਦਾ ਸਮਾਨ ਬਰਾਮਦ ਕੀਤਾ ਹੈ। ਇਸ ਤੋਂ ਸਾਬਿਤ ਹੁੰਦਾ ਹੈ ਕਿ ਸਨਾਤਨ ਸੰਸਥਾ ਅੱਤਵਾਦੀ ਕਾਰਵਾਈਆਂ ਵਿਚ ਸ਼ਾਮਿਲ ਹਨ। ਇਨ੍ਹਾਂ 'ਤੇ ਪਾਬੰਦੀ ਲਗਾਈ ਜਾਣੀ ਚਾਹੀਦੀ ਹੈ।"

ਮਹਾਰਾਸ਼ਟਰ ਦੇ ਗ੍ਰਹਿ ਰਾਜ ਮੰਤਰੀ ਦੀਪਕ ਕੇਸਰਕਰ ਨੇ ਕਿਹਾ ਕਿ ਸੂਬਾ ਸਰਕਾਰ ਨੇ ਸਨਾਤਨ ਸੰਸਥਾ 'ਤੇ ਪਾਬੰਦੀ ਲਾਉਣ ਦਾ ਨਵਾਂ ਮਤਾ ਕੇਂਦਰ ਸਰਕਾਰ ਕੋਲ ਭੇਜਿਆ ਹੈ। ਦੂਸਰੇ ਪਾਸੇ ਸਨਾਤਨ ਸੰਸਥਾ ਦੇ ਇਕ ਬੁਲਾਰੇ ਚੇਤਨ ਰਾਜਹੰਸ ਨੇ ਕਿਹਾ, "ਹਿੰਦੂਵਾਦੀ ਵਰਕਰ ਵੈਭਵ ਰਾਉਤ ਸਨਾਤਨ ਸੰਸਥਾ ਦਾ ਮੈਂਬਰ ਨਹੀਂ ਹੈ। ਪਰ ਉਹ ਹਿੰਦੂਤਵੀ ਸੰਗਠਨਾਂ ਦੇ ਪ੍ਰੋਗਰਾਮਾਂ ਵਿੱਚ ਸ਼ਾਮਿਲ ਹੁੰਦਾ ਰਿਹਾ ਹੈ।"

ਰਾਜਹੰਸ ਦਾ ਕਹਿਣਾ ਹੈ ਕਿ ਸਨਾਤਨ ਸੰਸਥਾ 'ਤੇ ਪਾਬੰਦੀ ਲਾਉਣ ਦੀ ਮੰਗ ਇਕ ਸਾਜਿਸ਼ ਹੈ ਪਰ ਇਹ ਪਹਿਲੀ ਵਾਰੀ ਨਹੀਂ ਹੈ ਕਿ ਸਨਾਤਨ ਸੰਸਥਾ ਦਾ ਨਾਮ ਬੰਬ ਧਮਾਕਿਆਂ ਦੇ ਕਿਸੇ ਕੇਸ ਨਾਲ ਜੋੜਿਆ ਗਿਆ ਹੋਵੇ। ਇਸ ਤੋਂ ਪਹਿਲਾਂ ਸਨਾਤਨ ਸੰਸਥਾ ਨਾਲ ਜੁੜੇ ਹੋਏ ਵਰਕਰਾਂ ਦੇ ਨਾਮ, ਗਡਕਰੀ ਬੰਬ ਧਮਾਕਾ ਮਾਮਲੇ, ਮਡਗਾਂਵ ਬੰਬ ਧਮਾਕੇ, ਗੋਵਿੰਦ ਪੰਸਾਰੇ, ਨਰਿੰਦਰ ਦਾਭੋਲਕਰ ਅਤੇ ਗੌਰੀ ਲੰਕੇਸ਼ ਦੇ ਕਤਲ ਦੇ ਮਾਮਲੇ ਵੀ ਆਏ ਹਨ।

**ਗਡਕਰੀ ਰੰਗਾਯਤਨ ਬੰਬ ਧਮਾਕਾ :** 4 ਜੂਨ, 2008 ਨੂੰ ਠਾਣੇ ਦੇ ਗਡਕਰੀ ਰੰਗਾਯਤਨ ਥੀਏਟਰ ਦੀ ਪਾਰਕਿੰਗ ਵਿਚ ਇਕ ਬੰਬ ਧਮਾਕਾ ਹੋਇਆ ਸੀ। ਇਸ ਧਮਾਕੇ ਵਿਚ ਸੱਤ ਲੋਕ ਜ਼ਖ਼ਮੀ ਹੋ ਗਏ ਸਨ। ਇਸ ਧਮਾਕੇ ਵਿਚ ਵਿਕਰਮ ਭਾਵੇ ਤੇ ਰਮੇਸ਼ ਗਡਕਰੀ ਮੁਲਜ਼ਮ ਕਰਾਰ ਦਿੱਤੇ ਗਏ ਸਨ। ਦੋਹਾਂ ਦਾ ਸਬੰਧ ਸਨਾਤਨ ਸੰਸਥਾ ਨਾਲ ਸੀ। ਜਿਸ ਦਿਨ ਧਮਾਕਾ ਹੋਇਆ ਸੀ, ਉਸ ਦਿਨ ਰੰਗਾਯਤਨ ਵਿੱਚ ਮਰਾਠੀ ਨਾਟਕ 'ਅਮਹੀ ਪਚਪੁਤੇ' ਨਾਮ ਦੇ ਨਾਟਕ ਦਾ ਮੰਚਨ ਹੋਣਾ ਸੀ। ਸਨਾਤਨ ਸੰਸਥਾ ਦਾ ਕਹਿਣਾ ਸੀ ਕਿ ਇਹ ਨਾਟਕ ਹਿੰਦੂ ਧਰਮ ਦੇ ਖਿਲਾਫ਼ ਹੈ। ਜਾਂਚ ਏਜੰਸੀਆਂ ਅਨੁਸਾਰ ਕਿ ਇਸ ਨਾਟਕ ਨੂੰ ਰੋਕਣ ਲਈ ਹੀ ਇਹ ਬੰਬ ਧਮਾਕਾ ਕੀਤਾ ਗਿਆ ਸੀ। ਹਾਲਾਂਕਿ ਸੰਸਥਾ ਦਾ ਦਾਅਵਾ ਸੀ ਕਿ ਉਸ ਦੇ ਵਰਕਰਾਂ ਨੂੰ ਇਸ ਧਮਾਕੇ ਵਿੱਚ ਫਸਾਇਆ ਗਿਆ ਸੀ।

**ਮਡਗਾਂਵ ਧਮਾਕਾ:** 16 ਅਕਤੂਬਰ 2009 ਨੂੰ ਸਨਾਤਨ ਸੰਸਦਾ ਦੇ ਇਕ ਵਰਕਰ ਮਲਗੋਂਡਾ ਪਾਟਿਲ ਦੀ ਗੋਆ ਦੇ ਮਡਗਾਂਵ ਵਿੱਚ ਬੰਬ ਬਣਾਉਂਦੇ ਹੋਏ ਮੌਤ ਹੋ ਗਈ ਸੀ। ਗੋਆ ਗ੍ਰਹਿ ਮੰਤਰਾਲੇ ਨੇ ਇਹ ਜਾਣਕਾਰੀ ਜਨਤਕ ਕੀਤੀ ਸੀ। ਮਲਗੋਂਡਾ ਪਾਟਿਲ, ਗਡਕਰੀ ਰੰਗਾਯਤਨ ਵਿਚ ਹੋਏ ਧਮਾਕੇ ਅਤੇ ਉਸ ਤੋਂ ਬਾਅਦ ਸਾਂਗਲੀ ਵਿਚ ਹੋਏ ਦੰਗਿਆਂ ਦੇ ਮਾਮਲੇ ਵਿੱਚ ਮਹਾਰਾਸ਼ਟਰ ਏਟੀਐਸ ਦੀ ਤਫ਼ਤੀਸ਼ ਦੇ ਦਾਇਰੇ ਵਿਚ ਸੀ। ਸਨਾਤਨ ਸੰਸਥਾ ਨੇ ਮੰਨਿਆ ਸੀ ਕਿ ਮਲਗੋਂਡਾ ਪਾਟਿਲ ਉਨ੍ਹਾਂ ਦਾ ਵਰਕਰ ਸੀ। ਸਨਾਤਨ ਸੰਸਥਾ ਦੇ ਬੁਲਾਰੇ ਚੇਤਨ ਰਾਜਹੰਸ ਕਹਿੰਦੇ ਹਨ, "ਇਸ ਮਾਮਲੇ ਵਿਚ ਵੀ ਸਨਾਤਨ ਸੰਸਥਾ ਨੂੰ ਜ਼ਬਰਦਸਤੀ ਫਸਾਇਆ ਗਿਆ।"

"ਜਦੋਂ ਕਿ ਅਸੀਂ ਤਾਂ ਇਸ ਹਾਦਸੇ ਵਿੱਚ ਆਪਣੇ ਸਾਧਕ ਮਲਗੋਂਡਾ ਪਾਟਿਲ ਨੂੰ ਗਵਾ ਦਿੱਤਾ। ਇਸ ਮਾਮਲੇ ਦੇ ਬਾਕੀ ਸਾਰੇ ਮੁਲਜ਼ਮ ਸਬੂਤਾਂ ਦੀ ਘਾਟ ਵਿੱਚ ਰਿਹਾਅ ਕਰ ਦਿੱਤੇ ਗਏ ਸਨ। ਇਹ ਸਾਰੇ ਲੋਕ ਹੁਣ ਜੇਲ੍ਹ ਤੋਂ ਬਾਹਰ ਹਨ। ਪਰ ਝੂਠੇ ਕੇਸ ਦੀ ਵਜ੍ਹਾ ਕਰਕੇ ਉਨ੍ਹਾਂ ਦੀ ਜ਼ਿੰਦਗੀ ਦੇ ਅਹਿਮ ਸਾਲ ਬਰਬਾਦ ਹੋ ਗਏ।"

**ਨਰਿੰਦਰ ਦਾਭੋਲਕਰ ਦਾ ਕਤਲ ਕੇਸ :** ਮਹਾਰਾਸ਼ਟਰ ਅੰਧ ਸ਼ਰਧਾ ਨਿਰਮੂਲਨ ਸਮਿਤੀ ਦੇ ਸੰਸਥਾਪਕ ਤੇ ਤਰਕਸ਼ਾਸਤਰੀ ਲੇਖਕ ਡਾਕਟਰ ਦਾਭੋਲਕਰ ਦਾ ਕਤਲ 20 ਅਗਸਤ 2013 ਨੂੰ ਪੁਣੇ ਵਿੱਚ ਕਰ ਦਿੱਤਾ ਗਿਆ ਸੀ। ਇਸ ਮਾਮਲੇ ਵਿਚ ਇਕ ਸ਼ੱਕੀ ਵੀਰੇਂਦਰ ਤਾਵੜੇ, ਹਿੰਦੂ ਜਨਗਾਗ੍ਰਿਤੀ ਸਮਿਤੀ ਦਾ ਮੈਂਬਰ ਸੀ। ਵੀਰੇਂਦਰ ਤਾਵੜੇ ਦਾ ਸਬੰਧ ਸਨਾਤਨ ਸੰਸਥਾ ਨਾਲ ਵੀ ਸੀ। ਤਾਵੜੇ ਨੂੰ 2016 ਵਿਚ ਗ੍ਰਿਫ਼ਤਾਰ ਕਰ ਲਿਆ ਗਿਆ ਸੀ। ਸੀਬੀਆਈ ਦਾ ਕਹਿਣਾ ਹੈ ਕਿ ਸਨਾਤਨ ਸੰਸਥਾ ਦਾ ਇਕ ਹੋਰ ਵਰਕਰ ਸਾਰੰਗ ਆਕੋਲਕਰ ਇਸ ਮਾਮਲੇ ਵਿਚ ਸ਼ੱਕੀ ਹੈ।

ਡਾਕਟਰ ਦਾਭੋਲਕਰ ਦਾ ਕਤਲ 20 ਅਗਸਤ 2013 ਨੂੰ ਪੁਣੇ ਵਿਚ ਕਰ ਦਿੱਤਾ ਗਿਆ ਸੀ। ਉਹ ਹਾਲੇ ਤੱਕ ਫਰਾਰ ਹੈ। ਹਾਲ ਹੀ ਵਿੱਚ ਗ੍ਰਿਫ਼ਤਾਰ ਵੈਭਵ ਰਾਉਤ, ਹਿੰਦੂ ਗੋਵੰਸ਼ ਰੱਖਿਆ ਸਮਿਤੀ ਦਾ ਮੈਂਬਰ ਹੈ। ਉਹ ਸਨਾਤਨ ਸੰਸਥਾ ਦੀਆਂ ਕਾਰਵਾਈਆਂ ਵਿਚ ਸ਼ਾਮਿਲ ਰਿਹਾ ਹੈ।

**ਗੋਵਿੰਦ ਪੰਸਾਰੇ ਕਤਲ ਕੇਸ :** ਕੋਲਹਾਪੁਰ ਦੇ ਖੱਬੇਪੱਖੀ ਆਗੂ ਗੋਵਿੰਦ ਪੰਸਾਰੇ ਤੇ ਉਨ੍ਹਾਂ ਦੀ ਪਤਨੀ ਉਮਾ ਨੂੰ 15 ਫਰਵਰੀ 2015 ਨੂੰ ਉਸ ਵੇਲੇ ਗੋਲੀ ਮਾਰ ਦਿੱਤੀ ਗਈ ਜਦੋਂ ਉਹ ਸਵੇਰ ਦੀ ਸੈਰ ਮਗਰੋਂ ਘਰ ਵਾਪਸ ਪਰਤ ਰਹੇ ਸਨ। ਗੋਲੀ ਲੱਗਣ ਤੋਂ ਪੰਜ ਦਿਨ ਬਾਅਦ ਪੰਸਾਰੇ ਦੀ ਕੋਲਹਾਪੁਰ ਦੇ ਇੱਕ ਹਸਪਤਾਲ ਵਿੱਚ ਮੌਤ ਹੋ ਗਈ। ਪੁਲਿਸ ਨੇ 15 ਸਤੰਬਰ 2015 ਨੂੰ ਸਾਂਗਲੀ ਤੋਂ ਸਮੀਰ ਨੂੰ ਗ੍ਰਿਫ਼ਤਾਰ ਕੀਤਾ ਸੀ। ਸਮੀਰ ਸਨਾਤਨ ਸੰਸਥਾ ਨਾਲ ਸੰਬੰਧਿਤ ਸੀ।

**ਕੀ ਸਨਾਤਨ ਅਤੇ ਹਿੰਦੂ ਜਨ-ਜਾਗ੍ਰਿਤੀ ਸਮਿਤੀ ਦੋ ਵੱਖ-ਵੱਖ ਸੰਸਥਾਵਾਂ ਹਨ ? :** ਦੋਵੇਂ ਸੰਸਥਾਵਾਂ ਦੇ ਬੁਲਾਰੇ ਕਹਿੰਦੇ ਹਨ ਕਿ ਸਨਾਤਨ ਸੰਸਥਾ ਅਤੇ ਹਿੰਦੂ ਜਨਜਾਗ੍ਰਿਤੀ ਸਮੀਤੀ ਦੋ ਵੱਖ-ਵੱਖ ਸੰਸਥਾਵਾਂ ਹਨ। ਸਨਾਤਨ ਸੰਸਥਾ ਦੇ ਬੁਲਾਰੇ ਚੇਤਨ ਰਾਜਹੰਸ ਦਾ ਕਹਿਣਾ ਹੈ, "ਸਨਾਤਨ ਸੰਸਥਾ ਦੀ ਸਥਾਪਨਾ ਰੱਬ ਦੇ ਰਾਹ 'ਤੇ ਧਿਆਨ ਲਾਉਣ ਦੀ ਸਿੱਖਿਆ ਦੇਣ ਲਈ ਕੀਤੀ ਗਈ ਸੀ, ਜਦੋਂ ਕਿ ਹਿੰਦੂ ਜਨਜਾਗ੍ਰਿਤੀ ਸਮੀਤੀ ਦਾ ਸਬੰਧ ਕਈ ਹਿੰਦੂ ਸੰਗਠਨਾਂ ਨਾਲ ਹੈ। ਸਨਾਤਨ ਸੰਸਥਾ ਵੀ ਉਨ੍ਹਾਂ ਵਿੱਚੋਂ ਇੱਕ ਹੈ।"

ਅਖਬਾਰ 'ਸਿੰਪਲ ਟਾਈਮਜ਼' ਦੇ ਸੰਪਾਦਕ ਅਲਕਾ ਧੁਪਕਰ ਦਾ ਕਹਿਣਾ ਹੈ, "ਭਾਵੇਂ ਉਨ੍ਹਾਂ ਦੇ ਦੋ ਨਾਂ ਹਨ, ਪਰ ਇਹ ਦੋਵੇਂ ਨਾਂ ਇੱਕ ਹੀ ਸੰਸਥਾ ਦੇ ਹਨ। ਉਹ ਕਹਿੰਦੀ ਹੈ, "ਜਦੋਂ ਜ਼ਿਆਦਾਤਰ ਲੋਕਾਂ ਨੇ ਸਨਾਤਨ ਸੰਸਥਾ ਦਾ ਨਾਮ ਵੀ ਨਹੀਂ ਸੁਣਿਆ ਸੀ, ਉਦੋਂ ਉਸ ਸੰਗਠਨ ਦੇ ਵਰਕਰ ਇੰਜੀਨੀਅਰਿੰਗ ਕਾਲਜਾਂ ਵਿੱਚ ਜਾ ਕੇ ਉੱਥੋਂ ਦੇ ਵਿਦਿਆਰਥੀਆਂ ਨੂੰ ਆਪਣੇ ਸੰਗਠਨ ਵਿਚ ਸ਼ਾਮਲ ਕਰਨ ਲਈ ਉਤਸ਼ਾਹਿਤ ਕਰਦੇ ਸਨ। ਇਨ੍ਹਾਂ ਵਿਦਿਆਰਥੀ ਦੇ ਮਾਪਿਆਂ ਨੇ ਪੁਲਿਸ ਨੂੰ ਵੀ ਸ਼ਿਕਾਇਤ ਕੀਤੀ ਸੀ, ਪਰ ਉਹਨਾਂ ਦੀਆਂ ਸ਼ਿਕਾਇਤਾਂ ਨੂੰ ਨਜ਼ਰ ਅੰਦਾਜ਼ ਕੀਤਾ ਗਿਆ।" ਪਰ ਸਨਾਤਨ ਸੰਸਤਾ ਨਾਲ ਜੁੜੇ ਹਿੰਦੂ ਵਕੀਲ ਐਸੋਸੀਏਸ਼ਨ ਦੇ ਮੁਖੀ ਸੰਜੀਵ ਪੁਨਾਲੇਕਰ ਇਨ੍ਹਾਂ ਇਲਜ਼ਾਮਾਂ ਨੂੰ ਖਾਰਜ ਕਰਦੇ ਹਨ।

**'2023 ਤੱਕ ਹਿੰਦੂ ਰਾਸ਼ਟਰ ਦੀ ਸਥਾਪਨਾ' :** ਸਨਾਤਨ ਸੰਸਥਾ ਦੀ ਵੈੱਬਸਾਈਟ 'ਤੇ ਇਸ ਦਾ ਟੀਚਾ ਲਿਖਿਆ ਹੈ- ਸਮਾਜ ਦੀ ਮਦਦ ਨਾਲ ਦੇਸ ਦੀ ਰੱਖਿਆ ਅਤੇ ਲੋਕਾਂ ਵਿੱਚ ਧਾਰਮਿਕ ਵਿਚਾਰਾਂ ਨੂੰ ਉਤਸ਼ਾਹਿਤ ਕਰਨਾ। ਹਿੰਦੂ ਧਰਮ 'ਤੇ ਆਧਾਰਿਤ ਇੱਕ ਰਾਸ਼ਟਰ ਦੀ ਸਥਾਪਨਾ ਕਰਨਾ।

'ਪਰਾਤਪਰਾ ਗੁਰੂ ਡਾਕਟਰ ਆਠਵਲੇ ਯਾਂਚੇ ਵਿਚਾਰਧਨ: ਦੂਜਾ ਭਾਗ' ਨਾਮ ਦੀ ਪੁਸਤਕ ਵਿੱਚ ਲਿਖਿਆ ਹੋਇਆ ਹੈ, "ਡਾਕਟਰ ਆਠਵਲੇ ਨੇ 1998 ਵਿੱਚ ਪਹਿਲੀ ਵਾਰੀ ਰਾਮ ਰਾਜ ਜਾਂ ਹਿੰਦੂ ਰਾਸ਼ਟਰ ਦੀ ਸਥਾਪਨਾ ਦਾ ਵਿਚਾਰ ਰੱਖਿਆ ਸੀ।"

"ਸਾਵਰਕਰ, ਸੰਸਥਾਪਕ ਸਰਸੰਘਚਾਲਕ ਡਾਕਟਰ ਹੈਡਗੇਵਾਰ, ਗੋਲਵਲਕਰ ਗੁਰੂ ਵਰਗੀਆਂ ਹਸਤੀਆਂ ਨੇ ਵੀ ਹਿੰਦੂ ਰਾਸ਼ਟਰ ਦੀ ਸਥਾਪਨਾ ਦਾ ਮੁੱਦਾ ਚੁੱਕਿਆ ਸੀ। ਪਰ ਅਫਸੋਸ ਦੀ ਗੱਲ ਹੈ ਕਿ ਆਜ਼ਾਦੀ ਤੋਂ ਬਾਅਦ ਹਿੰਦੂ ਭਾਰਤ ਧਰਮ ਨਿਰਪੱਖ ਦੇਸ ਬਣ ਗਿਆ ਤੇ ਹਿੰਦੂ ਰਾਸ਼ਟਰ ਦੀ ਵਿਚਾਰਧਾਰਾ ਖ਼ਤਮ ਹੋ ਗਈ ਹੈ।"

ਸਨਾਤਨ ਸੰਸਥਾ ਦੇ ਸਾਰੇ ਪ੍ਰਕਾਸ਼ਿਤ ਲੇਖਾਂ 'ਤੇ ਗੌਰ ਕਰੀਏ ਤਾਂ ਸਾਫ਼ ਲਗਦਾ ਹੈ ਕਿ ਉਨ੍ਹਾਂ ਨੂੰ ਲੋਕਤੰਤਰ 'ਤੇ ਭਰੋਸਾ ਨਹੀਂ ਹੈ। ਸਿੰਪਲ ਟਾਈਮਜ਼ ਦੀ ਅਲਕਾ ਧੁਪਕਰ ਕਹਿੰਦੀ ਹੈ, "ਸਨਾਤਨ ਸੰਸਥਾ ਦੀ ਵਿਚਾਰਧਾਰਾ ਕੱਟੜ ਦੱਖਣਪੰਥੀ ਹੈ। ਉਹ ਹਿੰਸਾ ਦੀ ਵਕਾਲਤ ਕਰਦੇ ਹਨ। ਉਨ੍ਹਾਂ ਦਾ ਮਕਸਦ ਹਿੰਦੂ ਰਾਸ਼ਟਰ ਦੀ ਸਥਾਪਨਾ ਹੈ। ਇਸ ਟੀਚੇ ਦਾ ਰਾਹ ਵਿੱਚ ਆਉਣ ਵਾਲੇ ਦਾ ਸਫਾਇਆ ਕਰਨਾ ਮੰਜ਼ਿਲ ਤੱਕ ਪਹੁੰਚਣ ਦੀ ਉਨ੍ਹਾਂ ਦੀ ਨੀਤੀ ਦਾ ਹਿੱਸਾ ਹੈ।"

ਡਾਕਟਰ ਜਯੰਤ ਬਾਲਾਜੀ ਅਠਾਵਲੇ ਸਨਾਤਨ ਸੰਸਥਾ ਦੇ ਸੰਸਥਾਪਕ ਹਨ। ਉਹ ਮਨੋਵਿਗਿਆਨੀ ਹਨ। ਸਨਾਤਨ ਸੰਸਥਾ ਦੀ ਵੈੱਬਸਾਈਟ ਮੁਤਾਬਕ ਭਾਰਤ ਆਉਣ ਤੋਂ ਪਹਿਲਾਂ ਡਾਕਟਰ ਬਾਲਾਜੀ ਬ੍ਰਿਟੇਨ ਵਿੱਚ ਸੱਤ ਸਾਲ ਤੱਕ ਮੈਡੀਕਲ ਪ੍ਰੈਕਟਿਸ ਕਰ ਚੁੱਕੇ ਹਨ। ਇੰਦੌਰ ਦੇ ਭਗਤ ਮਹਾਰਾਜ ਉਨ੍ਹਾਂ ਦੇ ਗੁਰੂ ਸਨ।

ਵੈੱਬਸਾਈਟ ਮੁਤਾਬਕ ਡਾਕਟਰ ਅਠਾਵਲੇ ਨੇ 1 ਅਗਸਤ, 1991 ਨੂੰ 'ਸਨਾਤਨ ਭਾਰਤੀ ਸੰਸਕ੍ਰਿਤੀ ਦੀ ਸਥਾਪਨਾ ਕੀਤੀ ਸੀ' 23 ਮਾਰਚ 1999 ਨੂੰ ਉਨ੍ਹਾਂ ਨੇ ਡਾਕਟਰ ਸਨਾਤਨ ਸੰਸਥਾ ਦੀ ਸਥਾਪਨਾ ਕੀਤੀ। ਹਾਲ ਹੀ ਵਿੱਚ ਉਨ੍ਹਾਂ ਦੀ 75ਵੀਂ ਵਰ੍ਹੇਗੰਢ ਧੂਮ-ਧੜਕੇ ਨਾਲ ਗੋਆ ਦੇ ਰਾਮਨਾਥੀ ਆਸ਼ਰਮ ਵਿੱਚ ਮਨਾਈ ਗਈ ਸੀ।

ਇਸ ਮੌਕੇ 'ਤੇ ਡਾਕਟਰ ਜਯੰਤ ਬਾਲਾਜੀ ਅਠਾਵਲੇ ਨੇ ਭਗਵਾਨ ਸ਼੍ਰੀਕ੍ਰਿਸ਼ਨ ਦਾ ਭੇਸ ਧਾਰਿਆ ਸੀ। ਪ੍ਰੋਗਰਾਮ ਦੌਰਾਨ ਉਹ ਇੱਕ ਰਾਜਗੱਦੀ 'ਤੇ ਬੈਠੇ ਰਹੇ ਸਨ। ਉਸ ਤੋਂ ਬਾਅਦ ਤੋਂ ਬਿਮਾਰ ਰਹਿਣ ਕਰਕੇ ਪ੍ਰੋਗਰਾਮਾਂ ਵਿਚ ਘਟ ਗਏ ਸਨ। ਸਨਾਤਨ ਸੰਸਥਾ ਦੇ ਬੁਲਾਰੇ ਚੇਤਨ ਰਾਜਹੰਸ ਕਹਿੰਦੇ ਹਨ, "ਉਮਰ ਵੱਧ ਹੋਣ ਕਾਰਨ ਡਾਕਟਰ ਅਠਾਵਲੇ ਜਨਤਕ ਪ੍ਰੋਗਰਾਮਾਂ ਵਿੱਚ ਨਜ਼ਰ ਨਹੀਂ ਆ ਰਹੇ।"

ਡਾਕਟਰ ਅਠਾਵਲੇ ਨੇ ਧਰਮਾਂਤਰ ਅਤੇ ਧਰਮਾਂਤਰਿਤਾਂਚੇ ਸ਼ੁੱਧੀਕਰਨ ਨਾਮ ਦੀ ਕਿਤਾਬ ਵਿੱਚ ਲਿਖਿਆ ਹੈ, "ਮੁਸਲਮਾਨ ਲਵ ਜੇਹਾਦ ਨਾਲ ਇਸ ਦੇਸ ਨੂੰ ਭਾਰੀ ਨੁਕਸਾਨ ਪਹੁੰਚਾ ਰਹੇ ਹਨ ਅਤੇ ਇਸਾਈ ਧਰਮਾਂਤਰਨ ਨਾਲ ਹਿੰਦੂ ਧਰਮ ਨੂੰ ਖੋਖਲਾ ਕਰ ਰਹੇ ਹਨ।" ਹਿੰਦੂ ਜਨਗਾਗ੍ਰਿਤੀ ਸਮਿਤੀ ਦੀ ਵੈੱਬਸਾਈਟ 'ਤੇ ਅਕਸਰ ਘੱਟ ਗਿਣਤੀ ਦੇ ਖਿਲਾਫ਼ ਗੱਲਾਂ ਛਪਦੀਆਂ ਰਹਿੰਦੀਆਂ ਹਨ ਪੱਤਰਕਾਰ ਧੀਰੇਂਦਰ ਝਾ ਨੇ ਆਪਣੀ ਕਿਤਾਬ, "ਸ਼ੈਡੋ ਆਰਮੀਜ਼" ਵਿੱਚ ਇੱਕ ਚੈਪਟਰ ਸਨਾਤਨ ਸੰਸਥਾ ਤੇ ਲਿਖਿਆ ਹੈ। ਧੀਰੇਂਦਰ ਝਾ ਆਪਣੀ ਕਿਤਾਬ ਵਿੱਚ ਲਿਖਦੇ ਹਨ, "ਸਨਾਤਨ ਸੰਸਥਾ ਦੇ ਆਤਮ-ਰੱਖਿਆ ਦੇ ਨਿਯਮ ਮੈਂਬਰਾਂ ਨੂੰ ਬੰਦੂਕ ਚਲਾਉਣ ਦਾ ਤਰੀਕਾ ਸਿਖਾਉਂਦੇ ਹਨ। ਇਸ ਵਿੱਚ ਇਹ ਵੀ ਲਿਖਿਆ ਹੈ ਕਿ ਗੋਲੀ ਚਲਾਉਂਦੇ ਹੋਏ ਨਜ਼ਰ ਮਾੜੇ ਲੋਕਾਂ ਤੇ ਹੋਣੀ ਚਾਹੀਦੀ ਹੈ।"

## ਭਾਰਤੀ ਜੇਲ੍ਹਾਂ ਘੋਰ ਮਾੜੇ ਪ੍ਰਬੰਧਾਂ ਦੀਆਂ ਸ਼ਿਕਾਰ

***ਸਫ਼ਾ 28 ਦੀ ਬਾਕੀ***

ਹੱਤਿਆ ਦੇ ਦੋਸ਼ ਹੇਠ ਸਜ਼ਾ ਕੱਟ ਰਿਹਾ ਇਕ ਕੈਦੀ ਗਾਇਬ ਹੋ ਗਿਆ। ਅਧਿਕਾਰੀਆਂ ਨੇ ਉਸ ਦੀ ਭਾਲ ਵਿਚ ਜੇਲ ਦਾ ਕੋਨਾ-ਕੋਨਾ ਛਾਣ ਮਾਰਿਆ ਪਰ ਉਹ ਨਹੀਂ ਮਿਲਿਆ ਤੇ 8 ਘੰਟਿਆਂ ਬਾਅਦ ਖ਼ੁਦ ਹੀ ਵਾਪਸ ਆ ਕੇ ਕਹਿਣ ਲੱਗਾ ਕਿ ਉਹ ਯੂ. ਪੀ. ਵਿਚ ਮੁਜ਼ੱਫਰਨਗਰ ਚਲਾ ਗਿਆ ਸੀ ਤੇ ਉਸ ਨੂੰ ਪਰਤਣ ਵਿਚ ਦੇਰ ਹੋ ਗਈ।

- 28 ਅਗਸਤ ਨੂੰ ਕਪੂਰਥਲਾ ਦੀ ਮਾਡਰਨ ਜੇਲ ਵਿਚ ਹਵਾਲਾਤੀਆਂ ਤੋਂ 4 ਮੋਬਾਇਲ ਫੋਨ ਜ਼ਬਤ ਕੀਤੇ ਗਏ। ਜ਼ਿਕਰਯੋਗ ਹੈ ਕਿ ਪਿਛਲੇ 6 ਮਹੀਨਿਆਂ ਵਿਚ ਇਸ ਜੇਲ ਵਿਚ ਕੈਦੀਆਂ ਤੋਂ 40 ਤੋਂ ਵੱਧ ਫੋਨ ਬਰਾਮਦ ਕੀਤੇ ਗਏ।
- 29 ਅਗਸਤ ਨੂੰ ਯੂ. ਪੀ. ਵਿਚ ਇਲਾਹਾਬਾਦ ਦੀ ਨੈਨੀ ਸੈਂਟਰਲ ਜੇਲ ਵਿਚੋਂ ਇਕ ਕੈਦੀ ਫਰਾਰ ਹੋ ਗਿਆ।
- 29 ਅਗਸਤ ਨੂੰ ਹੀ ਕਸ਼ਮੀਰ ਦੇ ਨੌਜਵਾਨਾਂ ਨੂੰ ਹਥਿਆਰਾਂ ਦੀ ਟ੍ਰੇਨਿੰਗ ਲੈਣ ਵਾਸਤੇ ਪੀ. ਓ. ਕੇ. ਭੇਜਣ ਦੇ ਦੋਸ਼ ਹੇਠ ਫੜੇ ਗਏ ਅੰਬਫਲਾ ਜੇਲ ਦੇ ਡਿਪਟੀ ਸੁਪਰਡੈਂਟ ਫਿਰੋਜ਼ ਅਹਿਮਦ ਲੋਨ ਨੂੰ 9 ਦਿਨਾਂ ਦੇ ਪੁਲਸ ਰਿਮਾਂਡ 'ਤੇ ਭੇਜਿਆ ਗਿਆ।

ਉਕਤ ਘਟਨਾਵਾਂ ਤੋਂ ਸਪੱਸ਼ਟ ਹੈ ਕਿ ਪ੍ਰਸ਼ਾਸਨ ਵਲੋਂ ਜੇਲਾਂ ਦੀ ਕਾਰਗੁਜ਼ਾਰੀ ਵਿਚ ਸੁਧਾਰ ਲਿਆਉਣ ਦੇ ਸਾਰੇ ਦਾਅਵਿਆਂ ਦੇ ਬਾਵਜੂਦ ਉਥੇ ਨਸ਼ੇ ਵਾਲੇ ਪਦਾਰਥਾਂ ਅਤੇ ਹੋਰ ਪਾਬੰਦੀਸ਼ੁਦਾ ਚੀਜ਼ਾਂ ਦੀ ਤਸਕਰੀ ਤੋਂ ਲੈ ਕੇ ਮਾਰ-ਕੁਟਾਈ, ਹਿੰਸਾ, ਇਥੋਂ ਤਕ ਕਿ ਜੇਲ ਅਧਿਕਾਰੀਆਂ 'ਤੇ ਹਮਲੇ ਲਗਾਤਾਰ ਜਾਰੀ ਹਨ।

ਇਸ ਨੂੰ ਰੋਕਣ ਲਈ ਪ੍ਰਸ਼ਾਸਨ ਨੂੰ ਜੇਲਾਂ ਵਿਚ ਬੁਨਿਆਦੀ ਢਾਂਚੇ ਦੀਆਂ ਊਣਤਾਈਆਂ ਦੂਰ ਕਰਨ, ਜੇਲਾਂ ਵਿਚ ਹੋਣ ਵਾਲੀਆਂ ਅਣਸੁਖਾਵੀਆਂ ਘਟਨਾਵਾਂ ਲਈ ਸਟਾਫ ਦੀ ਜ਼ਿੰਮੇਵਾਰੀ ਤੈਅ ਕਰਨ ਅਤੇ ਫਰਜ਼ ਨਿਭਾਉਣ ਵਿਚ ਢਿੱਲ ਵਰਤਣ ਵਾਲੇ ਮੁਲਾਜ਼ਮਾਂ ਵਿਰੁੱਧ ਉਚਿਤ ਕਾਰਵਾਈ ਕਰਨ ਦੀ ਲੋੜ ਹੈ।

## ਕਵਿਤਾ 'ਕਿਨਾਰੇ'

ਪਰਮਿੰਦਰ ਸਿੰਘ ਪ੍ਰਵਾਨਾ

ਆਪਣੀ-ਆਪਣੀ
ਕਿਸਮਤ ਏ,
ਪਾਣੀਆਂ ਦੀ,
ਛੱਲਾਂ ਦੀ,
ਬੇੜੀਆਂ ਦੀ,
ਮਲਾਹਾਂ ਦੀ,
ਜਾਣੋ ਕਿਸਮਤ ਏ,
ਕਿਨਾਰਿਆਂ ਦੀ।
ਕਿਨਾਰਿਆਂ ਦੀ ਸਰਗਮ ਏ,
ਕਿਨਾਰੇ ਫਿਰ ਵੀ ਅਡੋਲ ਰਹਿੰਦੇ,
ਫਿਰ ਵੀ ਬਾਤ ਪਾਉਂਦੇ,
ਲੋਕਾਂ ਦੇ ਨਜ਼ਾਰਿਆਂ ਦੀ,
ਕੋਈ ਹੁੰਗਾਰਾ ਭਰੇ ਨਾ ਭਰੇ,
ਜ਼ਿੰਦਗੀ ਦੀ ਸਰਗਮ ਸਮਝਾ ਜਾਂਦੇ।
ਰਾਹੀਆਂ ਦੀ ਆਪਣੀ-ਆਪਣੀ
ਵਿਥਿਆ ਏ,
ਕਿਨਾਰਿਆਂ ਨੂੰ,
ਭਲਾ ਕਿਸ ਸੁਣਿਆ ਏ,
ਰਾਹੀਂ ਲਿਤਾੜ ਕੇ ਲੰਘ ਜਾਂਦੇ,
ਕਿਨਾਰੇ ਉਫ਼ ਨਾ ਕਰਦੇ,
ਪੂਰਾਂ ਦੇ ਪੂਰ ਲੰਘ ਜਾਂਦੇ,
ਕਿਨਾਰੇ ਬੈਠ,
ਲੋਕ ਛੱਲਾਂ ਨਾਲ ਗੱਲਾਂ ਕਰਦੇ,
ਗੀਟੀਆਂ ਢਾਲ-ਢਾਲ ਸੁੱਟਦੇ,
ਜ਼ਿੰਦਗੀ ਦੀ ਹਾਰ ਤੋਂ, ਮੰਜ਼ਿਲਾਂ ਲੱਭਦੇ,
ਰੋਂਦੇ ਕੁਰਲਾਉਂਦੇ ਹੱਥ ਮਰੋੜਦੇ,
ਸੁੱਖ-ਦੁੱਖ ਫੋਲ ਜਾਂਦੇ,
ਕਿਨਾਰਿਆਂ ਨਾਲ ਗੱਲਾਂ ਕੌਣ ਕਰੇ ?
ਸਭ ਮੰਜ਼ਿਲਾਂ ਵੱਲ ਭੱਜ ਜਾਂਦੇ,
ਕਿਨਾਰੇ ਦੇਖਦੇ ਰਹਿ ਜਾਂਦੇ।

## ਪੰਜਾਬ ਦੀ ਰਾਜਨੀਤੀ ਦਾ ਮਿਜਾਜ਼ ਗਰਮ ਪਰ ਸਰਕਾਰ ਦਾ ਕਰਮ ਠੰਡਾ

ਯਾਦ ਰਹੇ ਕਿ ਸਾਲ 2007 ਅਤੇ 2012 ਦੀਆਂ ਚੋਣਾਂ ਦੌਰਾਨ ਵੀ ਅਕਾਲੀ ਦਲ ਨੂੰ ਗੁਰੂ ਗ੍ਰੰਥ ਸਾਹਿਬ ਦੇ ਬੇਅਦਬੀ ਦੇ ਮਾਮਲੇ ਅਤੇ ਆਪ ਦੇ ਆਧਾਰ ਵਧਣ ਕਾਰਨ ਮਾਲਵੇ ਵਿੱਚੋਂ ਘੱਟ ਸੀਟਾਂ ਮਿਲੀਆਂ ਸਨ। ਸਪੱਸ਼ਟ ਹੈ ਕਿ ਅਕਾਲੀ ਦਲ ਦੇ ਪੰਥਕ ਆਧਾਰ ਨੂੰ ਬੁਰੀ ਤਰ੍ਹਾਂ ਖੋਰਾ ਲੱਗਾ ਹੈ। ਬਾਦਲ ਦਲ ਨੂੰ ਸਿਰਫ਼ 15 ਸੀਟਾਂ ਮਿਲੀਆਂ ਸਨ ਤੇ ਭਾਜਪਾ ਨੂੰ ਸਿਰਫ ਤਿੰਨ ਸੀਟਾਂ ਹੀ ਪੱਲੇ ਪਈਆਂ। ਪੰਜਾਬ ਵਿਚ ਲੰਬੇ ਸਮੇਂ ਰਾਜ ਕਰਨ ਵਾਲਾ ਬਾਦਲ ਦਲ ਮੁੱਖ ਵਿਰੋਧੀ ਧਿਰ ਵੀ ਨਾ ਬਣ ਸਕਿਆ। ਮੁੱਖ ਵਿਰੋਧੀ ਧਿਰ ਵਾਲਾ ਸਿਹਰਾ ਆਮ ਆਦਮੀ ਪਾਰਟੀ ਦੇ ਸਿਰ ਬੱਝਿਆ ਸੀ। 'ਆਪ' ਵੀ ਇਸ ਵੇਲੇ ਆਪਸੀ ਫੁੱਟ ਕਾਰਨ ਖੱਖੜੀਆਂ ਕਰੇਲੇ ਹੋਈ ਫਿਰਦੀ ਹੈ। ਐਮਐਲਏ ਸੁਖਪਾਲ ਸਿੰਘ ਖਹਿਰਾ ਮੁੱਦਿਆਂ ਦੀ ਰਾਜਨੀਤੀ ਕਰਕੇ 'ਆਪ' ਉੱਪਰ ਭਾਰੂ ਪੈਂਦੇ ਦਿਖਾਈ ਦਿੰਦੇ ਹਨ। ਇਸ ਦਾ ਕਾਫੀ ਜ਼ਿਆਦਾ ਨੁਕਸਾਨ 'ਆਪ' ਨੂੰ ਹੋਣ ਦੀ ਸੰਭਾਵਨਾ ਜਤਾਈ ਜਾ ਰਹੀ ਹੈ।

ਕਾਂਗਰਸ ਪਾਰਟੀ ਤੇ ਸਰਕਾਰ ਦੀ ਸਥਿਤੀ ਵੀ ਕੋਈ ਬਹੁਤੀ ਚੰਗੀ ਨਹੀਂ ਹੈ। ਕੈਪਟਨ ਸਰਕਾਰ ਚੋਣ ਵਾਅਦੇ ਨਾ ਪੂਰੇ ਕਰਨ ਕਾਰਨ ਪੰਜਾਬੀਆਂ ਦੀ ਆਲੋਚਨਾ ਦਾ ਸ਼ਿਕਾਰ ਬਣ ਰਹੀ ਹੈ। ਖੇਤ ਮਜ਼ਦੂਰਾਂ, ਕਿਸਾਨਾਂ ਤੇ ਮੁਲਾਜ਼ਮਾਂ ਕੀਤੇ ਜਾ ਰਹੇ ਰੋਸ ਮੁਜ਼ਾਹਰੇ ਇਸ ਗੱਲ ਦਾ ਪ੍ਰਗਟਾਵਾ ਹਨ ਕਿ ਪੰਜਾਬ ਵਿਚ ਕੁਝ ਵੀ ਠੀਕ ਨਹੀਂ ਚੱਲ ਰਿਹਾ ਤੇ ਲੋਕ ਕੈਪਟਨ ਸਰਕਾਰ ਤੋਂ ਨਿਰਾਸ਼ ਹਨ ਕਿ ਕਿਸਾਨਾਂ-ਮਜ਼ਦੂਰਾਂ ਦੇ ਸਮੁੱਚੇ ਕਰਜ਼ੇ ਮੁਆਫ਼ ਕਰਨ, ਘਰ ਘਰ ਨੌਕਰੀ ਦੇਣ ਅਤੇ ਇਕ ਮਹੀਨੇ ਅੰਦਰ ਨਸ਼ੇ ਖ਼ਤਮ ਕਰਨ ਦੇਣ ਦੇ ਵਾਅਦੇ ਕੈਪਟਨ ਸਰਕਾਰ ਪੂਰੇ ਨਹੀਂ ਕਰ ਸਕੀ। ਦੂਜੇ ਪਾਸੇ ਕਾਂਗਰਸ ਪਾਰਟੀ ਤੇ ਸਰਕਾਰ ਅੰਦਰ ਧੜੇਬੰਦੀ ਕਾਫੀ ਤਿੱਖੀ ਹੁੰਦੀ ਜਾ ਰਹੀ ਹੈ। ਪਹਿਲਾਂ ਕੁਝ ਐਮਐਲਏਜ਼ ਤਾਂ ਮੰਤਰੀ ਨਾ ਬਣ ਸਕਣ ਦੇ ਗਮ ਵਿਚ ਸਰਕਾਰ ਤੇ ਪਾਰਟੀ ਖਿਲਾਫ ਭੜਾਸ ਕੱਢਣ ਲੱਗੇ ਸਨ ਪਰ ਬਾਅਦ ਵਿਚ ਜਿਵੇਂ-ਕਿਵੇਂ ਉਨ੍ਹਾਂ ਨੂੰ ਟਿਕਾ ਲਿਆ ਗਿਆ। ਹੁਣ ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀ ਰਿਪੋਰਟ ਉਤੇ ਕਾਰਵਾਈ ਨੂੰ ਲੈ ਕੇ ਵੀ ਕਾਂਗਰਸ ਪਾਰਟੀ ਤੇ ਸਰਕਾਰ ਦੋ ਧੜਿਆਂ ਵਿਚ ਵੰਡ ਗਈ ਹੈ। ਮੁੱਖ ਮੰਤਰੀ ਅਮਰਿੰਦਰ ਸਿੰਘ ਫੂਕ-ਫੂਕ ਕੇ ਕਦਮ ਰੱਖ ਰਹੇ ਹਨ ਤੇ ਬਾਦਲਾਂ ਖਿਲਾਫ ਕਿਸੇ ਸਿੱਧੀ ਕਾਰਵਾਈ ਤੋਂ ਪਾਸਾ ਵੱਟਦੇ ਦਿਖਾਈ ਦੇ ਰਹੇ ਹਨ। ਨਵਜੋਤ ਸਿੰਘ ਸਿੱਧੂ ਤੇ ਕਾਂਗਰਸੀ ਮੰਤਰੀਆਂ ਤੇ ਵਿਧਾਇਕਾਂ ਦਾ ਇਕ ਵੱਡਾ ਹਿੱਸਾ ਬਾਦਲਾਂ ਖਿਲਾਫ ਤੁਰੰਤ ਸਿੱਧੀ ਕਾਰਵਾਈ ਦੇ ਹੱਕ ਵਿਚ ਖੜ੍ਹਾ ਹੈ। ਸਿੱਖ ਬੁੱਧੀਜੀਵੀ ਵਰਗ ਦਾ ਵੱਡਾ ਹਿੱਸਾ ਵੀ ਇਹ ਮਹਿਸੂਸ ਕਰਦਾ ਹੈ ਕਿ ਕੈਪਟਨ ਅਮਰਿੰਦਰ ਸਿੰਘ ਨੂੰ ਐਸਆਈਟੀ ਕਮਿਸ਼ਨ ਬਣਾਉਣ ਤੋਂ ਪਹਿਲਾਂ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਕਥਿਤ ਦੋਸ਼ੀਆਂ ਉੱਪਰ ਕੇਸ ਦਰਜ ਕਰਨੇ ਚਾਹੀਦੇ ਸਨ।

ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਤੇ ਇਸ ਤੋਂ ਪਿੱਛੋਂ ਦੀਆਂ ਘਟਨਾਵਾਂ ਬਾਰੇ ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀ ਰਿਪੋਰਟ ਤੋਂ ਬਾਅਦ ਅਕਾਲੀ ਦਲ ਹੁਣ ਗੰਭੀਰ ਸੰਕਟ ਵਿਚੋਂ ਗੁਜ਼ਰ ਰਿਹਾ ਹੈ। ਵਿਧਾਨ ਸਭਾ ਵਿਚੋਂ ਇਸ ਸੰਬੰਧੀ ਬਹਿਸ ਕਾਰਣ ਕੀਤਾ ਬਾਈਕਾਟ ਸ਼੍ਰੋਮਣੀ ਅਕਾਲੀ ਦਲ ਲਈ ਮਹਿੰਗਾ ਸੌਦਾ ਸਾਬਤ ਹੋ ਰਿਹਾ ਹੈ। ਸਾਲ 20 19 ਵਿੱਚ ਹੋਣ ਵਾਲੀਆਂ ਲੋਕ ਸਭਾ ਚੋਣਾਂ 'ਤੇ ਵੀ ਇਸ ਦਾ ਅਸਰ ਪੈਣ ਦੀ ਸੰਭਾਵਨਾ ਹੈ। ਪੰਜਾਬ ਦੀ ਸਿਆਸਤ 'ਤੇ ਪੈਦਾ ਹੋਏ ਤਾਜ਼ਾ ਹਾਲਾਤ ਨਾਲ ਸਿੱਝਣ ਲਈ ਅਕਾਲੀਆਂ ਨੇ ਹਾਲੇ ਤੱਕ ਕੋਈ ਠੋਸ ਰਣਨੀਤੀ ਨਹੀਂ ਉਲੀਕੀ।

ਇਸੇ ਕਰਕੇ ਸੀਨੀਅਰ ਅਕਾਲੀ ਨੇਤਾ ਪਾਰਟੀ ਪ੍ਰਧਾਨ ਸੁਖਬੀਰ ਬਾਦਲ ਤੋਂ ਨਰਾਜ਼ ਵੀ ਤੇ ਨਿਰਾਸ਼ ਵੀ ਹਨ। ਪਾਰਟੀ ਦੀ ਕੋਰ ਕਮੇਟੀ ਦੀ ਮੀਟਿੰਗ ਵਿਚ ਇਸ ਸੰਬੰਧੀ ਸੁਆਲ ਵੀ ਉਠੇ ਸਨ ਤੇ ਸੁਖਬੀਰ ਬਾਦਲ ਨਾਲ ਇਸ ਬਾਰੇ ਨਰਾਜ਼ਗੀ ਵੀ ਪ੍ਰਗਟਾਈ ਗਈ ਸੀ। ਸ਼੍ਰੋਮਣੀ ਕਮੇਟੀ ਦੇ ਇਕ ਮੈਂਬਰ ਬੀਬੀ ਕਿਰਨਜੋਤ ਕੌਰ ਨੇ ਸੁਖਬੀਰ ਸਿੰਘ ਬਾਦਲ ਕੋਲੋਂ ਅਸਤੀਫਾ ਵੀ ਮੰਗ ਲਿਆ ਹੈ। ਉਸ ਦਾ ਮੰਨਣਾ ਹੈ ਕਿ ਜੇਕਰ ਅਕਾਲੀ ਦਲ ਨੂੰ ਬਚਾਉਣਾ ਹੈ ਤਾਂ ਇਹ ਤਬਦੀਲੀ ਯਕੀਨੀ ਕਰਨੀ ਪਵੇਗੀ। ਬਹੁਤੇ ਅਕਾਲੀ ਆਗੂ ਇਸ ਗੱਲ ਉਤੇ ਇਕਮਤ ਹਨ ਕਿ ਬੇਅਦਬੀ ਕਾਰਨ ਸ਼੍ਰੋਮਣੀ ਅਕਾਲੀ ਦਲ ਦਾ ਵੱਡਾ ਸਿਆਸੀ ਨੁਕਸਾਨ ਹੋਇਆ ਹੈ ਪਰ ਪਾਰਟੀ ਦੇ ਮਹਾਂਰਥੀ ਇਸ ਸੰਬੰਧੀ ਵਿਚਾਰ ਕਰਨ ਨੂੰ ਵੀ ਤਿਆਰ ਨਹੀਂ।

ਸ਼੍ਰੋਮਣੀ ਕਮੇਟੀ ਮੈਂਬਰ ਕਰਨੈਲ ਸਿੰਘ ਪੰਜੋਲੀ ਦਾ ਵੀ ਮੰਨਣਾ ਹੈ ਕਿ ਸ਼੍ਰੋਮਣੀ ਅਕਾਲੀ ਦਲ ਦੇ ਮੁੱਖ ਨੁਮਾਇੰਦਿਆਂ ਨੇ ਆਪਣੀ ਜ਼ਿੰਮੇਵਾਰੀ ਸਹੀ ਢੰਗ ਨਾਲ ਨਹੀਂ ਨਿਭਾਈ, ਜਿਸ ਕਾਰਨ ਸਿੱਖ ਕੌਮ ਵਿੱਚ ਰੋਹ ਹੈ। ਉਹਨਾਂ ਦੀ ਧਾਰਨਾ ਇਹ ਹੈ ਕਿ ਅਕਾਲੀ ਦਲ ਦੀ ਹੋਂਦ ਬਚਾਉਣੀ ਜ਼ਰੂਰੀ ਹੈ।

ਮਾਝੇ ਦੇ ਜਰਨੈਲ ਆਖੇ ਜਾਂਦੇ ਅਕਾਲੀ ਆਗੂ ਤੇ ਐਮਪੀ ਖਡੂਰ ਸਾਹਿਬ ਜਥੇਦਾਰ ਰਣਜੀਤ ਸਿੰਘ ਬ੍ਰਹਮਪੁਰਾ ਜੋ ਅੱਜ ਕੱਲ੍ਹ ਕੈਨੇਡਾ ਵਿਚ ਹਨ, ਨੇ ਪ੍ਰਵਾਨ ਕੀਤਾ ਕਿ ਡੇਰਾ ਮੁਖੀ ਨੂੰ ਮੁਆਫ਼ ਕਰਨਾ, ਬਹਿਬਲ ਕਲਾਂ ਵਿਚ ਸੰਗਤਾਂ 'ਤੇ ਪੁਲੀਸ ਗੋਲੀਬਾਰੀ ਤੇ ਦੋ ਵਿਅਕਤੀਆਂ ਦੀ ਮੌਤ ਇੱਕ ਗ਼ਲਤੀ ਸੀ। ਇਸ ਕਾਰਨ ਅਕਾਲੀ ਦਲ ਦਾ ਸਿਆਸੀ ਨੁਕਸਾਨ ਹੋਇਆ। ਉਨ੍ਹਾਂ ਦਾ ਕਹਿਣਾ ਸੀ ਕਿ ਉਦੋਂ ਸੀਨੀਅਰ ਲੀਡਰਸ਼ਿਪ ਨਾਲ ਜੇ ਸਲਾਹ-ਮਸ਼ਵਰਾ ਕੀਤਾ ਗਿਆ ਹੁੰਦਾ, ਤਾਂ ਮਾਹੌਲ ਹੁਣ ਇੰਨਾ ਖ਼ਰਾਬ ਨਾ ਹੁੰਦਾ। ਹੁਣ ਪਾਰਟੀ ਲੀਡਰਸ਼ਿਪ ਨੂੰ ਅਕਾਲ ਤਖ਼ਤ ਸਾਹਿਬ 'ਤੇ ਜਾਣਾ ਚਾਹੀਦਾ ਹੈ ਤੇ ਉੱਥੇ ਸਮੂਹਿਕ ਤੌਰ 'ਤੇ ਪੰਥ ਤੋਂ ਮਾਫ਼ੀ ਮੰਗਣੀ ਚਾਹੀਦੀ ਹੈ।

ਸੁਖਬੀਰ ਸਿੰਘ ਬਾਦਲ ਵੱਲੋਂ ਸ਼੍ਰੋਮਣੀ ਅਕਾਲੀ ਦਲ ਦੇ ਬਚਾਅ ਦੇ ਲਈ ਜੋ 'ਪੋਲ ਖੋਲ੍ਹ' ਸਿਆਸੀ ਮੁਹਿੰਮ ਸ਼ੁਰੂ ਕੀਤੀ ਹੈ, ਉਹ ਸਿੱਖ ਜਥੇਬੰਦੀਆਂ ਨਾਲ ਟਕਰਾਅ ਦਾ ਕਾਰਨ ਬਣ ਰਹੀ ਹੈ। ਥਾਂ-ਥਾਂ ਉੱਤੇ ਪੰਥਕ ਜਥੇਬੰਦੀਆਂ ਵਲੋਂ ਵਿਰੋਧ ਜਾਰੀ ਹਨ। 'ਬਰਗਾੜੀ' ਤੇ ਆਸ-ਪਾਸ ਹੋਈਆਂ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀਆਂ ਦੀਆਂ ਘਟਨਾਵਾਂ ਤੇ ਬਰਗਾੜੀ ਵਿੱਚ ਲੱਗੇ ਮੋਰਚੇ ਦਾ ਅਸਰ ਫ਼ਰੀਦਕੋਟ, ਬਠਿੰਡਾ ਅਤੇ ਫਿਰੋਜ਼ਪੁਰ ਵਿੱਚ ਅਕਾਲੀ ਸਿਆਸਤ ਦੇ ਲਈ ਧਰਮ ਸੰਕਟ ਬਣ ਰਿਹਾ ਹੈ। ਜੇ ਸ਼੍ਰੋਮਣੀ ਅਕਾਲੀ ਦਲ ਨੇ ਇਸ ਸਬੰਧ ਵਿਚ ਯੋਗ ਰਣਨੀਤੀ ਨਾ ਅਪਨਾਈ ਤਾਂ ਲੋਕ ਸਭਾ ਚੋਣਾਂ ਦੌਰਾਨ ਉਨ੍ਹਾਂ ਲਈ ਨੁਕਸਾਨਦੇਹ ਸਾਬਤ ਹੋਵੇਗਾ। ਆਮ ਆਦਮੀ ਪਾਰਟੀ ਤੇ ਆਪ ਬਾਗੀ ਨੇਤਾ ਸੁਖਪਾਲ ਸਿੰਘ ਖਹਿਰੇ ਦਾ ਵਧ ਰਿਹਾ ਆਧਾਰ ਬਾਦਲ ਦਲ ਲਈ ਨੁਕਸਾਨਦਾਇਕ ਸਿੱਧ ਹੋ ਸਕਦਾ ਹੈ ਜਾਂ ਨਹੀਂ, ਇਹ ਅਜੇ ਦੇਖਣ ਵਾਲੀ ਗੱਲ ਹੋਵੇਗੀ।।

ਪੰਥਕ ਹਲਕਿਆਂ ਵਿਚ ਮਹਿਸੂਸ ਕੀਤਾ ਜਾ ਰਿਹਾ ਹੈ ਕਿ ਗੁਰੂ ਗਰੰਥ ਸਾਹਿਬ ਦੀ ਬੇਅਦਬੀ ਦੇ ਮੁੱਦੇ 'ਤੇ ਸਿੱਖਾਂ ਨੂੰ ਇਨਸਾਫ਼ ਨਹੀਂ ਮਿਲੇਗਾ। ਉਹ ਇਸ ਸਭ ਦੇ ਲਈ ਬਾਦਲ ਪਰਿਵਾਰ ਨੂੰ ਦੋਸ਼ੀ ਸਮਝ ਰਹੇ ਹਨ। ਇਥੋਂ ਤੱਕ ਕਿ ਉਹ ਸ਼੍ਰੋਮਣੀ ਅਕਾਲੀ ਦਲ ਨੂੰ ਬਚਾਉਣਾ ਚਾਹੁੰਦੇ ਹਨ ਪਰ ਉਨ੍ਹਾਂ ਦੀ ਧਾਰਨਾ ਹੈ ਕਿ ਬਾਦਲ ਪਰਿਵਾਰ ਸ਼੍ਰੋਮਣੀ ਅਕਾਲੀ ਦਲ ਦੀ ਅਗਵਾਈ ਨਾ ਕਰੇ। ਕੁਝ ਬੁੱਧੀਜੀਵੀਆਂ ਦਾ ਇਹ ਵੀ ਮੰਨਣਾ ਹੈ ਕਿ ਮੌਜੂਦਾ ਸਥਿਤੀ ਦੇ ਸੰਬੰਧ ਵਿਚ ਇਕ ਪੰਥਕ ਇਕੱਠ ਕਰਨ ਦੀ ਲੋੜ ਹੈ ਤਾਂ ਜੋ ਰਣਨੀਤੀ ਤੈਅ ਕਰਕੇ ਜਿੱਥੇ ਪੰਜਾਬ ਨੂੰ ਸੰਤਾਪ ਤੋਂ ਬਚਾਇਆ ਜਾ ਸਕੇ, ਕਿਉਂਕਿ ਸਿਆਸੀ ਧਿਰਾਂ ਪੰਜਾਬ ਵਿਚ ਇਸ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਮੁੱਦੇ ਨੂੰ ਲੈ ਕੇ ਸਿਆਸਤ ਕਰ ਰਹੀਆਂ ਹਨ ਤੇ ਟਕਰਾਅ ਦਾ ਮਾਹੌਲ ਬਣਾ ਰਹੀਆਂ ਹਨ।

ਸਿੱਖ ਵਿਦਵਾਨ ਚਾਹੁੰਦੇ ਹਨ ਕਿ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਜ਼ਿੰਮੇਵਾਰ ਦੋਸ਼ੀਆਂ ਨੂੰ ਸਜ਼ਾਵਾਂ ਦਿਵਾਈਆਂ ਜਾਣ। ਇਸ ਸੰਬੰਧ ਵਿਚ ਰਣਨੀਤੀ ਘੜਨ ਦੀ ਜ਼ਰੂਰਤ ਹੈ, ਉਹ ਇਹ ਵੀ ਚਾਹੁੰਦੇ ਹਨ ਕਿ ਸ਼੍ਰੋਮਣੀ ਅਕਾਲੀ ਦਲ ਸ਼ਹੀਦਾਂ ਦੀ ਜਥੇਬੰਦੀ ਹੈ, ਜਿਨ੍ਹਾਂ ਨੇ ਪੰਜਾਬੀ ਸੂਬਾ ਦੇ ਮੋਰਚੇ ਲਈ, ਪੰਜਾਬੀ ਭਾਸ਼ਾ ਦੇ ਲਈ, ਐਮਰਜੈਂਸੀ ਦੇ ਵਿਰੁਧ, ਪੰਜਾਬ ਦੀਆਂ ਹਿੱਤੂ ਮੰਗਾਂ ਲਈ ਤੇ ਫੈਡਰਲ ਢਾਂਚੇ ਲਈ ਮੋਰਚੇ ਲਗਾਏ ਤੇ ਕੁਰਬਾਨੀਆਂ ਕੀਤੀਆਂ। ਇਸ ਲਈ ਇਸ ਦੀ ਹੋਂਦ ਬਰਕਰਾਰ ਰੱਖਣ ਦੀ ਲੋੜ ਹੈ ਤੇ ਬਾਦਲ ਪਰਿਵਾਰ ਦਾ ਕਬਜ਼ਾ ਇਸ ਜਥੇਬੰਦੀ ਉੱਪਰ ਖਤਮ ਕਰਾਉਣ ਦੀ ਲੋੜ ਹੈ। ਇਸ ਸਬੰਧ ਵਿਚ ਉਹਨਾਂ ਦੀ ਧਾਰਨਾ ਹੈ ਕਿ ਬਾਦਲ ਅਕਾਲੀ ਦਲ ਦੀ ਸੀਨੀਅਰ ਅਕਾਲੀ ਲੀਡਰਸ਼ਿਪ ਨਾਲ ਤਾਲਮੇਲ ਕੀਤਾ ਜਾਵੇ ਤੇ ਉਹਨਾਂ ਨਾਲ ਸਹਿਯੋਗ ਕਰਕੇ ਸ਼੍ਰੋਮਣੀ ਅਕਾਲੀ ਦਲ ਨੂੰ ਮਜ਼ਬੂਤ ਕੀਤਾ ਜਾ ਸਕੇ। ਇਸ ਸਬੰਧ ਵਿਚ ਜੇਕਰ ਸੰਗਤਾਂ ਬਾਦਲ ਪਰਿਵਾਰ ਮੁਕਤ ਅਕਾਲੀ ਦਲ ਉਸਾਰਨ ਲਈ ਸ਼ਾਂਤਮਈ ਧਰਨੇ ਅਕਾਲੀ ਦਲ ਦੀ ਸੀਨੀਅਰ ਲੀਡਰਸ਼ਿਪ ਦੇ ਘਰਾਂ ਅੱਗੇ ਦੇਣ ਤਾਂ ਵੱਡਾ ਮਸਲਾ ਹੱਲ ਹੋ ਸਕਦਾ ਹੈ ਤੇ ਉਹ ਸੰਗਤ ਦੇ ਜੋਸ਼ ਕਾਰਨ ਸ਼੍ਰੋਮਣੀ ਅਕਾਲੀ ਦਲ ਦੀ ਹੋਂਦ ਨੂੰ ਬਚਾਉਣ ਦੇ ਲਈ ਮਜਬੂਰ ਵੀ ਹੋ ਸਕਦੇ ਹਨ। ਪਰ ਹਿੰਸਾ ਨਾਲ ਕੋਈ ਵੀ ਰਾਹ ਨਹੀਂ ਕੱਢਿਆ ਜਾ ਸਕਦਾ।

ਸੁਖਬੀਰ ਬਾਦਲ ਦਾ ਵਿਰੋਧ ਜਾਰੀ : ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦਾ ਪ੍ਰਭਾਵ ਸਭ ਤੋਂ ਵਧ ਸ਼੍ਰੋਮਣੀ ਅਕਾਲੀ ਦਲ ਉੱਤੇ ਪਿਆ ਹੈ। ਸ਼ੋਸ਼ਲ ਮੀਡੀਏ ਵਿਚ ਬਹਿਸ ਅਤੇ ਵਿਰੋਧ ਦਾ ਆਧਾਰ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਬਣ ਰਹੇ ਹਨ। ਹੁਣੇ ਜਿਹੇ ਪੰਥਕ ਜਥੇਬੰਦੀਆਂ ਨੇ ਬਾਦਲ ਅਕਾਲੀ ਦਲ ਵਲੋਂ ਫਰੀਦਕੋਟ ਵਿਖੇ ਕੀਤੇ ਗਏ ਇਕੱਠ ਦਾ ਜ਼ਬਰਦਸਤ ਵਿਰੋਧ ਵੀ ਕੀਤਾ ਸੀ, ਜਿਸ ਵਿਚ ਸੁਖਬੀਰ ਸਿੰਘ ਬਾਦਲ ਸ਼ਾਮਲ ਹੋਏ ਸਨ।

ਇਸ ਦੌਰਾਨ ਸ਼੍ਰੋਮਣੀ ਅਕਾਲੀ ਦਲ ਦੇ ਵਰਕਰਾਂ ਅਤੇ ਪੰਥਕ ਧਿਰਾਂ ਦਰਮਿਆਨ ਚਾਂਦ ਪੈਲੇਸ ਦੇ ਬਾਹਰ ਟਕਰਾਅ ਹੋ ਗਿਆ। ਸੁਖਬੀਰ ਦੀ ਫੇਰੀ ਤੋਂ ਇੱਕ ਘੰਟਾ ਪਹਿਲਾਂ ਪੰਥਕ ਧਿਰਾਂ ਨੇ ਬਾਦਲ ਅਕਾਲੀ ਦਲ ਖਿਲਾਫ਼ ਨਾਅਰੇਬਾਜ਼ੀ ਕੀਤੀ।

ਕਾਂਗਰਸ ਦੀ ਸਰਗਰਮੀ ਵਧੀ : ਕਾਂਗਰਸ ਨੇ ਵੀ ਜਨਤਕ ਤੌਰ 'ਤੇ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਨੂੰ ਲੈ ਕੇ ਸ਼੍ਰੋਮਣੀ ਅਕਾਲੀ ਦਲ ਦੇ ਖਿਲਾਫ਼ ਮੋਰਚਾ ਖੋਲ੍ਹ ਦਿੱਤਾ ਹੈ। ਅਕਾਲੀ ਦਲ ਦੇ ਸੰਕਟ ਮੋਚਨ ਲਈ ਕੀਤੀਆਂ ਜਾਣ ਵਾਲੀਆਂ 'ਪੋਲ ਖੋਲ੍ਹ' ਰੈਲੀਆਂ ਨੂੰ ਠੁੱਸ ਕਰਨ ਲਈ ਕਾਂਗਰਸ ਹਮਲਾਵਰ ਹੋ ਗਈ ਹੈ। ਪੰਜਾਬ ਕਾਂਗਰਸ ਪ੍ਰਧਾਨ ਸੁਨੀਲ ਜਾਖੜ ਦੀ ਅਗਵਾਈ ਵਿੱਚ ਕਈ ਮੰਤਰੀਆਂ ਤੇ ਵਿਧਾਇਕਾਂ ਨੇ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਨੂੰ ਲੈ ਕੇ ਬਾਦਲ ਦਲ ਵਿਰੁਧ ਮੋਰਚਾ ਖੋਲ ਦਿੱਤਾ ਹੈ। ਬੀਤੇ ਦਿਨੀਂ ਉਹ ਪੰਜਗਰਾਈਂ ਖੁਰਦ ਵਿਚ ਰੁਪਿੰਦਰ ਸਿੰਘ ਤੇ ਜਸਵਿੰਦਰ ਸਿੰਘ ਦੇ ਘਰ ਵੀ ਗਏ ਸਨ। ਯਾਦ ਰਹੇ ਕਿ ਇਨ੍ਹਾਂ ਸਕੇ ਭਰਾਵਾਂ ਦਾ ਨਾਂਅ ਬਰਗਾੜੀ ਬੇਅਦਬੀ ਕਾਂਡ ਨਾਲ ਜੋੜ ਕੇ ਪੁਲੀਸ ਨੇ ਬੇਹੱਦ ਤਸ਼ੱਦਦ ਢਾਹਿਆ ਸੀ। ਸੰਗਤ ਦੇ ਰੋਸ ਕਾਰਨ ਬਾਦਲ ਸਰਕਾਰ ਨੂੰ ਇਨ੍ਹਾਂ ਉੱਤੇ ਦਰਜ ਪੁਲੀਸ ਕੇਸ ਰੱਦ ਕਰਨਾ ਪਿਆ ਸੀ। ਆਗੂਆਂ ਨੇ ਬਹਿਬਲ ਕਾਂਡ ਵਾਲੀ ਉਹ ਜਗ੍ਹਾ ਵੀ ਦੇਖੀ ਜਿੱਥੇ ਪੁਲੀਸ ਫਾਇਰਿੰਗ ਵਿੱਚ ਦੋ ਨੌਜਵਾਨ ਮਾਰੇ ਗਏ ਸਨ।

ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦਾ ਮੰਨਣਾ ਹੈ ਕਿ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਮਾਮਲੇ 'ਤੇ ਬਾਦਲਾਂ ਵਿਰੁੱਧ ਹਰੇਕ ਸ਼ਿਕਾਇਤ ਦੀ ਜਾਂਚ ਹੋਵੇਗੀ। ਉਨ੍ਹਾਂ ਕਿਹਾ ਕਿ ਅਸੀਂ ਕਿਸੇ ਨੂੰ ਵੀ ਪੰਜਾਬ ਨੂੰ ਬਰਬਾਦ ਨਹੀਂ ਕਰਨ ਦਿਆਂਗੇ। ਭਾਵੇਂ ਉਹ ਬਾਦਲ ਹੋਣ ਜਾਂ ਕੋਈ ਹੋਰ।

ਦੂਸਰੇ ਪਾਸੇ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਦਾ ਮੰਨਣਾ ਹੈ ਕਿ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਤੇ ਕਾਂਗਰਸ ਪੰਜਾਬ ਦਾ ਮਾਹੌਲ ਖਰਾਬ ਕਰ ਰਹੀ ਹੈ ਤੇ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਬਾਰੇ ਘਟੀਆ ਸਿਆਸਤ ਕਰ ਰਹੀ ਹੈ, ਜਿਸ ਨਾਲ ਪੰਜਾਬ ਦਾ ਮਾਹੌਲ ਵਿਗੜ ਸਕਦਾ ਹੈ।

ਪੰਜਾਬ ਦਾ ਮਾਹੌਲ ਹੋ ਸਕਦਾ ਏ ਖਰਾਬ : ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਬਾਰੇ ਜਿਸ ਤਰ੍ਹਾਂ ਪੰਜਾਬ ਦੀਆਂ ਸਿਆਸੀ ਧਿਰਾਂ ਸਿਧਾਂਤਹੀਣ ਭੜਕਾਊ ਸਿਆਸਤ ਖੇਡ ਰਹੀਆਂ ਹਨ, ਉਸ ਨਾਲ ਪੰਜਾਬ ਦੇ ਹਾਲਾਤ ਮੁੜ ਤੋਂ ਖਰਾਬ ਹੋ ਸਕਦੇ ਹਨ, ਕਿਉਂਕਿ ਫਰੀਦਕੋਟ ਵਿਚ ਪੰਥਕ ਧਿਰਾਂ ਤੇ ਬਾਦਲ ਅਕਾਲੀ ਦਲ ਦਾ ਖ਼ੂਨੀ ਟਕਰਾਅ ਹੋਣ ਤੋਂ ਮਸਾਂ ਹੀ ਬਚਾਅ ਹੋਇਆ ਹੈ। ਜੇਕਰ ਇਸੇ ਤਰ੍ਹਾਂ ਦੌਰ ਚੱਲਦਾ ਰਿਹਾ ਤਾਂ ਇਹ ਮਾਮਲਾ ਖ਼ੂਨੀ ਟਕਰਾਅ ਵਿਚ ਵੀ ਬਦਲ ਸਕਦਾ ਹੈ। ਯਾਦ ਰਹੇ ਕਿ ਨਿਰੰਕਾਰੀ ਤੇ ਸਿੱਖ ਟਕਰਾਅ ਕਾਰਨ ਵੀ ਪੰਜਾਬ ਸੰਤਾਪ ਹੋਂਦ ਵਿਚ ਆਇਆ ਸੀ ਤੇ ਹੁਣ ਇਹ ਟਕਰਾਅ ਡੇਰਾ ਸੱਚਾ ਸੌਦਾ ਕਾਰਨ ਹੋਂਦ ਵਿਚ ਆਇਆ ਹੈ ਤੇ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦਾ ਮਾਮਲਾ ਕਮਿਸ਼ਨ ਦੀ ਰਿਪੋਰਟ ਅਨੁਸਾਰ ਡੇਰਾ ਸੱਚਾ ਸੌਦਾ ਨਾਲ ਜਾ ਜੁੜਦਾ ਹੈ।

ਜੇਕਰ ਕੈਪਟਨ ਸਰਕਾਰ ਇਸ ਮਾਮਲੇ ਪ੍ਰਤੀ ਸੁਹਿਰਦ ਹੈ ਤਾਂ ਉਸ ਨੂੰ ਚਾਹੀਦਾ ਹੈ ਕਿ ਰਣਜੀਤ ਸਿੰਘ ਕਮਿਸ਼ਨ ਵਿਚ ਜਿਨ੍ਹਾਂ ਦੋਸ਼ੀਆਂ ਦੇ ਨਾਮ ਸਾਹਮਣੇ ਆਏ ਹਨ, ਉਹਨਾਂ ਸਭਨਾਂ ਉਤੇ ਕੇਸ ਦਰਜ ਕਰਕੇ ਕਾਨੂੰਨੀ ਕਾਰਵਾਈ ਕੀਤੀ ਜਾਵੇ ਤੇ ਬਾਅਦ ਵਿਚ ਇਸ ਸਾਰੇ ਮਾਮਲੇ ਦੀ ਜਾਂਚ ਐਸਆਈਟੀ ਕਰੇ ਅਤੇ ਠੋਸ ਸਬੂਤ ਲੋਕਾਂ ਸਾਹਮਣੇ ਪੇਸ਼ ਕਰੇ ਕਿ ਆਖਿਰ ਬਹਿਬਲ ਕਲਾਂ ਵਿਚ ਗੋਲੀ ਕਿਸ ਨੇ ਚਲਾਈ ? ਜੋ ਪੰਜਾਬ ਵਿਚ ਮਾਹੌਲ ਖਤਰਨਾਕ ਬਣਿਆ ਹੋਇਆ ਹੈ, ਉਸ ਪਿੱਛੇ ਕਾਰਨ ਇਹ ਹੈ ਕਿ ਲੋਕਾਂ ਦੀਆਂ ਭਾਵਨਾਵਾਂ ਨੂੰ ਭੜਕਾਇਆ ਜਾ ਰਿਹਾ ਹੈ ਤੇ ਇਨਸਾਫ਼ ਨਹੀਂ ਦਿੱਤਾ ਜਾ ਰਿਹਾ। ਗੰਦਲੀ ਸਿਆਸਤ ਨੇ ਪਹਿਲਾਂ ਵੀ ਪੰਜਾਬ ਨੂੰ ਸੰਤਾਪ ਦੇ ਦੌਰ 'ਤੇ ਪਹੁੰਚਾਇਆ ਸੀ ਤੇ ਹੁਣ ਵੀ ਇਹੋ ਜਿਹੀਆਂ ਨੀਤੀਆਂ ਅਪਨਾਈਆਂ ਜਾ ਰਹੀਆਂ ਹਨ। ਇਹੋ ਜਿਹੀਆਂ ਨੀਤੀਆਂ ਤੋਂ ਬਚਣ ਦੀ ਲੋੜ ਹੈ, ਕਿਉਂਕਿ ਪੰਜਾਬੀਆਂ ਤੇ ਪੰਜਾਬ ਨੇ ਬਹੁਤ ਸੰਤਾਪ ਝੱਲਿਆ ਹੈ ਤੇ ਆਰਥਿਕ ਸੰਕਟ ਵੀ ਹੰਢਾਇਆ ਹੈ, ਜੋ ਕਿ ਹੁਣ ਤੱਕ ਜਾਰੀ ਹੈ। ਪੰਜਾਬ ਆਰਥਿਕ ਤੌਰ 'ਤੇ ਬੁਰੀ ਤਰ੍ਹਾਂ ਪੱਛੜ ਚੁੱਕਾ ਹੈ, ਇਸ ਲਈ ਸਿਆਸਤਦਾਨਾਂ ਨੂੰ ਪੰਜਾਬ ਉੱਤੇ ਤਰਸ ਕਰਨਾ ਚਾਹੀਦਾ ਹੈ।

## ਸਿੱਖਾਂ ਦਾ ਰੋਸ ਠੰਡਾ ਕਰਨ ਲਈ ਅਕਾਲ ਤਖ਼ਤ ਦੇ ਜਥੇਦਾਰ ਨੂੰ ਬਦਲਣ ਦੀਆਂ ਤਿਆਰੀਆਂ

ਵੱਲੋਂ ਸਾਲ 2015 ਵਿੱਚ ਦਿੱਤੀ ਮੁਆਫ਼ੀ ਦੇ ਮੁੱਦੇ 'ਤੇ ਤਿੱਖੇ ਸਵਾਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਤੇ ਸੀਨੀਅਰ ਆਗੂਆਂ ਨੇ ਜਥੇਦਾਰ ਨੂੰ ਅਹੁਦੇ ਤੋਂ ਖ਼ੁਦ-ਬ-ਖ਼ੁਦ ਹੀ ਲਾਂਭੇ ਹੋਣ ਦਾ ਮਸ਼ਵਰਾ ਵੀ ਦਿੱਤਾ ਸੀ।

ਸੂਤਰਾਂ ਮੁਤਾਬਕ ਸ਼੍ਰੋਮਣੀ ਕਮੇਟੀ ਵੱਲੋਂ ਕਿਸੇ ਵੀ ਸਮੇਂ ਜਥੇਦਾਰ ਤੋਂ ਅਸਤੀਫਾ ਲਿਆ ਜਾ ਸਕਦਾ ਹੈ ਅਤੇ ਨਵੇਂ ਜਥੇਦਾਰ ਦੀ ਨਿਯੁਕਤੀ ਲਈ ਸਰਗਰਮੀਆਂ ਵੀ ਤੇਜ਼ ਕੀਤੀਆਂ ਹੋਈਆਂ ਹਨ। ਪਾਰਟੀ ਦੇ ਇੱਕ ਸੀਨੀਅਰ ਆਗੂ ਨੇ ਤਾਜ਼ਾ ਘਟਨਾਕ੍ਰਮ ਦੇ ਚਲਦਿਆਂ ਜਥੇਦਾਰ ਦੀ ਤਬਦੀਲੀ ਸਬੰਧੀ ਹੋ ਰਹੀ ਚਰਚਾ ਦੀ ਪੁਸ਼ਟੀ ਕਰਦਿਆਂ ਦੱਸਿਆ ਕਿ ਅਕਾਲੀ ਦਲ ਅਤੇ ਸ਼੍ਰੋਮਣੀ ਕਮੇਟੀ ਵੱਲੋਂ ਧਾਰਮਿਕ ਖੇਤਰ ਦੀ ਕਿਸੇ ਕੱਦਾਵਰ ਸਿੱਖ ਹਸਤੀ ਨੂੰ ਇਸ ਵਕਾਰੀ ਅਹੁਦੇ 'ਤੇ ਬਿਠਾਉਣ ਬਾਰੇ ਵਿਚਾਰ ਕੀਤਾ ਜਾ ਰਿਹਾ ਹੈ। ਪਾਰਟੀ ਦੇ ਇਸ ਆਗੂ ਦਾ ਇਹ ਵੀ ਕਹਿਣਾ ਹੈ ਕਿ ਕਿਸੇ ਸਿਆਸੀ ਆਗੂ ਨੂੰ ਅਕਾਲ ਤਖ਼ਤ ਦਾ ਜਥੇਦਾਰ ਨਹੀਂ ਥਾਪਿਆ ਜਾ ਸਕਦਾ ਕਿਉਂਕਿ ਅਕਾਲੀ ਦਲ ਪਹਿਲਾਂ ਹੀ ਸਿਆਸੀ ਸੰਕਟ ਵਿੱਚ ਘਿਰਿਆ ਹੋਇਆ ਹੈ।

## ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਬਾਰੇ ਕੈਪਟਨ ਦਾ ਟੀਰ ਨਜ਼ਰੀਆ

ਆਪਣੀ ਪਾਰਟੀ ਦੇ ਸੀਨੀਅਰ ਨੇਤਾਵਾਂ ਦੀ ਵਿਰੋਧਤਾ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਉਹ ਪੰਜਾਬ ਦੀ ਸਿਆਸਤ ਵਿਚ ਬੁਰੀ ਤਰ੍ਹਾਂ ਕਮਜ਼ੋਰ ਪੈ ਚੁੱਕੇ ਹਨ। ਕਈ ਨੇਤਾਵਾਂ ਨੇ ਤਾਂ ਅਸਤੀਫੇ ਵੀ ਦਿੱਤੇ ਹਨ। ਸ਼੍ਰੋਮਣੀ ਅਕਾਲੀ ਦਲ ਦੇ ਸਕੱਤਰ ਜਨਰਲ ਸੁਖਦੇਵ ਸਿੰਘ ਢੀਂਡਸਾ ਵੱਲੋਂ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨੂੰ ਲਾਂਭੇ ਹੋਣ ਦਾ ਮਸ਼ਵਰਾ ਦੇਣ ਤੋਂ ਬਾਅਦ ਅਕਾਲੀ ਦਲ ਦੇ ਹੋਰਨਾਂ ਆਗੂਆਂ ਨੇ ਵੀ ਦੱਬਵੀਂ ਸੁਰ ਵਿੱਚ ਢੀਂਡਸਾ ਦੇ ਤਰਕ ਦਾ ਸਮਰਥਨ ਕੀਤਾ ਹੈ। ਬੀਤੇ ਦਿਨੀਂ ਮੀਡੀਆ ਨਾਲ ਗੱਲਬਾਤ ਕਰਦੇ ਹੋਏ ਰਾਜ ਸਭਾ ਮੈਂਬਰ ਸੁਖਦੇਵ ਸਿੰਘ ਢੀਂਡਸਾ ਨੇ ਗਿਆਨੀ ਗੁਰਬਚਨ ਸਿੰਘ ਨੂੰ ਅਸਤੀਫਾ ਦੇ ਦੇਣ ਨੂੰ ਕਿਹਾ ਸੀ ਤੇ ਉਨ੍ਹਾਂ ਉਤੇ ਸੌਦਾ ਸਾਧ ਨੂੰ ਮੁਆਫੀ ਦੇਣ ਦੇ ਮਾਮਲੇ ਵਿੱਚ ਪੂਰੀ ਤਰ੍ਹਾਂ ਨਾਲ ਜ਼ਿੰਮੇਵਾਰ ਦੱਸਿਆ। ਢੀਂਡਸਾ ਨੇ ਤਾਂ ਸ਼੍ਰੋਮਣੀ ਕਮੇਟੀ ਵੱਲੋਂ ਗੁਰਬਚਨ ਸਿੰਘ ਨੂੰ ਅਹੁਦੇ ਤੋਂ ਹਟਾ ਦੇਣ ਦੀ ਗੱਲ ਵੀ ਕਹੀ। ਇਹ ਪਹਿਲੀ ਵਾਰ ਹੈ ਕਿ ਕਿਸੇ ਸੀਨੀਅਰ ਅਕਾਲੀ ਨੇਤਾ ਨੇ ਜਥੇਦਾਰ ਦੇ ਫੈਸਲਿਆਂ ਖਿਲਾਫ ਖੁੱਲ੍ਹੇਆਮ ਗੱਲ ਕੀਤੀ, ਜਥੇਦਾਰ ਗੁਰਬਚਨ ਸਿੰਘ ਨੇ ਹੀ ਡੇਰਾ ਮੁਖੀ ਰਾਮ ਰਹੀਮ ਨੂੰ ਮਾਫੀ ਦਿੱਤੀ ਸੀ, ਜਿਸ ਨੂੰ ਸਤੰਬਰ 2015 ਵਿੱਚ ਸਿੱਖ ਸੰਸਥਾਵਾਂ ਦੇ ਵਿਰੋਧ ਦਾ ਸਾਹਮਣਾ ਕਰਨ ਤੋਂ ਬਾਅਦ ਰੱਦ ਕਰ ਦਿੱਤਾ ਗਿਆ। ਹੁਣ ਰਣਜੀਤ ਸਿੰਘ ਕਮਿਸ਼ਨ ਦੀ ਰਿਪੋਰਟ ਪੇਸ਼ ਹੋਣ ਤੋਂ ਬਾਅਦ ਉਨ੍ਹਾਂ ਦੀ ਭੂਮਿਕਾ 'ਤੇ ਫਿਰ ਤੋਂ ਸਵਾਲ ਖੜ੍ਹੇ ਹੋ ਰਹੇ ਹਨ। ਗਿਆਨੀ ਗੁਰਬਚਨ ਸਿੰਘ ਆਪਣਾ ਪੱਖ ਪੇਸ਼ ਕਰਨ ਲਈ ਅਜੇ ਤੱਕ ਅੱਗੇ ਨਹੀਂ ਆਏ। ਇਸ ਸਮੇਂ ਉਹ ਕੈਨੇਡਾ ਗਏ ਹੋਏ ਹਨ। ਜਥੇਦਾਰ ਦੇ ਸਹਾਇਕ ਸੈਕਰੇਟਰੀ ਗੁਰਬਚਨ ਸਿੰਘ ਦਾ ਕਹਿਣਾ ਹੈ ਕਿ ਉਹ ਵਿਦੇਸ਼ ਵਿਚ ਹਨ। ਜਥੇਦਾਰ ਦੇ ਨਿੱਜੀ ਸਹਾਇਕ, ਸਤਿੰਦਰ ਪਾਲ ਸਿੰਘ ਨੇ ਕਿਹਾ ਕਿ ਉਹ 10 ਸਤੰਬਰ ਨੂੰ ਵਾਪਸ ਆ ਜਾਣਗੇ। ਕੈਨੇਡਾ ਦੇ ਪੱਤਰਕਾਰ ਗੁਰਪ੍ਰੀਤ ਸਿੰਘ ਸਹੋਤਾ ਨੇ ਫੇਸਬੁਕ 'ਤੇ 31 ਅਗਸਤ ਨੂੰ ਲਿਖਿਆ ਸੀ ਕਿ ਜਥੇਦਾਰ ਅਬੂਟਸਫੋਰਡ, ਕੈਨੇਡਾ ਵਿੱਚ ਹਨ ਅਤੇ ਉਹ ਮਾਝੇ ਇਲਾਕੇ ਨਾਲ ਸੰਬੰਧ ਰੱਖਦੇ ਇੱਕ ਅਕਾਲੀ ਆਗੂ ਦੇ ਰਿਸ਼ਤੇਦਾਰਾਂ ਨਾਲ ਰਹਿ ਰਹੇ ਹਨ। ਪਰ ਉਹ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕਾਰਨ ਉਤਪੰਨ ਹੋਈਆਂ ਨਵੀਆਂ ਪੰਥਕ ਪ੍ਰਸਿਥਤੀਆਂ ਕਾਰਨ ਬਾਹਰ ਨਹੀਂ ਨਿਕਲ ਰਹੇ। ਇਸ ਦਾ ਕਾਰਨ ਇਹ ਵੀ ਹੈ ਕਿ ਮਨਜੀਤ ਸਿੰਘ ਜੀਕੇ ਨਾਲ ਵੀ ਯੂਐਸਏ ਵਿਚ ਕੁਟਮਾਰ ਹੋ ਚੁੱਕੀ ਹੈ। ਭਾਵੇਂ ਬਹੁਤੇ ਸਿੱਖ ਇਸੇ ਹਿੰਸਾ ਨਾਲ ਸਹਿਮਤ ਨਹੀਂ ਹਨ, ਪਰ ਸਿੱਖ ਜਗਤ ਵਿਚ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕਾਰਨ ਬਾਦਲ ਦਲ ਖਿਲਾਫ਼ ਕਾਫੀ ਰੋਸਾ ਪੈਦਾ ਹੋ ਚੁੱਕਾ ਹੈ।

ਇਸ ਦੌਰਾਨ ਗਿਆਨੀ ਗੁਰਮੁਖ ਸਿੰਘ ਜਿਨ੍ਹਾਂ ਨੂੰ 3 ਅਗਸਤ ਨੂੰ ਅਕਾਲ ਤਖ਼ਤ ਦੇ ਮੁੱਖ ਗ੍ਰੰਥੀ ਦੇ ਤੌਰ ਤੇ ਮੁੜ ਬਹਾਲ ਕੀਤਾ ਗਿਆ ਸੀ, ਨੇ ਵੀ ਆਪਣੇ ਆਪ ਨੂੰ ਇਸ ਮੁੱਦੇ ਉੱਤੇ ਅਲਗ ਕਰ ਲਿਆ। ਉਸ ਸਮੇਂ ਤਖ਼ਤ ਦਮਦਮਾ ਸਾਹਿਬ ਦੇ ਕਾਰਜਕਾਰੀ ਜਥੇਦਾਰ ਹੋਣ ਦੇ ਨਾਤੇ ਉਹ ਉਨ੍ਹਾਂ ਪੰਜ ਸਿੱਖ ਸਾਹਿਬਾਨਾਂ ਵਿਚੋਂ ਸਨ, ਜਿਨ੍ਹਾਂ ਨੇ 2015 ਵਿੱਚ ਡੇਰਾ ਪ੍ਰਮੁੱਖ ਨੂੰ ਮੁਆਫ ਕਰ ਦਿੱਤਾ ਸੀ। ਬਾਅਦ ਵਿਚ ਉਨ੍ਹਾਂ ਨੇ ਦੋਸ਼ ਲਗਾਇਆ ਸੀ ਕਿ ਤਤਕਾਲੀ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਡਿਪਟੀ ਸੁਖਬੀਰ ਸਿੰਘ ਬਾਦਲ ਨੇ ਉਨ੍ਹਾਂ ਨੂੰ ਡੇਰਾ ਮੁਖੀ ਨੂੰ ਮਾਫੀ ਦੇਣ ਲਈ ਦਬਾਅ ਪਾਇਆ ਸੀ। ਇਸ ਤੋਂ ਬਾਅਦ ਉਨ੍ਹਾਂ ਨੂੰ ਕਾਰਜਕਾਰੀ ਜਥੇਦਾਰ ਅਤੇ ਮੁਖੀ ਗ੍ਰੰਥੀ ਦੇ ਰੂਪ ਵਿਚ ਹਟਾ ਦਿੱਤਾ ਗਿਆ ਸੀ। ਅਕਾਲੀ ਦਲ ਦੇ ਅੱਧੀ ਦਰਜਨ ਨੇਤਾਵਾਂ ਨਾਲ ਗੱਲਬਾਤ ਤੋਂ ਬਾਅਦ ਇਹ ਤੱਥ ਸਾਹਮਣੇ ਆਏ ਹਨ ਕਿ ਪਾਰਟੀ ਅੰਦਰ ਦੂਜੀ ਕਤਾਰ ਦੀ ਲੀਡਰਸ਼ਿਪ ਮਹਿਸੂਸ ਕਰਦੀ ਹੈ ਕਿ ਸ਼੍ਰੋਮਣੀ ਕਮੇਟੀ ਅਤੇ ਤਖ਼ਤਾਂ ਦੀ ਵੱਕਾਰ ਬਹਾਲੀ ਸਮੇਂ ਦੀ ਲੋੜ ਹੈ। ਸ਼੍ਰੋਮਣੀ ਅਕਾਲੀ ਦਲ ਦੀ ਲੀਡਰਸ਼ਿਪ ਦਾ ਮੰਨਣਾ ਹੈ ਕਿ ਵਿਧਾਨ ਸਭਾ ਅੰਦਰ ਪੱਟੀ ਤੋਂ ਕਾਂਗਰਸੀ ਵਿਧਾਇਕ ਹਰਮਿੰਦਰ ਸਿੰਘ ਗਿੱਲ ਵੱਲੋਂ ਜਿਸ ਤਰ੍ਹਾਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਬੰਧੀ ਖੁਲਾਸੇ ਕੀਤੇ ਹਨ ਉਸ ਨੇ ਬਾਦਲ ਦਲ ਲਈ ਚੁਣੌਤੀ ਖੜੀ ਕਰ ਦਿੱਤੀ ਹੈ। ਇਸ ਲਈ ਜਥੇਦਾਰ ਨੂੰ ਬਦਲਿਆ ਜਾਣਾ ਚਾਹੀਦਾ ਹੈ। ਇਸ ਜਥੇਦਾਰ ਕਾਰਨ ਅਕਾਲੀ ਦਲ ਦੀ ਪੰਥ ਵਿਚ ਬਦਨਾਮੀ ਹੋਈ ਹੈ। ਇਸੇ ਤਰ੍ਹਾਂ ਸ਼੍ਰੋਮਣੀ ਕਮੇਟੀ ਦੇ ਮੌਜੂਦਾ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਧਾਰਮਿਕ ਖੇਤਰ ਵਿੱਚ ਕੋਈ ਵੱਡਾ ਪ੍ਰਭਾਵ ਨਹੀਂ ਛੱਡ ਸਕੇ। ਭਾਵੇਂ ਹਾਲੇ ਵੀ ਸੁਖਬੀਰ ਸਿੰਘ ਬਾਦਲ ਦਾ ਸ਼੍ਰੋਮਣੀ ਅਕਾਲੀ ਦਲ ਉੱਪਰ ਕੰਟਰੋਲ ਹੈ, ਪਰ ਜੇਕਰ ਉਹਨਾਂ ਦਾ ਵਿਰੋਧ ਵੱਡੇ ਪੱਧਰ 'ਤੇ ਸੀਨੀਅਰ ਅਕਾਲੀ ਲੀਡਰਸ਼ਿਪ ਵਲੋਂ ਹੋਣਾ ਸ਼ੁਰੂ ਹੋ ਗਿਆ ਤਾਂ ਸੁਖਬੀਰ ਲਈ ਵੱਡੀ ਰਾਜਨੀਤਕ ਮੁਸੀਬਤ ਖੜੀ ਹੋ ਸਕਦੀ ਹੈ। ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਮਾਮਲੇ ਵਿਚ ਸੁਖਬੀਰ ਸਿੰਘ ਬਾਦਲ ਨੂੰ ਸ਼੍ਰੋਮਣੀ ਅਕਾਲੀ ਦਲ ਦਾ ਅਕਸ ਠੀਕ ਕਰਨਾ ਪਵੇਗਾ ਤੇ ਇਸ ਦੀ ਹੋਂਦ ਡੇਰਾਵਾਦੀ ਤੇ ਭਗਵੇਂਵਾਦੀ ਤੋਂ ਬਦਲ ਕੇ ਫਿਰ ਪੰਥਕ ਕਲਚਰ ਵਿਚ ਲਿਆਉਣੀ ਪਵੇਗੀ। ਸਿੱਖ ਜਗਤ ਦੇ ਮਨ ਵਿਚ ਹਾਲੇ ਵੀ ਸ਼੍ਰੋਮਣੀ ਅਕਾਲੀ ਦਲ ਦਾ ਇਤਿਹਾਸ ਤੇ ਸਤਿਕਾਰ ਮੌਜੂਦ ਹੈ। ਪਰ ਸੁਖਬੀਰ ਸਿੰਘ ਬਾਦਲ ਨੇ ਜਿਸ ਤਰ੍ਹਾਂ ਸ਼੍ਰੋਮਣੀ ਅਕਾਲੀ ਦਲ ਦਾ ਅਕਸ ਬਣਾਇਆ ਹੈ, ਉਸ ਨਾਲ ਸ਼੍ਰੋਮਣੀ ਅਕਾਲੀ ਦਲ ਦੀ ਸਿਆਸੀ ਹੋਂਦ ਸਥਿਰ ਨਹੀਂ ਰਹਿ ਸਕਦੀ। ਇਹ ਗੱਲ ਹੁਣ ਵੱਡੇ ਬਾਦਲ ਤੇ ਸੀਨੀਅਰ ਅਕਾਲੀ ਲੀਡਰਸ਼ਿਪ ਨੂੰ ਸੋਚਣੀ ਪਵੇਗੀ ਕਿ ਉਹਨਾਂ ਨੇ ਪੰਥਕ ਸਿਆਸਤ ਕਰਨੀ ਹੈ ਜਾਂ ਭਗਵੇਂਵਾਦ ਨਾਲ ਜੁੜ ਕੇ ਸ਼੍ਰੋਮਣੀ ਅਕਾਲੀ ਦਲ ਨੂੰ ਖਤਮ ਕਰਨਾ ਹੈ। ਪਰ ਜਿਸ ਤਰ੍ਹਾਂ ਦੇ ਹਾਲਾਤ ਪੈਦਾ ਹੋ ਰਹੇ ਹਨ, ਉਹ ਪੰਜਾਬ ਅਤੇ ਸਿੱਖ ਪੰਥ ਦੇ ਭਵਿੱਖ ਲਈ ਉਚਿਤ ਨਹੀਂ ਹਨ, ਕਿਉਂਕਿ ਸਿੱਖ ਪੰਥ ਦੀ ਲੀਡਰਸ਼ਿਪ ਕਮਜ਼ੋਰ ਪੈ ਗਈ ਹੈ। ਜੇਕਰ ਰਾਜਨੀਤਕ ਲੀਡਰਸ਼ਿਪ ਨਾ ਹੋਵੇ ਤਾਂ ਕੌਮ ਦੀ ਰਾਖੀ ਕਰਨੀ ਔਖੀ ਹੋ ਜਾਵੇਗੀ। ਇਸ ਲਈ ਮੈਂ ਸਮਝਦਾ ਹਾਂ ਕਿ ਸ਼੍ਰੋਮਣੀ ਅਕਾਲੀ ਦਲ ਵਿਚ ਸੁਧਾਰ ਕਰਨ ਦੀ ਜ਼ਰੂਰਤ ਹੈ। ਜੇਕਰ ਸੁਖਬੀਰ ਸਿੰਘ ਬਾਦਲ ਕਿਸੇ ਵੀ ਤਰ੍ਹਾਂ ਦੀ ਅੜੀ ਕਰਦੇ ਹਨ ਤਾਂ ਸੀਨੀਅਰ ਅਕਾਲੀ ਲੀਡਰਸ਼ਿਪ ਨੂੰ ਜਮਹੂਰੀ ਢੰਗ ਅਪਨਾ ਕੇ ਆਪਣੀ ਨਵੀਂ ਲੀਡਰਸ਼ਿਪ ਬੁਲੰਦ ਕਰਨੀ ਚਾਹੀਦੀ ਹੈ।

## ਪੰਥਕ ਧਿਰਾਂ ਵੱਲੋਂ ਬਰਗਾੜੀ ਮੋਰਚਾ ਖਤਮ ਕਰਨ ਦੇ ਸੰਕੇਤ

ਜਿਸ ਕਰਕੇ ਸਭ ਪੰਥਕ ਆਗੂ ਹੁਣ ਧਿਆਨ ਸਿੰਘ ਮੰਡ ਨੂੰ ਮੋਰਚਾ ਸਮਾਪਤ ਕਰਨ ਦੀ ਅਪੀਲ ਕਰਨਗੇ। ਸਿਮਰਨਜੀਤ ਮਾਨ ਨੇ ਦੱਸਿਆ ਕਿ ਬਰਗਾੜੀ ਕਾਂਡ ਦੇ ਸਭ ਮੁਲਜ਼ਮ ਫੜੇ ਜਾ ਚੁੱਕੇ ਹਨ ਅਤੇ ਗੋਲੀ ਕਾਂਡ ਦੇ ਦੋਸ਼ੀ ਪੁਲੀਸ ਅਫ਼ਸਰਾਂ ਨੂੰ ਕੇਸ ਵਿੱਚ ਨਾਮਜ਼ਦ ਕਰ ਦਿੱਤਾ ਗਿਆ ਹੈ। ਸਿੱਖ ਬੰਦੀਆਂ ਦੀ ਰਿਹਾਈ ਲਈ ਰਾਜਪਾਲ ਅਤੇ ਰਾਸ਼ਟਰਪਤੀ ਨੂੰ ਧਾਰਾ 161 ਤਹਿਤ ਮੁਆਫ਼ੀ ਲਈ ਅਪੀਲ ਕੀਤੀ ਜਾਵੇਗੀ। ਰਾਜ ਸਰਕਾਰਾਂ ਨੂੰ ਇਹ ਮੁਆਫ਼ੀ ਦਾ ਕੇਸ ਬਣਾ ਕੇ ਭੇਜਣ ਲਈ ਆਖਿਆ ਜਾਵੇਗਾ।

ਦਲ ਖ਼ਾਲਸਾ ਦੇ ਪ੍ਰਧਾਨ ਹਰਪਾਲ ਸਿੰਘ ਚੀਮਾ ਨੇ ਦੱਸਿਆ ਕਿ ਅਗਰ ਧਾਰਾ 161 ਸੰਭਵ ਨਾ ਹੋ ਸਕਿਆ, ਤਾਂ ਉਹ ਪੈਰੋਲ 'ਤੇ ਰਿਹਾਈ ਦੀ ਮੰਗ ਕਰਨਗੇ। ਆਗੂਆਂ ਨੇ ਇਹ ਵੀ ਦੱਸਿਆ ਕਿ ਜਦੋਂ ਸਰਕਾਰ ਨੇ ਮੰਗਾਂ ਮੰਨ ਲਈਆਂ ਹਨ, ਤਾਂ ਮੋਰਚਾ ਜਾਰੀ ਰੱਖਣ ਦੀ ਕੋਈ ਤੁਕ ਨਹੀਂ ਰਹਿ ਜਾਂਦੀ ਹੈ। ਉਨ੍ਹਾਂ ਦੱਸਿਆ ਕਿ ਉਹ ਪੰਥਕ ਆਗੂਆਂ ਦੇ ਫ਼ੈਸਲੇ ਤੋਂ ਇਨਸਾਫ਼ ਮੋਰਚਾ ਲਾਉਣ ਵਾਲੇ ਧਿਆਨ ਸਿੰਘ ਮੰਡ ਨੂੰ ਜਾਣੂ ਕਰਾਉਣਗੇ ਅਤੇ ਮੋਰਚਾ ਸਮਾਪਤ ਕੀਤੇ ਜਾਣ ਦੀ ਅਪੀਲ ਕੀਤੀ ਜਾਵੇਗੀ।

ਪੰਥਕ ਆਗੂ ਆਖਦੇ ਹਨ ਕਿ ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀ ਰਿਪੋਰਟ ਨਾਲ ਸਿੱਖ ਮਸਲੇ ਹੱਲ ਹੋਏ ਹਨ।

# Sir Speedy Tustin® Printers to the Community

## Outdoor 3'x11' Promo Flag
**Only $29/-**
Pole & Spike $55/-

## Outdoor 3'x6' Durable Banner
Guru Nanak Sikh Temple Fairfield — Visit Our Website: www.FairfieldGurudwara.com
All weather, durable to sunlight, rain and wear & tear. Text only.
**Only $69/-**

## Receipt Books
Customized with your information and design. 2 part carbonless with numbering and perforation.
**Call for Price**

## Retractable 33"x 80" Banner
Includes stand and carry bag. Hi-res imaging, durable and Brilliant colors!
**Only $225/-**

## All Weather 18"x24" Yard Signs
Includes H-stakes. Single sided, durable to sunlight and rain. Reusable!
**$49/- for 4**

## 11" Printed Balloons
ਲੱਖ ਲੱਖ ਵਧਾਈ
Printed with your logo and info. One color, one location. Min. qty 1000
**19¢ each**

## Your Printed T-Shirts
YOUR LOGO OR MESSAGE PRINTED HERE
White T-Shirts, 1 color screen printing in 1 position. Min Qty. 100
**Only $4.99**

## Your Printed Caps
YOUR LOGO HERE
1 color in 1 position. Min Qty. 100
**Only $4.99**

## Trip Envelopes Qty 1000
DAILY TRIP ENVELOPE
**Only $199/-**

**What we can do for you today?**
- Printing & Copying
- Creative Services
- Mailing Services
- Mailing List Aquisition
- Signs Posters & Banners
- Promotional Producst
- Website design and development

1045 East Main Street, Tustin, CA 92780
**Call 562-881-7430**
Fax: 714-731-8931
E-mail: sirspeedy_tustin@yahoo.com
www.sirspeedy.com/tustin


Jagjit Singh Bains

CUSTOMIZED SWEET BOXES

South Asian Wedding Cards

CALL NOW

## ਨਰਿੰਦਰ ਮੋਦੀ ਦੀਆਂ ਆਰਥਿਕ ਨੀਤੀਆਂ ਠੁੱਸ

ਯੂ ਪੀ ਏ ਦੇ ਸ਼ਾਸਨ ਦੌਰਾਨ 2004-2005 ਵਿੱਚ ਪੁਰਾਣੀ ਸੀਰੀਜ਼ ਅਨੁਸਾਰ ਵਿਕਾਸ ਦਰ 7.05 ਫ਼ੀਸਦੀ ਸੀ। ਸਾਲ 2005-2006 ਵਿੱਚ ਇਹ 9.48, 2006-2007 ਵਿੱਚ 9.57, 2007-2008 ਵਿੱਚ 9.32, 2008-2009 ਵਿੱਚ 6.72, 2009-2010 ਵਿੱਚ 8.59, 2010-2011 ਵਿੱਚ 8.91, 2011-2012 ਵਿੱਚ 6.69 ਫ਼ੀਸਦੀ ਰਹੀ। ਨਵੀਂ ਸੀਰੀਜ਼ ਅਨੁਸਾਰ 2011-2012 ਵਿੱਚ 7.05, 2012-2013 ਵਿੱਚ 5.42, 2013-2014 ਵਿੱਚ 6.05, 2014-2015 ਵਿੱਚ 7.4, 2015-2016 ਵਿੱਚ 8.2, 2016-2017 ਵਿੱਚ 7.1 ਤੇ 2017-2018 ਵਿੱਚ ਇਹ ਦਰ 6.7 ਫ਼ੀਸਦੀ ਰਹੀ। ਇਹਨਾਂ ਅੰਕੜਿਆਂ ਤੋਂ ਇਹ ਗੱਲ ਸਪੱਸ਼ਟ ਹੋ ਜਾਂਦੀ ਹੈ ਕਿ ਨਰਿੰਦਰ ਮੋਦੀ ਦੇ ਚਾਰ ਸਾਲਾ ਰਾਜ ਨਾਲੋਂ ਯੂ ਪੀ ਏ ਦੇ ਦਸ ਸਾਲਾ ਸ਼ਾਸਨ ਦੌਰਾਨ ਸਾਲਾਨਾ ਵਿਕਾਸ ਦਰ ਕਿਤੇ ਵੱਧ ਵੀ ਸੀ ਤੇ ਉਸ ਨੇ 9.57 ਤੱਕ ਦਾ ਉੱਚਾ ਮੁਕਾਮ ਵੀ ਹਾਸਲ ਕਰ ਲਿਆ ਸੀ।

**ਡਾਲਰ ਮਹਿੰਗਾ :** ਇਹਨਾਂ ਅੰਕੜਿਆਂ ਬਾਰੇ ਜਦੋਂ ਰਾਜਨੀਤੀ ਤੇ ਆਰਥਿਕਤਾ ਨਾਲ ਜੁੜੇ ਮਾਹਰਾਂ ਵੱਲੋਂ ਚਰਚਾ ਸ਼ੁਰੂ ਹੋਈ ਤਾਂ ਸੱਤਾ ਦੇ ਕਰਤੇ-ਧਰਤਿਆਂ ਨੇ ਕੋਈ ਢੁੱਕਵਾਂ ਜੁਆਬ ਦੇਣ ਦੀ ਥਾਂ ਕੌਮੀ ਅੰਕੜਾ ਕਮਿਸ਼ਨ ਤੇ ਕੌਮੀ ਅੰਕੜਾ ਸੰਸਥਾ ਦੀਆਂ ਵੈੱਬਸਾਈਟਾਂ ਤੋਂ ਇਹ ਤੱਥ ਹੀ ਗਾਇਬ ਕਰਵਾ ਦਿੱਤੇ। ਹਾਲੇ ਇਹ ਬਹਿਸ ਚੱਲ ਹੀ ਰਹੀ ਸੀ ਕਿ ਦੇਸ ਵਾਸੀਆਂ ਨੂੰ ਇਹ ਜਾਣ ਕੇ ਸਦਮਾ ਲੱਗਾ ਕਿ ਜਿਹੜਾ ਰੁਪਿਆ ਬ੍ਰਿਟੇਨਵੁੱਡ ਸਮਝੌਤੇ ਦੇ ਸਮੇਂ ਡਾਲਰ ਦੀ ਕੌਮਾਂਤਰੀ ਕਰੰਸੀ ਵਜੋਂ ਸਰਦਾਰੀ ਕਾਇਮ ਹੋਣ 'ਤੇ ਡਾਲਰ ਦੇ ਮੁਕਾਬਲੇ ਪੰਜ ਰੁਪਏ ਸੀ, ਉਹ ਹੁਣ ਇੱਕ ਡਾਲਰ ਦੇ ਮੁਕਾਬਲੇ ਸੱਤਰ ਰੁਪਏ ਤੱਕ ਪਹੁੰਚ ਗਿਆ ਹੈ। ਨੀਤੀ ਆਯੋਗ ਦੇ ਮੁਖੀ ਇਹੋ ਕਹਿ ਰਹੇ ਹਨ ਕਿ ਬਦੇਸ਼ੀ ਕਰੰਸੀਆਂ ਤੇ ਖ਼ਾਸ ਕਰ ਕੇ ਡਾਲਰ ਦੇ ਮੁਕਾਬਲੇ ਰੁਪਏ ਦੀ ਕੀਮਤ ਅਜੇ ਵੀ ਕੁਝ ਜ਼ਿਆਦਾ ਹੈ।

## ਬੜਬੋਲੇ ਭਾਜਪਾਈ ਨੇਤਾ ਮੋਦੀ ਸਰਕਾਰ ਲਈ ਸਿਰਦਰਦੀ ਬਣੇ

ਕਿਸੇ ਆਗੂ ਵਲੋਂ ਗਲਤ ਬਿਆਨੀ ਨਾ ਕੀਤੀ ਜਾਵੇ। ਉਨ੍ਹਾਂ ਨੇ ਸਾਰੇ ਸੂਬਾ ਪ੍ਰਧਾਨਾਂ ਅਤੇ ਸੰਗਠਨ ਮੰਤਰੀਆਂ ਨੂੰ ਇਹ ਯਕੀਨੀ ਬਣਾਉਣ ਲਈ ਕਿਹਾ ਹੈ ਕਿ ਕਿਸੇ ਵੀ ਮੁੱਦੇ 'ਤੇ ਪਾਰਟੀ ਵਲੋਂ ਅਧਿਕਾਰਤ ਵਿਅਕਤੀ ਹੀ ਬਿਆਨ ਦੇਵੇ। ਸੂਤਰਾਂ ਦਾ ਕਹਿਣਾ ਹੈ ਕਿ ਅਜਿਹੀ ਸਥਿਤੀ ਵਿਚ ਮੁੱਦਿਆਂ ਜਾਂ ਰਣਨੀਤੀ ਤੋਂ ਹਟ ਕੇ ਬਿਆਨਬਾਜ਼ੀ ਕਰਨ ਨਾਲ ਪਾਰਟੀ ਨੂੰ ਨੁਕਸਾਨ ਹੋ ਸਕਦਾ ਹੈ। ਇਸ ਦੇ ਲਈ ਪਿਛਲੀਆਂ ਲੋਕ ਸਭਾ ਚੋਣਾਂ ਦੀ ਮਿਸਾਲ ਵੀ ਪਾਰਟੀ ਫੋਰਮ 'ਤੇ ਦਿੱਤੀ ਜਾ ਰਹੀ ਹੈ ਕਿ ਕਿਸ ਤਰ੍ਹਾਂ ਭਾਜਪਾ ਦੇ ਇਕ ਨੇਤਾ, ਜੋ ਹੁਣ ਕੇਂਦਰ ਸਰਕਾਰ ਵਿਚ ਮੰਤਰੀ ਵੀ ਹਨ, ਦੇ ਬਿਆਨ ਕਾਰਨ ਭਾਜਪਾ 5 ਸੀਟਾਂ 'ਤੇ ਮਾਮੂਲੀ ਫਰਕ ਨਾਲ ਹਾਰ ਗਈ ਸੀ। ਇਸੇ ਲਈ ਮਹਿਲਾ ਸ਼ੋਸ਼ਣ, ਦਲਿਤ, ਘੱਟਗਿਣਤੀ ਅਤੇ ਮੰਦਰ ਵਰਗੇ ਮੁੱਦੇ 'ਤੇ ਸੰਜੀਦਗੀ ਦਿਖਾਉਣ ਅਤੇ ਵਿਰੋਧੀ ਪਾਰਟੀਆਂ ਦੇ ਨੇਤਾਵਾਂ ਵਿਰੁੱਧ ਮਰਿਆਦਾ ਰਹਿਤ ਸ਼ਬਦਾਂ ਅਤੇ ਇਸ਼ਾਰਿਆਂ ਦਾ ਇਸਤੇਮਾਲ ਨਾ ਕਰਨ ਦੀ ਸਲਾਹ ਵੀ ਦਿੱਤੀ ਜਾ ਰਹੀ ਹੈ।ਪਾਠਕ ਜਾਣਦੇ ਹੀ ਹਨ ਕਿ ਅਸੀਂ ਤਾਂ ਵਾਰ-ਵਾਰ ਇਸੇ ਮੁੱਦੇ 'ਤੇ ਲਿਖਦੇ ਰਹੇ ਹਾਂ ਤੇ ਭਾਜਪਾ ਦੇ ਬੜਬੋਲੇ ਨੇਤਾਵਾਂ ਦੇ ਬੜਬੋਲੇਪਨ ਦਾ ਵੇਰਵਾ ਦਿੰਦਿਆਂ ਕਹਿੰਦੇ ਰਹੇ ਹਾਂ ਕਿ ਉਨ੍ਹਾਂ ਦੇ ਅਜਿਹੇ ਤਰਕਹੀਣ ਵਿਗੜੇ ਬੋਲ ਪਾਰਟੀ ਦੇ ਅਕਸ ਨੂੰ ਠੇਸ ਪਹੁੰਚਾ ਰਹੇ ਹਨ। ਇਸੇ ਨੂੰ ਦੇਖਦਿਆਂ ਪਾਰਟੀ ਲੀਡਰਸ਼ਿਪ ਵਲੋਂ ਅਜਿਹੇ ਬੜਬੋਲੇ ਨੇਤਾਵਾਂ ਦੇ ਬਿਆਨਾਂ 'ਤੇ ਰੋਕ ਲਾਉਣ ਦਾ ਫੈਸਲਾ ਬਿਲਕੁਲ ਸਹੀ ਹੈ ਤੇ ਇਸ ਨਾਲ ਸੰਭਾਵੀ ਚੋਣਾਂ ਵਿਚ ਪਾਰਟੀ ਨੂੰ ਹੋਣ ਵਾਲੇ ਨੁਕਸਾਨ ਨੂੰ ਰੋਕਣ ਵਿਚ ਮਦਦ ਮਿਲੇਗੀ।

## ਡੇਰਾ ਬੱਲਾਂ ਦੇ ਸ਼ਰਧਾਲੂਆਂ ਦੀਆਂ ਭਾਵਨਾਵਾਂ ਭੜਕਾਉਣ ਦੇ ਦੋਸ਼ ਹੇਠ ਜਥੇਦਾਰ ਭੌਰ ਖ਼ਿਲਾਫ਼ ਕਾਰਵਾਈ ਦਾ ਸਿਆਸੀ ਤਾਣਾ-ਬਾਣਾ

ਕਾਨੂੰਨੀ ਸਲਾਹ ਲੈ ਕੇ ਧਾਰਾਵਾਂ ਵਿਚ ਵਾਧਾ ਕਰਨਗੇ। ਇਸ ਮੌਕੇ ਸਤਪਾਲ ਸਾਹਲੋ, ਸਤਪਾਲ ਜੱਸੀ, ਸਤਨਾਮ ਸਿੰਘ, ਬਲਬੀਰ ਕੌਰ, ਸੁਨੀਤਾ, ਕੁਲਵੀਰ ਆਦਿ ਮੌਜੂਦ ਸਨ।

**ਦੋਨੋਂ ਧਿਰਾਂ ਮਿਲ ਬੈਠ ਕੇ ਹੱਲ ਕਰਨ : ਜਥੇਦਾਰ ਮੰਡ**

ਸ੍ਰੀ ਅਕਾਲ ਤਖਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਭਾਈ ਧਿਆਨ ਸਿੰਘ ਮੰਡ ਦੀ ਅਗਵਾਈ ਹੇਠ ਬਰਗਾੜੀ ਵਿਚ ਚੱਲ ਰਹੇ ਇਨਸਾਫ ਮੋਰਚੇ ਦੇ 102 ਵੇਂ ਦਿਨ ਬੀਤੇ ਦਿਨੀ ਦਲਿਤ ਸੰਸਥਾਵਾਂ ਦੀ ਸਿਕਾਇਤ ਤੇ ਪੰਥਕ ਫਰੰਟ ਦੇ ਮੁਖੀ ਜਥੇਦਾਰ ਭੌਰ ਦੀ ਕੀਤੀ ਗ੍ਰਿਫਤਾਰੀ ਲਈ ਜਿੱਥੇ ਸਰਕਾਰ ਦੀ ਵੀ ਨਿੰਦਾ ਕੀਤੀ, ਉੱਥੇ ਸਕਾਇਤ ਕਰਨ ਵਾਲੀ ਦਲਿਤ ਸੰਸਥਾ ਨੂੰ ਵੀ ਸਿੱਖ ਪੰਥ ਅਤੇ ਦਲਿਤ ਭਾਈਚਾਰੇ ਵਿੱਚ ਪਾੜਾ ਪਾਉਣ ਲਈ ਏਜੰਸੀਆਂ ਦੀ ਸਾਜਿਸ਼ ਤੋ ਸੁਚੇਤ ਰਹਿਣ ਦੀ ਅਪੀਲ ਕੀਤੀ।

ਜਥੇਦਾਰ ਧਿਆਨ ਸਿੰਘ ਮੰਡ ਨੇ ਕਿਹਾ ਕਿ ਦਲਿਤ ਸਮਾਜ ਸਿੱਖ ਕੌਮ ਦਾ ਅਤੁੱਟ ਅੰਗ ਹੈ, ਇਸ ਲਈ ਸਿੱਖ ਅਤੇ ਦਲਿਤ ਸਮਾਜ ਨੂੰ ਵੱਖ ਵੱਖ ਕਰਕੇ ਨਹੀ ਦੇਖਿਆ ਜਾ ਸਕਦਾ। ਉਹਨਾਂ ਕਿਹਾ ਸਿੱਖ ਦੁਸ਼ਮਣ ਤਾਕਤਾਂ ਇਹ ਚੰਗੀ ਤਰਾਂ ਜਾਣਦੀਆਂ ਸਮਝਦੀਆਂ ਹਨ ਕਿ ਸਿੱਖ ਅਤੇ ਦਲਿਤ ਭਾਈਚਾਰੇ ਦੇ ਹਿਤ ਸਾਂਝੇ ਹਨ, ਨਿਸ਼ਾਨੇ ਵੀ ਸਾਂਝੇ ਹਨ, ਇਸ ਲਈ ਇਹਨਾਂ ਦੀ ਆਪਸੀ ਏਕਤਾ ਉਹਨਾਂ ਤਾਕਤਾਂ ਦੀ ਮਨੂਵਾਦੀ ਸੋਚ ਵਾਲੇ ਤਖਤ ਲਈ ਖਤਰਾ ਪੈਦਾ ਕਰ ਸਕਦੀ ਹੈ। ਉਹਨਾਂ ਸ਼ਿਕਾਇਤ ਕਰਨ ਵਾਲੀ ਸੰਸਥਾ ਨੂੰ ਅਪੀਲ ਕਰਦਿਆਂ ਕਿਹਾ ਕਿ ਜਥੇਦਾਰ ਭੌਰ ਨੇ ਜਾਣੇ ਅਣਜਾਣੇ ਵਿੱਚ ਬੋਲੇ ਗਏ ਅਪਸ਼ਬਦਾਂਦਲੇ ਸਮੁੱਚੇ ਦਲਿਤ ਭਾਈਚਾਰੇ ਤੋਂ ਮੁਆਫੀ ਵੀ ਮੰਗ ਲਈ ਹੈ, ਇਸ ਲਈ ਸਿੱਖ ਪੰਥ ਅਤੇ ਦਲਿਤ ਸਮਾਜ ਦੇ ਵਡੇਰੇ ਹਿੱਤਾਂ ਨੂੰ ਧਿਆਨ ਵਿਚ ਰੱਖਦਿਆਂ ਅਤੇ ਏਜੰਸੀਆਂ ਦੀ ਸਿੱਖ ਤੇ ਦਲਿਤ ਭਾਈਚਾਰੇ ਨੂੰ ਆਪਸ ਵਿੱਚ ਲੜਾਉਣ ਦੀ ਖਤਰਨਾਕ ਸਾਜਿਸ਼ ਨੂੰ ਨਾਕਾਮਯਾਬ ਕਰਨ ਲਈ ਕੇਸ ਵਾਪਸ ਲੈ ਲੈਣਾ ਚਾਹੀਦਾ ਹੈ।ਉਹਨਾਂ ਕਿਹਾ ਕਿ ਅਜਿਹਾ ਕੋਈ ਮਸਲਾ ਨਹੀ ਜਿਸ ਨੂੰ ਮਿਲ ਬੈਠ ਕੇ ਨਜਿੱਠਿਆ ਨਹੀ ਜਾ ਸਕਦਾ, ਇਸ ਲਈ ਹੁਣ ਜਦੋਂ ਸਿੱਖ ਪੰਥ ਨਾਲ ਭਾਰਤ ਦੇ ਵੱਖ ਵੱਖ ਸੂਬਿਆਂ ਵਿੱਚ ਵਸਦੇ ਦਲਿਤ ਸਮਾਜ ਨੇ ਏਕਤਾ ਦਾ ਹੱਥ ਵਧਾਇਆ ਹੈ ਤੇ ਇਕੱਠਿਆਂ ਮਨੂਵਾਦੀ ਸਿਸਟਮ ਨਾਲ ਲੜਨ ਦਾ ਪ੍ਰਣ ਕੀਤਾ ਹੈ ਤਾਂ ਇਸ ਨੂੰ ਕਮਜੋਰ ਨਹੀ ਪੈਣ ਦੇਣਾ ਚਾਹੀਦਾ।

ਜਥੇਦਾਰ ਮੰਡ ਨੇ ਆਸ ਪਰਗਟਾਈ ਹੈ ਕਿ ਦਲਿਤ ਭਾਈਚਾਰੇ ਦੇ ਵਿਦਵਾਨ ਆਗੂ ਸਾਂਝੇ ਦੁਸ਼ਮਣ ਦੀਆਂ ਸਾਜਿਸ਼ਾਂ ਨੂੰ ਸਮਝਦੇ ਹੋਏ ਫਰਾਖਦਿਲੀ ਨਾਲ ਸੁਖਦੇਵ ਸਿੰਘ ਭੌਰ ਦੀ ਗਲਤੀ ਨੂੰ ਮੁਆਫ ਕਰਕੇ ਆਪਸੀ ਪਿਆਰ ਦਾ ਸਬੂਤ ਦੇਣਗੇ।

## ਬੇਅਦਬੀ ਕਾਂਡ ਵਿਚ ਸ਼ਮੂਲੀਅਤ ਦਾ ਮੁੱਦਾ ਬਾਦਲ ਦਲ ਦੀਆਂ ਜੜ੍ਹਾਂ ਵਿਚ ਬੈਠਿਆ

ਸਿਆਸੀ ਜਾਲ ਨੇ ਇਸ ਖੇਤਰ ਵਿੱਚ ਵੱਡੀ ਸੱਟ ਮਾਰੀ ਸੀ। ਦੇਸ਼ ਦੇ ਸਿਆਸੀ ਨਕਸ਼ੇ 'ਤੇ ਉਭਰੀ 'ਆਮ ਆਦਮੀ ਪਾਰਟੀ' ਨੂੰ ਵੀ ਪਹਿਲਾਂ ਸੰਸਦੀ ਚੋਣਾਂ ਵਿੱਚ 4 ਸੀਟਾਂ ਸਿਰਫ਼ ਮਾਲਵਾ ਖੇਤਰ ਵਿੱਚੋਂ ਹੀ ਮਿਲੀਆਂ ਅਤੇ ਉਸ ਤੋਂ ਬਾਅਦ ਵਿਧਾਨ ਸਭਾ ਚੋਣਾਂ ਵਿੱਚ ਵੀ 20 ਵਿੱਚੋਂ 18 ਐੱਮਐੱਲਏ ਮਾਲਵੇ ਵਿੱਚੋਂ ਹੀ ਜਿੱਤ ਕੇ ਆਏ। ਇਨ੍ਹਾਂ ਝਟਕਿਆਂ ਤੋਂ ਬਾਅਦ ਵੀ ਅਕਾਲੀ ਦਲ ਸੰਭਲਿਆ ਨਹੀਂ। ਡੇਢ ਕੁ ਸਾਲ ਪਹਿਲਾਂ ਸੱਤਾ ਤੋਂ ਲਾਂਭੇ ਹੋਣ ਅਤੇ ਨਮੋਸ਼ੀ ਭਰੀ ਹਾਰ ਪੱਲੇ ਪਾਉਣ ਵਿੱਚ ਇਨ੍ਹਾਂ ਘਟਨਾਵਾਂ ਨੂੰ ਪ੍ਰਮੁੱਖ ਮੰਨਿਆ ਜਾਂਦਾ ਹੈ। ਦੇਖਿਆ ਜਾਵੇ ਤਾਂ ਸਾਲ 2007 ਅਤੇ 2012 ਦੀਆਂ ਚੋਣਾਂ ਦੌਰਾਨ ਵੀ ਅਕਾਲੀ ਦਲ ਨੂੰ ਮਾਲਵੇ ਵਿੱਚੋਂ ਘੱਟ ਸੀਟਾਂ ਮਿਲੀਆਂ ਸਨ। ਇਸ ਤਰ੍ਹਾਂ ਨਾਲ ਅਕਾਲੀਆਂ ਦਾ ਆਪਣਾ ਪੱਕਾ ਵੋਟ ਬੈਂਕ ਖਿਸਕਿਆ ਹੋਇਆ ਹੈ ਤੇ ਭਵਿੱਖ ਵਿੱਚ ਸਿਆਸੀ ਤੌਰ 'ਤੇ ਚੁਣੌਤੀਆਂ ਹੋਰ ਵੀ ਵੱਧ ਸਕਦੀਆਂ ਹਨ। ਸ਼੍ਰੋਮਣੀ ਅਕਾਲੀ ਦਲ ਅਤੇ ਭਾਜਪਾ ਦੀ ਸਾਂਝੀ ਸਰਕਾਰ ਵੱਲੋਂ ਦਿੱਤੇ ਵਿਕਾਸ ਦੀ ਹਨੇਰੀ ਦੇ ਨਾਅਰੇ, ਬੇਅਦਬੀ ਅਤੇ ਗੋਲੀ ਕਾਂਡ ਦੀ ਧੂੜ ਵਿੱਚ ਹਵਾ ਹੋ ਗਏ। ਅਕਾਲੀਆਂ ਦੇ ਪੱਲੇ 15 ਸੀਟਾਂ ਪਈਆਂ ਤੇ ਭਾਜਪਾ ਨੂੰ ਮਹਿਜ਼ ਤਿੰਨਾਂ ਨਾਲ ਹੀ ਗੁਜ਼ਾਰਾ ਕਰਨਾ ਪਿਆ। ਪੰਜਾਬ 'ਤੇ ਸਭ ਤੋਂ ਲੰਮਾ ਸਮਾਂ ਰਾਜ ਕਰਨ ਵਾਲਾ ਅਕਾਲੀ ਦਲ ਵਿਧਾਨ ਸਭਾ ਚੋਣਾਂ ਵਿੱਚ ਮੁੱਖ ਵਿਰੋਧੀ ਧਿਰ ਦਾ ਦਰਜਾ ਵੀ ਹਾਸਲ ਨਾ ਕਰ ਸਕਿਆ। ਵਿਧਾਨ ਸਭਾ ਵਿੱਚ ਸਦਨ ਦੇ ਆਗੂ ਦੀ ਕੁਰਸੀ 'ਤੇ ਬੈਠਦੇ ਆ ਰਹੇ ਸੂਬੇ ਦੇ ਸਭ ਤੋਂ ਲੰਮੇਰੀ ਉਮਰ ਦੇ ਸਿਆਸਤਦਾਨ ਪ੍ਰਕਾਸ਼ ਸਿੰਘ ਬਾਦਲ ਸਦਨ ਦੀਆਂ ਬੈਠਕਾਂ ਵਿੱਚ ਹਿੱਸਾ ਲੈਣ ਤੋਂ ਗੁਰੇਜ਼ ਕਰਨ ਲੱਗੇ ਹਨ।

## ਚੰਡੀਗੜ੍ਹ 'ਚ ਸਿੱਖ ਬੀਬੀਆਂ ਲਈ ਹੈਲਮਟ ਪੁਲਿਸ ਚਲਾਨ ਕੱਟਣ 'ਚ ਜੁਟੀ

ਕੱਟਣ ਵਿਚ ਰੁੱਝ ਗਈ ਹੈ। ਸਿੱਖ ਜਥੇਬੰਦੀਆਂ ਵਲੋਂ ਇਸ ਫੈਸਲੇ ਦਾ ਵਿਰੋਧ ਕਰਕੇ ਮੰਗ ਕੀਤੀ ਜਾ ਰਹੀ ਹੈ ਕਿ ਜਿਸ ਔਰਤ ਦੇ ਨਾਮ ਪਿੱਛੇ ਕੌਰ ਲੱਗਿਆ ਹੋਇਆ ਹੈ, ਉਸ ਨੂੰ ਹੈਲਮਟ ਪਾਉਣ ਤੋਂ ਛੋਟ ਮਿਲਣੀ ਚਾਹੀਦੀ ਹੈ ਕਿਉਂਕਿ ਸਿੱਖ ਧਰਮ ਵਿਚ ਟੋਪੀ ਪਾਉਣ ਦੀ ਮਨਾਹੀ ਹੈ ਅਤੇ ਹੈਲਮਟ ਦੀ ਵਰਤੋਂ ਕਰਨਾ ਵੀ ਸਿੱਖੀ ਦੇ ਖਿਲਾਫ਼ ਹੈ। ਇਸ ਦੇ ਬਾਵਜੂਦ ਚੰਡੀਗੜ੍ਹ ਟ੍ਰੈਫਿਕ ਪੁਲਿਸ ਨੇ ਦੋ ਪਹੀਆ ਵਾਹਨ ਚਲਾਉਣ ਵਾਲੀਆਂ ਔਰਤਾਂ ਦੇ ਹੈਲਮਟ ਦੀ ਵਰਤੋਂ ਨਾ ਕਰਨ 'ਤੇ ਚਲਾਨ ਕੱਟਣੇ ਸ਼ੁਰੂ ਕਰ ਦਿੱਤੇ ਹਨ। ਪਹਿਲੇ ਦਿਨ ਸਿੱਖ ਜਥੇਬੰਦੀਆਂ ਦੇ ਪ੍ਰਦਰਸ਼ਨ ਤੋਂ ਬਾਅਦ ਇਕ ਵਾਰ ਜਿਥੇ 10 ਦਿਨ ਤੱਕ ਚਲਾਨ ਨਾ ਕੱਟਣ ਦੀਆਂ ਖ਼ਬਰਾਂ ਸਾਹਮਣੇ ਆ ਰਹੀਆਂ ਸਨ ਪਰ ਕੁਝ ਘੰਟਿਆਂ ਬਾਅਦ ਹੀ ਪ੍ਰਸਾਸ਼ਨ ਨੇ ਉਸ ਤੋਂ ਵੀ ਕਿਨਾਰਾ ਕਰ ਲਿਆ। ਹਾਲੇ ਤੱਕ ਚੰਡੀਗੜ੍ਹ ਵਿਚ ਕਿਸੇ ਵੀ ਸਿੱਖ ਜਥੇਬੰਦੀ ਵਲੋਂ ਇੰਨਾ ਤਿੱਖਾ ਸੰਘਰਸ਼ ਨਹੀ ਕੀਤਾ ਗਿਆ ਹੈ ਕਿ ਪ੍ਰਸਾਸ਼ਨ ਨੂੰ ਆਪਣੇ ਇਸ ਫੈਸਲੇ ਬਾਰੇ ਵਿਚਾਰ ਕਰਨਾ ਪੈ ਜਾਵੇ। ਅਕਾਲੀ ਦਲ ਵਲੋਂ ਵੀ ਸ਼ਹਿਰ ਵਿਚ ਇਸ ਫੈਸਲੇ ਖਿਲਾਫ਼ ਪ੍ਰਦਰਸ਼ਨ ਕੀਤੇ ਗਏ ਹਨ ਪਰ ਉਨ੍ਹਾ ਦਾ ਅਸਰ ਪ੍ਰਸਾਸ਼ਨ 'ਤੇ ਨਹੀ ਹੋ ਸਕਿਆ। ਪ੍ਰਸਾਸ਼ਨ ਵਲੋਂ ਲਏ ਗਏ ਇਸ ਫੈਸਲੇ ਵਿਚ ਇਹ ਸਾਫ ਲਿਖਿਆ ਗਿਆ ਹੈ ਕਿ ਪਗੜੀਧਾਰੀ ਸਿੱਖ ਔਰਤਾਂ ਨੂੰ ਹੀ ਹੈਲਮਟ ਦੀ ਵਰਤੋਂ ਨਾ ਕਰਨ ਦੀ ਛੋਟ ਹੈ ਜਦਕਿ ਬਾਕੀ ਸਭ ਔਰਤਾਂ ਨੂੰ ਸ਼ਹਿਰ ਵਿਚ ਦੋ ਪਹੀਆਂ ਵਾਹਨ ਚਲਾਉਂਦੇ ਹੋਏ ਹੈਲਮਟ ਦੀ ਵਰਤੋਂ ਕਰਨਾ ਜ਼ਰੂਰੀ ਰਹੇਗਾ। ਇਸ ਫੈਲਸੇ ਖਿਲਾਫ਼ ਸੈਕਟਰ 34 ਦੇ ਗੁਰਦੁਆਰਾ ਸਾਹਿਬ ਤੋਂ ਸਿੱਖ ਜਥੇਬੰਦੀਆਂ ਨੇ ਅਰਦਾਸ ਕਰਕੇ ਚੰਡੀਗੜ੍ਹ ਪ੍ਰਸਾਸਕ ਦੀ ਰਿਹਾਇਸ਼ ਵੱਲ ਕੂਚ ਕੀਤਾ ਸੀ ਤਾਂ ਜੋ ਇਸ ਫੈਸਲੇ ਖਿਲਾਫ਼ ਕੋਈ ਕਾਰਵਾਈ ਹੋ ਸਕੇ ਪਰ ਰਸਤੇ ਵਿਚ ਪੁਲਿਸ ਨੇ ਪ੍ਰਦਰਸ਼ਨਕਾਰੀਆਂ ਨੂੰ ਅੱਗੇ ਵਧਣ ਤੋਂ ਰੋਕ ਦਿੱਤਾ। ਪ੍ਰਦਰਸ਼ਨਕਾਰੀਆਂ ਵਲੋਂ 'ਸਿਰ ਜਾਵੇ ਤਾ ਜਾਵੇ ਮੇਰਾ ਸਿੱਖੀ ਸਿਦਕ ਨਾ ਜਾਵੇ' ਅਤੇ 'ਜੋ ਬੋਲੇ ਸੋ ਨਿਹਾਲ' ਜੈਕਾਰੇ ਵੀ ਲਗਾਏ ਗਏ। ਇਸ ਫੈਸਲੇ ਦੇ ਲਾਗੂ ਹੋਣ ਦੇ ਇਕ ਹਫ਼ਤਾ ਬਾਅਦ ਤੱਕ ਸਿੱਖ ਜਥੇਬੰਦੀਆਂ ਦੀ ਕਿਸੇ ਗੱਲ ਨੂੰ ਚੰਡੀਗੜ੍ਹ ਪ੍ਰਸਾਸ਼ਨ ਨੇ ਸਵੀਕਾਰ ਨਹੀ ਕੀਤਾ ਹੈ।

## ਭਾਈ ਗੁਰਦਾਸ ਜੀ ਦੀ ਨਜ਼ਰ 'ਚ ਗੁਰੂ ਹਰਿਗੋਬਿੰਦ ਸਾਹਿਬ

ਧਰਮਸਾਲ ਕਰ ਬਹੀ ਦਾ
ਇੱਕਤ ਥਾਂ ਨਾ ਟਿਕੈ ਟਿਕਾਯਾ।
ਪਾਤਸ਼ਾਹ ਘਰ ਆਂਵਦੇ
ਗੜ ਚੜਿਆ ਪਤਿਸ਼ਾਹ ਚੜ੍ਹਾਯਾ।
ਉਮੱਤ ਮਹਿਲ ਨ ਪਾਂਵਦੀ
ਨਠਾ ਫਿਰੈ ਨਾ ਡਰੈ ਡਰਾਯਾ।
ਮੰਜੀ ਬਹਿ ਸੰਤੋਖ ਦਾ
ਕੁੱਤੇ ਰੱਖ ਸ਼ਿਕਾਰ ਖਿਲਾਯਾ।
ਬਾਣੀ ਕਰ ਸੁਣ ਗਾਂਵਦਾ
ਕਥੈ ਨੇ ਸੁਣੈ ਨਾ ਗਾਵ ਸੁਣਾਯਾ।
ਸੇਵਕ ਪਾਸ ਨ ਰੱਖੀਅਨ
ਦੋਖੀ ਦੁਸਟ ਆਗੂ ਮੁਹਿ ਲਾਯਾ। (ਵਾਰ 24/26)

ਭਾਈ ਗੁਰਦਾਸ ਗੁਰੂ ਹਰਿਗੋਬਿੰਦ ਸਾਹਿਬ ਦੇ ਜੀਵਨ ਦੇ ਇਕ ਹੋਰ ਮਹੱਤਵਪੂਰਨ ਪੱਖ ਬਾਰੇ ਚਾਨਣਾ ਪਾਉਂਦੇ ਹਨ। ਪਹਿਲੀ ਵਾਰ ਦੀ ਅਠਤਾਲੀਵੀਂ ਪਉੜੀ ਵਿਚ ਉਲੇਖ ਕਰਦੇ ਹਨ :

ਪੰਜ ਪਿਆਲੇ ਪੰਜ ਪੀਰ
ਛਠਮ ਪੀਰ ਬੈਠਾ ਗੁਰ ਭਾਰੀ।
ਅਰਜਨ ਕਾਇਆ ਪਲਟ ਕੈ
ਮੂਰਤਿ ਹਰਗੋਬਿੰਦ ਸਵਾਰੀ।
ਚੱਲੀ ਪੀੜ੍ਹੀ ਸੋਢੀਆਂ
ਰੂਪ ਦਿਖਾਵਨ ਵਾਰੋ ਵਾਰੀ
ਦਲ ਭੰਜਨ ਗੁਰ ਸੂਰਮਾ
ਵਡ ਜੋਧਾ ਬਹੁ ਪਰਉਪਕਾਰੀ।

ਭਾਈ ਗੁਰਦਾਸ ਅਨੁਸਾਰ ਗੁਰੂ ਹਰਿਗੋਬਿੰਦ ਸਾਹਿਬ ਵਿਚ 'ਜੋਧਾ ਅਤੇ ਪਰਉਪਕਾਰੀ' ਵਾਲੇ ਦੋਵੇਂ ਗੁਣ ਸਨ। ਮਹਾਂਰਾਸ਼ਟਰ ਦੇ ਸਮਰਥ ਰਾਮਦਾਸ ਨੇ ਆਪਣੀ ਹੈਰਾਨੀ ਗੁਰੂ ਜੀ ਸਾਹਮਣੇ ਪ੍ਰਗਟਾਈ ਤੇ ਕਿਹਾ ਮੈਂ ਸੁਣਿਆ ਹੈ ਕਿ ਤੁਸੀਂ ਗੁਰੂ ਨਾਨਕ ਦੀ ਗੱਦੀ ਉੱਤੇ ਬੈਠੇ ਹੋ। ਗੁਰੂ ਨਾਨਕ ਇਕ ਤਿਆਗੀ ਸਾਧੂ ਸੀ, ਤੁਸੀਂ ਹਥਿਆਰਬੰਦ ਹੋ। ਫ਼ੌਜਾਂ ਤੇ ਘੋੜੇ ਰੱਖੇ ਹੋਏ ਹਨ। ਸੱਚੇ ਪਾਤਸ਼ਾਹ ਅਖਵਾਉਂਦੇ ਹੋ। ਤੁਸੀਂ ਕੈਸੇ ਸਾਧੂ ਹੋ ? ਗੁਰੂ ਜੀ ਦਾ ਉੱਤਰ ਸੀ-ਬਾਤਨ ਫਕੀਰੀ ਜਾਹਿਰ ਅਮੀਰੀ, ਸ਼ਸਤਰ ਗਰੀਬ ਦੀ ਰੱਖਿਆ ਅਜੇ ਜਰਵਾਨੇ ਕੀ ਭੱਖਿਆ ਲਈ ਹਨ।

ਗੁਰੂ ਹਰਿਗੋਬਿੰਦ ਜੀ ਦਾ 'ਵਡ ਜੋਧਾ' ਰੂਪ ਉਨ੍ਹਾਂ ਦੇ ਸ਼ਸਤਰ ਵਿਦਿਆ ਤੇ ਯੁੱਧ ਨੀਤੀ ਵਿਚ ਨਿਪੁੰਨ ਹੋਣ ਕਰਕੇ ਹੀ ਹੈ। ਜੰਗੀ ਦਾਅ ਪੇਚਾਂ ਨੂੰ ਉਹ ਚੰਗੀ ਤਰ੍ਹਾਂ ਸਮਝਦੇ ਸਨ। ਗੁਰੂ ਹਰਿਗੋਬਿੰਦ ਜੀ ਨੂੰ ਜੀਵਨ ਵਿਚ ਚਾਰ ਮੁਖ ਜੰਗਾਂ ਤੇ ਕੁਝ ਛੋਟੀਆਂ ਮੋਟੀਆਂ ਝੜਪਾਂ ਦਾ ਸਾਹਮਣਾ ਕਰਨਾ ਪਿਆ, ਪਰ ਇਸ ਜੁਝਾਰੂ ਜੀਵਨ ਵਿਚ ਆਪ ਨੇ ਸੈਨਾ ਦੇ ਸੈਨਾਪਤੀਆਂ ਨਾਲ ਸਿੱਧਾ ਟਾਕਰਾ ਕੀਤਾ। ਪਹਿਲੀ ਜੰਗ ਵਿਚ ਮੁਖਲਿਸ ਖਾਂ, ਦੂਜੀ ਜੰਗ ਵਿਚ ਹਰਿਗੋਬਿੰਦ ਪੁਰ ਵਿਖੇ ਅਬਦੁਲਾ ਖਾਂ, ਕਰਮ ਚੰਦ ਤੇ ਰਤਨ ਚੰਦ, ਤੀਜੀ ਵਿਚ ਕਾਬਲੀ ਬੇਗ ਤੇ ਲੱਲਾ ਬੇਗ, ਚੌਥੀ ਜੰਗ ਵਿਚ ਪੈਂਦੇ ਖਾਂ ਨੂੰ ਮਾਰ ਮੁਕਾਇਆ। ਅਚਾਨਕ ਹੱਲਾ ਹੋ ਜਾਣ ਤੇ ਦ੍ਰਿੜ੍ਹਤਾ ਨਾਲ ਮੁਕਾਬਲਾ ਕੀਤਾ। ਗੁਰੂ ਹਰਿਗੋਬਿੰਦ ਨੇ ਮੁਰਦਾ ਰੂਹਾਂ ਵਿਚ ਜਾਨ ਪਾਈ ਤੇ ਜਨਤਾ ਵਿਚ ਫ਼ੌਜੀ ਅੰਸ਼ ਆਇਆ ਜਿਸ ਨੇ ਕੌਮ ਨੂੰ ਪੱਕਿਆਂ ਪੈਰਾਂ ਉੱਤੇ ਖੜ੍ਹਾ ਕਰ ਦਿੱਤਾ। ਵੱਡ ਜੋਧਾ ਦੇ ਗੁਣ ਕਰਕੇ ਹੀ ਗੁਰੂ ਸਾਹਿਬ ਡਰ ਤੇ ਭੈਅ ਤੋਂ ਮੁਕਤ ਸਨ :

ਗੁਰ ਸਿੱਖੁ ਹਰਿਗੋਬਿੰਦ ਨ
ਲੁਕੈ ਲੁਕਾਇਆ। (20/1)

ਭਾਈ ਗੁਰਦਾਸ ਅਨੁਸਾਰ ਜਿੱਥੇ ਆਪ ਵੱਡੇ ਜੋਧਾ ਸਨ, ਉੱਥੇ ਪਰਉਪਕਾਰਤਾ ਦੀ ਸਜੀਵ ਮੂਰਤ ਸਨ। ਗੁਰੂ ਸਾਹਿਬ ਦਾ ਪੈਂਦੇ ਖਾਂ ਨੂੰ ਕਲਮਾਂ ਪੜ੍ਹਨ ਦਾ ਆਦੇਸ਼, ਗਵਾਲੀਆਂ ਦੇ ਕਿਲ੍ਹੇ ਵਿਚ ਬੰਦੀ ਰਾਜਿਆਂ ਦੀ ਰਿਹਾਈ, ਨਿਹੱਥੇ ਦੁਸ਼ਮਣ ਤੇ ਵਾਰ ਨਾ ਕਰਨਾ, ਹਰ ਸਿੱਖ ਸ਼ਰਧਾਲੂ ਨੇ ਜਦੋਂ ਵੀ ਪਰੇਮ ਨਾਲ ਯਾਦ ਕਰਨਾ, ਉੱਥੇ ਅਪੜਨਾ, ਭਾਵੇਂ ਉਹ ਸ੍ਰੀ ਨਗਰ, ਬਾਰਾਮੂਲੇ ਦਾ ਬਿਖੜਾ ਪੈਂਡਾ ਸੀ ਜਾਂ ਕੜਕਦੀ ਧੁੱਪ ਤੇ ਮਾਰੂਥਲ ਵਿਚ ਭਾਈ ਸਾਧੂ ਤੇ ਭਾਈ ਰੂਪੇ ਦਾ ਠੰਡਾ ਪਾਣੀ ਪੀਣਾ ਸੀ। ਗੁਰੂ ਘਰ ਤੋਂ ਟੁੱਟੇ ਸਿਰੀ ਚੰਦ ਨਾਲ ਮੇਲ ਜੋਲ, ਬਾਬਾ ਮੋਹਰੀ ਦੇ ਪੁੱਤਰ ਅਨੰਦ ਦਾ ਸਤਿਕਾਰ, ਮਿਹਰਬਾਨ ਨਾਲ ਚੰਗੇ ਸੰਬੰਧ ਕਾਇਮ ਕਰਨ ਲਈ ਯਤਨ ਕਰਨਾ ਉਨ੍ਹਾਂ ਦੀ ਪਰਉਪਕਾਰਤਾ ਦੇ ਗੁਣਾਂ ਕਰਕੇ ਹੀ ਸੀ। ਸ੍ਰੀ ਗੁਰੂ ਹਰਗੋਬਿੰਦ ਦੇ ਸਮੁੱਚੇ ਜੀਵਨ ਦੀ ਵਡਿਆਈ ਨੂੰ ਭਾਈ ਗੁਰਦਾਸ ਜੀ ਨੇ ਆਪਣੀ ਇਕ ਵਾਰ ਵਿਚ ਅੰਕਿਤ ਕੀਤਾ ਹੈ :

ਹਰਖਹੁੰ ਸੋਗਹੁੰ ਬਾਹਰਾ
ਹਰਣ ਸਮਰੱਥ ਸਰੰਦਾ
ਰਸ ਕਸ ਰੂਪ ਨ ਰੇਖ ਵਿਚ
ਰਾਗ ਰੰਗ ਨਿਰਲੇਪ ਰਹੰਦਾ।
ਗੋਸ਼ਟਿ ਗਿਆਨ ਅਗੋਚਰਾ
ਬੁਧਿ ਬਲ ਬਚ ਬਿਬੇਕ ਨ ਛੰਦਾ।
ਗੁਰੁ ਗੋਵਿੰਦ ਗੋਵਿੰਦ
ਗੁਰੁ ਹਰਿਗੋਵਿੰਦ ਸਦਾ ਵਿਗਸੰਦਾ।
ਅਚਰਜ ਕੋ ਅਚਰਜ ਮਿਲੈ
ਵਿਸਮਾਦੈ ਵਿਸਮਾਦ ਮਿਲੰਦਾ। (24/21)

ਗੁਰੂ ਜੀ ਹਰਖ-ਸੋਗ, ਰਸ-ਕਸ, ਰੂਪ-ਰੇਖ ਨਿਰਲੇਪ ਸਨ। ਗੋਸਟਿ ਗਿਆਨ ਦੀ ਚਰਚਾ ਤੇ ਅਗੋਚਰ ਸਨ। ਬਲ-ਬਚਨ, ਬਿਬੇਕ-ਛਲ ਉਨ੍ਹਾਂ ਦੇ ਸਾਹਮਣੇ ਹੀਣੇ ਹਨ। ਉਹ ਅਕਾਲ ਪੁਰਖ ਰੂਪ ਸਨ। ਉਨ੍ਹਾਂ ਦੀ ਸ਼ਖਸ਼ੀਅਤ ਹੀ ਐਸੀ ਸੀ ਕਿ ਸਦਾ ਪ੍ਰਸੰਨ ਚਿੱਤ ਰਹਿੰਦੇ ਸਨ। ਸੋ ਅਸੀਂ ਸਾਰ ਤੌਰ ਤੇ ਇਹ ਕਹਿ ਸਕਦੇ ਹਾਂ ਕਿ ਭਾਈ ਗੁਰਦਾਸ ਨੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੀ ਬਹੁ-ਪੱਖੀ ਸ਼ਖਸ਼ੀਅਤ ਨੂੰ ਉਭਾਰਨ ਵਿਚ ਸਫਲਤਾ ਹਾਸਲ ਕੀਤੀ। ਗੁਰੂ ਜੀ ਸੰਬੰਧੀ ਪਏ ਭਰਮ ਭੁਲੇਖਿਆਂ ਨੂੰ ਦੂਰ ਕਰਕੇ 'ਗੁਰ ਏਕਾ ਜੋਤ' ਨੂੰ ਪਰਪੱਕ ਕੀਤਾ। ਭਾਈ ਗੁਰਦਾਸ ਦੀ ਨਜ਼ਰ ਵਿਚ ਗੁਰੂ ਹਰਿਗੋਬਿੰਦ ਅਨੇਕਾਂ ਗੁਣਾਂ ਦੇ ਮਾਲਕ, ਵੱਡੇ ਜੋਧੇ ਤੇ ਪਰਉਪਕਾਰੀ ਸੂਰਮੇ ਸਨ। ਨਾਨਕ ਜੋਤ ਦਾ ਪ੍ਰਗਟਾਅ ਗੁਰੂ ਹਰਿਗੋਬਿੰਦ ਜੀ ਰਾਹੀਂ ਹੋ ਰਿਹਾ ਸੀ। ਗੁਰੂ ਸਾਹਿਬ ਦੀਨ ਦੁਨੀ ਦੇ ਪਾਤਸ਼ਾਹਾਂ ਦੇ ਪਾਤਸ਼ਾਹ ਸਨ :

ਦਸਤਗੀਰ ਹੁਇ ਪੰਜ ਪੀਰ
ਹਰਿ ਗੁਰ ਹਰਿਗੋਬਿੰਦ ਅਤੋਲਾ।
ਦੀਨ ਦੀਨੀ ਦਾ ਪਾਤਸ਼ਾਹ
ਪਾਤਸ਼ਾਹ ਪਾਤਸ਼ਾਹ ਅਡੋਲਾ। (39/3)

## ਦਿਲਾਂ ਨੂੰ ਜੋੜਦਾ ਬੰਦ ਲਾਂਘਾ ਸ੍ਰੀ ਕਰਤਾਰਪੁਰ ਸਾਹਿਬ

ਪਿਛੋਕੜ ਸਦਕਾ ਆਪਸ ਵਿੱਚ ਜੁੜੇ ਪਰ ਸਿਆਸੀ-ਫ਼ਿਰਕੂ ਇੰਤਹਾਪਸੰਦੀ ਕਾਰਨ ਵੰਡੇ ਗਏ ਭਾਈਚਾਰਿਆਂ ਦਾ ਮਸਲਾ ਬੜਾ ਪੇਚੀਦਾ ਹੈ। ਪੰਜਾਬੀ ਲੋਕ ਭਾਵੇਂ ਭੂਗੋਲਿਕ ਤੌਰ 'ਤੇ ਦੋ ਮੁਲਕਾਂ ਵਿੱਚ ਵੰਡੇ ਹੋਏ ਹਨ, ਪਰ ਸਾਂਝੀ ਪੰਜਾਬੀ ਰੂਹ, ਬਾਬਾ ਗੁਰੂ ਨਾਨਕ ਸਾਹਿਬ ਜੀ , ਬਾਬਾ ਬੁੱਲ੍ਹੇ ਸ਼ਾਹ ਅਤੇ ਸ਼ਹੀਦ ਭਗਤ ਸਿੰਘ ਨੂੰ ਜ਼ਮੀਨੀ ਲਕੀਰਾਂ ਨਹੀਂ ਵੰਡ ਸਕਦੀਆਂ।

ਇੱਕ ਘੁਮੱਕੜ ਵਜੋਂ ਇਤਿਹਾਸਕ ਸਮਾਰਕ ਦੇਖਣ ਦੀ ਲਲ੍ਹਕ ਦਾ ਡੰਗਿਆ ਮੈਂ ਇੱਕ ਵਾਰ ਡੇਰਾ ਬਾਬਾ ਨਾਨਕ, ਸਰਹੱਦ ਅਤੇ ਭਾਰਤ ਦੇ ਮਹਾਨ ਸ਼ਾਸਕ ਮੁਗ਼ਲ ਬਾਦਸ਼ਾਹ ਅਕਬਰ ਦੀ ਤਾਜਪੋਸ਼ੀ ਦਾ ਸਥਾਨ ਕਲਾਨੌਰ ਦੇਖਣ ਗਿਆ। ਮੈਂ ਉੱਥੋਂ ਦੇ ਲੋਕਾਂ ਦੇ ਮਨਾਂ ਵਿਚਲਾ ਰੋਹ ਮਹਿਸੂਸ ਕੀਤਾ ਜੋ ਮਹਿਜ਼ ਸਾਢੇ ਚਾਰ ਕਿਲੋਮੀਟਰ ਦੂਰ ਪਾਕਿਸਤਾਨ ਵਿਚਲੇ ਗੁਰਦੁਆਰਾ ਦਰਬਾਰ ਸਾਹਿਬ ਦਾ ਲਾਂਘਾ ਖੁੱਲ੍ਹਣਾ ਲੋਚਦੇ ਹਨ। ਉੱਥੇ ਜਾਣ ਵਾਲੇ ਲੋਕ ਦੂਰਬੀਨ ਰਾਹੀਂ ਇਸ ਅਸਥਾਨ ਦੇ ਦਰਸ਼ਨ ਕਰਦੇ ਅਤੇ ਵਧੀਆ ਕੈਮਰਿਆਂ ਨਾਲ ਉੱਥੋਂ ਦੀਆਂ ਤਸਵੀਰਾਂ ਖਿੱਚਦੇ ਹਨ। ਉੱਥੇ ਤਾਇਨਾਤ ਬੀਐੱਸਐੱਫ ਦੇ ਅਧਿਕਾਰੀ ਵੀ ਦਰਸ਼ਨ ਅਭਿਲਾਸ਼ੀਆਂ ਨਾਲ ਚੰਗਾ ਵਰਤਾਅ ਕਰਦੇ ਹਨ। ਅਜਿਹੇ ਮੌਕੇ ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਦੀ ਇਹ ਟਿੱਪਣੀ ਬਿਲਕੁਲ ਦਰੁਸਤ ਜਾਪਦੀ ਹੈ ਕਿ 'ਸਰਹੱਦਾਂ ਬੇਮਾਅਨੇ ਹੋ ਜਾਣੀਆਂ ਚਾਹੀਦੀਆਂ ਹਨ'। ਇਸ ਦਾ ਮਤਲਬ ਇਹ ਹੈ ਕਿ ਲੋਕ ਬਿਨਾਂ ਰੋਕ-ਟੋਕ ਸਰਹੱਦ ਦੇ ਆਰ-ਪਾਰ ਆ ਜਾ ਸਕਣ। ਇਸ ਦਿਸ਼ਾ ਵਿਚ ਪਹਿਲਾ ਕਦਮ ਵਧਾਉਂਦਿਆਂ ਗੁਰੂ ਨਾਨਕ ਦੇਵ ਜੀ ਦੇ 550 ਵੇਂ ਆਗਮਨ ਪੁਰਬ ਮੌਕੇ ਡੇਰਾ ਬਾਬਾ ਨਾਨਕ ਵਾਲੀ ਸਰਹੱਦ 'ਤੇ ਬੰਦਿਸ਼ਾਂ ਹਟਾ ਦੇਣੀਆਂ ਚਾਹੀਦੀਆਂ ਹਨ। ਇਕੱਲੇ ਜਸ਼ਨਾਂ ਮੌਕੇ ਹੀ ਨਹੀਂ ਸਗੋਂ ਸਦਾ ਲਈ ਕਰਤਾਰਪੁਰ ਦਾ ਲਾਂਘਾ ਖੋਲ੍ਹ ਦੇਣਾ ਚਾਹੀਦਾ ਹੈ। ਫਿਰ ਇਹ ਨੀਤੀ ਬਾਕੀ ਸਰਹੱਦਾਂ ਉੱਤੇ ਵੀ ਲਾਗੂ ਕਰਨ ਬਾਰੇ ਸੋਚਿਆ ਜਾ ਸਕਦਾ ਹੈ। ਇਸ ਤਰ੍ਹਾਂ ਦੁਵੱਲਾ ਵਪਾਰ ਸ਼ੁਰੂ ਹੋਣ ਨਾਲ ਸਿਆਸੀ ਫ਼ੌਜੀ ਲੀਡਰਸ਼ਿਪ ਵੱਲੋਂ ਦੋਵਾਂ ਮੁਲਕਾਂ ਦੇ ਲੋਕਾਂ ਦੀ ਇੱਛਾ ਵਿਰੁੱਧ ਉਨ੍ਹਾਂ ਉੱਤੇ ਥੋਪੀ ਗਈ ਦੁਸ਼ਮਣੀ ਦੇ ਬਾਵਜੂਦ ਸੱਭਿਆਚਾਰਕ ਤੌਰ ਉੱਤੇ ਇਕ ਦੂਜੇ ਨਾਲ ਜੁੜੇ ਲੋਕਾਂ ਦਾ ਵਿਕਾਸ ਹੋਵੇਗਾ।


jus HINDI HD
DAILY LIVE CALL IN SHOWS
Zindagi Fullon
M-F 1:30PM EST
LO KARLO BAAT
M-F 12:30PM EST
CALL NOW FOR
SPECIAL ADVERTISEMENT RATES
D CODE THE QUOTE
M-F 12PM EST
AWAM ki AWAZ
M-F 2:30PM EST
America's Premiere Indian Television Channel
WATCH jus HINDI HD CHANNEL 725 ON
dish | sling TELEVISION
CALL TO ADVERTISE • 1-718-752-9293 | CALL TO SUBSCRIBE +1-800-246-6242
www.jusbroadcasting.com


RESIDENTIAL, COMMERCIAL AND SOLAR FARMS
with Sunpreme High Performance Bifacial Smart Panels
ਆਪਣੇ ਘਰ ਅਤੇ ਕਾਰੋਬਾਰ ਤੇ ਸੋਲਰ ਸਿਸਟਮ ਲਗਾਉਣ ਲਈ ਸਤਨਾਮ ਸਿੰਘ ਖਾਲਸਾ ਨਾਲ ਅੱਜ ਹੀ ਸੰਪਰਕ ਕਰੋ
100% CUSTOMER SATISFACTION GUARANTEED
25 YEAR WARRANTY
ਬਿਜਲੀ ਦੇ ਬਿਲ ਤੋਂ ਹਮੇਸ਼ਾਂ ਲਈ ਛੁਟਕਾਰਾ
Satnam Singh Khalsa 510.706.1300
info@singhsolar.com
SUNPREME
Premium Bifacial Thin Film Solar

# Frugal Logistics Inc.

FRUGAL Dedicated To Quality Service FL LOGISTICS



ਕਲਾਸ 'ਏ' ਡਰਾਈਵਰ ਅਤੇ ਓਨਰ ਅਪਰੇਟਰ ਦੀ ਜ਼ਰੂਰਤ ਹੈ

ਡਰਾਈਵਰ : 45 ਸੈਂਟ ਤੋਂ 52 ਸੈਂਟ ਪ੍ਰਤੀ ਮੀਲ ਦੇ ਹਿਸਾਬ ਨਾਲ ਕਮਾਓ
+ ਪਰਫਾਰਮੈਂਸ ਬੋਨਸ ਲਵੋ

ਓਨਰ ਅਪਰੇਟਰ ਸੋਲੋ ਅਤੇ ਟੀਮ :
30 ਲੋਡ ਪ੍ਰਤੀ ਹਫ਼ਤਾ ਮਿਡਵੈਸਟ/ਈਸਟ ਕੋਸਟ ਲਈ 2.10 ਡਾਲਰ ਤੋਂ 2.35 ਡਾਲਰ ਪ੍ਰਤੀ ਮੀਲ ਦੇ ਹਿਸਾਬ ਨਾਲ ਲਵੋ

ਮਾਹਰ ਅਤੇ ਤਜਰਬੇਕਾਰ ਡਰਾਈਵਰ
1000* ਡਾਲਰ ਬੋਨਸ
ਲੈਣ ਲਈ Sign In ਕਰੋ

*ਵਧੇਰੇ ਜਾਣਕਾਰੀ ਲਈ ਕਾਲ ਕਰੋ
ਫੋਨ : 209-827-6700 ਫੈਕਸ : 209-826-6855
Email: dispatch@frugallogistics.com



Raja™ SWEETS & CATERING®
AUTHORIZED CATERER FOR MAJOR 5-STAR HOTELS
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ™

ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।

Follow us on:
Toll Free 1-866-FOR-RAJA
www.rajasweets.com
msbains@rajasweets.com

Fresh Sweets, Snacks & Food
Catering with Portable Tandoor for up to 10000 guests
Lunch - Dinner - Take Out - Banquets

Raja™ Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111

Raja™ Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345

Call Makhan Bains or Ravinder Singh For Your Next Party
1-866-FOR-RAJA (367-7252)
www.RajaSweets.com

Items Serving:
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

Catering Services:
- Wedding Ceremonies
- Receptions
- Birthday Parties
- Religious Gatherings
- Corporate Events
- Picnics / Bar-b-que

Additional Services:
- Warmers
- Chaffing Dishes
- China & Silverware
- Linen Rental
- Waiters & Bartenders

Raja SWEETS & CATERING
Presents
PARADISE BALLROOMS
banquet hall & event center



ਹਰ ਮੌਕੇ ਜਿਵੇਂ ਵਿਆਹ ਸ਼ਾਦੀ, ਰਿਸੈਪਸ਼ਨ, ਜਨਮਦਿਨ, ਪਾਰਟੀ ਲਈ
200 ਤੋਂ 1000 ਬੰਦਿਆਂ ਦੇ ਬੈਠਣ ਅਤੇ ਖਾਣ ਲਈ ਹਾਲ ਦਾ ਇੰਤਜਾਮ ਹੈ।

# Paradise Ballrooms

4100 Peralta Blvd. Fremont, CA 94536

(510) 900-6319

info@paradiseballrooms.com www.paradiseballrooms.com

## Services Include

- Catering
- Silverware
- Chinaware
- Decorated Hall
- Linen
- Several Bar Options
- Security
- Wait Staff
- Full Setup Including table cloth, napkins, chairs etc.


SHER ROTI
SOFT SO SOFT
SHER
DURUM ATTA
DESI STYLE
20 lb
9.07 kg
SHER ATTA GHAR LAAO
WWW.SHERBRARMILLS.COM